ੴ ਸਤਿਗੁਰ ਪ੍ਰਸਾਦਿ ॥

# ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥

ਲੇਖਕ-ਭਗਤ ਪੂਰਨ ਸਿੰਘ

ਪ੍ਰਕਾਸ਼ਕ

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)**

ਅੰਮ੍ਰਿਤਸਰ ।

**ਨਵੰਬਰ 2018 ਨੂੰ ਪਹਿਲੀ ਵਾਰ ਛਪੀ 10,000**

**ਜ਼ਰੂਰੀ ਸੂਚਨਾ**

1. **ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, 1961 ਦੇ ਸੈਕਸ਼ਨ 80-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।**
2. **ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ 2000/- ਰੁਪਏ ਤਕ ਹੀ ਮਿਲ ਸਕੇਗੀ ।**

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ, ਪ੍ਰਧਾਨ**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**
ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ।

ਫ਼ੋਨ: 0183-2584586, 2584713, ਫੈਕਸ: 0183-2584586
website:www. pingalwara.org E-mail: pingalwara57@gmail.com

**ਦੁਨੀਆਂ ਵੱਲੋਂ ਮਿਲਣ ਵਾਲੇ ਪਿਆਰ-ਸਤਿਕਾਰ ਦੇ ਨਾਲ-ਨਾਲ ਦਇਆ ਦੇ ਪ੍ਰਬਲ ਸੰਸਕਾਰਾਂ ਨਾਲ ਪਲੇ ਹੋਏ ਦੀ ਮੇਰੀ ਆਪਣੀ ਵਿਦਿਆ ਦੀ ਖੋਜ ਦੇ**

# ਜੀਵਨ ਦੇ ਵਿਕਾਸ ਦੀ ਪੌੜੀ ਦੇ ਡੰਡਿਆਂ ਦੀ ਕਹਾਣੀ

**-ਭਗਤ ਪੂਰਨ ਸਿੰਘ**

**"ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥"**

**(ਅੰਗ ੧੩੨੯)**

**"ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥**
**ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥"**

**(ਅੰਗ ੧੨੪੫)**

**ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਹ ਦੋਵੇਂ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ ।**

ਮੈਂ ਸੰਨ ੧੯੨੪ ਵਿੱਚ ਦਸਵੀਂ ਜਮਾਤ ਦੇ ਦੂਜੀ ਵਾਰੀ ਦੇ ਇਮਤਿਹਾਨ ਵਿੱਚ ਫੇਲ੍ਹ ਹੋਣ ਮਗਰੋਂ ਗ਼ਰੀਬੀ ਦੇ ਕਾਰਨ ਆਪਣੀ ਪੜ੍ਹਾਈ ਛੱਡਣ ਲਈ ਮਜ਼ਬੂਰ ਹੋ ਗਿਆ ਸਾਂ । ਸਭ ਤੋਂ ਪਹਿਲੀ ਜਿਹੜੀ ਗੱਲ ਜੀਵਨ ਦੇ ਕਿੱਤੇ ਦੇ ਤੌਰ 'ਤੇ ਮੇਰੇ ਮਨ ਵਿੱਚ ਆਈ ਉਹ ਗੁਰਮਤਿ ਪ੍ਰਚਾਰ ਤੇ ਕੀਰਤਨ ਸਿੱਖਣ ਲਈ ਗੁਜਰਾਂਵਾਲੇ ਦੇ ਇਕ ਗੁਰਮਤਿ ਵਿਦਿਆਲੇ ਵਿੱਚ ਦਾਖ਼ਲ ਹੋਣ ਦੀ ਸੀ; ਪਰ ਛੇਤੀ ਹੀ ਲਾਹੌਰ ਸ਼ਹਿਰ ਦੇ ਮਿਓ ਹਸਪਤਾਲ ਵਿੱਚ ਦਾਖ਼ਿਲ ਹੋਏ ਹੋਏ ਬੇਆਸਰੇ ਰੋਗੀਆਂ ਦੇ ਬੇਆਸਰਾਪਨ ਤੇ ਸੜਕਾਂ ਦੇ ਕੰਢਿਆਂ ਉੱਤੇ ਬਿਮਾਰ ਪਏ ਰਹਿਣ ਵਾਲੇ ਬੇਆਸਰੇ ਰੋਗੀ ਬੰਦਿਆਂ ਦੀਆਂ ਝਾਕੀਆਂ ਨੇ ਮੈਨੂੰ ਕੰਪਾਊਂਡਰੀ ਦਾ ਕਿੱਤਾ ਸਿੱਖਣ ਲਈ ਪ੍ਰੇਰ ਦਿੱਤਾ, ਤਾਂ ਜੋ ਮੈਂ ਮਿਓ ਹਸਪਤਾਲ ਵਿੱਚ ਕੰਪਾਊਂਡਰ ਬਣ ਕੇ ਜਿੱਥੇ ਦਿਨ ਰਾਤ ਹਸਪਤਾਲ ਦੀਆਂ ਵਾਰਡਾਂ ਵਿੱਚ ਲੰਮੇ ਪਏ ਸੈਂਕੜੇ ਰੋਗੀਆਂ ਦੀ ਖ਼ਬਰਸਾਰ ਲੈ ਸਕਾਂ ਉੱਥੇ ਸੜਕਾਂ ਉੱਤੇ ਪਏ ਰਹਿਣ ਵਾਲੇ ਬੇਆਸਰੇ ਰੋਗੀਆਂ ਦੀ ਮਲ੍ਹਮ ਪੱਟੀ ਵੀ ਕਰ ਸਕਾਂ । ਇਸ ਗੱਲ ਨੂੰ ਸਨਮੁੱਖ ਰੱਖ ਕੇ ਮੈਂ ਸੰਨ ੧੯੨੭ ਦੇ ਫ਼ਰਵਰੀ ਮਹੀਨੇ ਦੇ ਆਰੰਭ ਵਿੱਚ ਮਿਓ ਹਸਪਤਾਲ ਵਿੱਚ ਕੰਪਾਊਂਡਰੀ ਦਾ ਕਿੱਤਾ ਸਿੱਖਣਾ ਆਰੰਭ ਕਰ ਦਿੱਤਾ । ਦੇਸ਼ ਦੀ ਸੁਤੰਤਰਤਾ ਦੀ ਤਹਿਰੀਕ ਇਸ ਸਮੇਂ ਤੋਂ ਪਹਿਲਾਂ ਦੀ ਚੱਲ ਰਹੀ ਸੀ ਤੇ ਮੈਂ ਪੰਜ ਛੇ ਸਾਲ ਪਹਿਲਾਂ ਦਾ ਉਸ ਲਹਿਰ ਦੇ ਪ੍ਰਭਾਵ ਹੇਠਾਂ ਖੰਨਾ



ਕਸਬੇ ਵਿੱਚ ਪੜ੍ਹਦਾ ਹੋਇਆ ਹੀ ਆ ਚੁੱਕਿਆ ਸਾਂ । ਇਤਫ਼ਾਕ ਅਜਿਹਾ ਹੋਇਆ ਕਿ ਲਾਹੌਰ ਸ਼ਹਿਰ ਦੀਆਂ ਗਿਣਤੀ ਦੀਆਂ ਵੱਡੀਆਂ ਲਾਇਬ੍ਰੇਰੀਆਂ ਵਿੱਚੋਂ **'ਦਿਆਲ ਸਿੰਘ ਲਾਇਬ੍ਰੇਰੀ'** ਹਸਪਤਾਲ ਦੇ ਬੂਹੇ ਅੱਗੇ ਇਕ ਇਮਾਰਤ ਵਿੱਚ ਸੀ । ਹਸਪਤਾਲ ਦੇ ਦਵਾਈਖ਼ਾਨੇ ਤੋਂ ਛੁੱਟੀ ਹੋ ਜਾਣ ਉੱਤੇ ਦਿਨ ਦੇ ਦੋ ਕੁ ਵਜੇ ਪ੍ਰਤੀ-ਦਿਨ ਮੈਂ ਉਸ ਲਾਇਬ੍ਰੇਰੀ ਵਿੱਚ ਜਾ ਵੜਿਆ ਕਰਦਾ ਸਾਂ । ਉਸ ਲਾਇਬ੍ਰੇਰੀ ਵਿੱਚ ਮੈਨੂੰ ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਪੱਤਰ **'ਯੰਗ ਇੰਡੀਆ'** ਨੂੰ ਦੇਖਣ ਦਾ ਅਵਸਰ ਮਿਲ ਗਿਆ । ਮਹਾਤਮਾ ਗਾਂਧੀ ਦੇ ਲੇਖ ਜਿਹੜੇ ਦੇਸ਼ ਦੀ ਆਰਥਿਕ ਦੁਰਦਸ਼ਾ ਬਾਰੇ ਉਸ ਅਖ਼ਬਾਰ ਵਿੱਚ ਛਪ ਰਹੇ ਸਨ, ਉਨ੍ਹਾਂ ਵਿੱਚ ਈਸਟ ਇੰਡੀਆ ਕੰਪਨੀ ਵੱਲੋਂ ਵਲਾਇਤ ਦੇ ਕਾਰਖ਼ਾਨਿਆਂ ਦੇ ਕੱਪੜੇ ਦੀ ਖੱਪਤ ਲਈ ਭਾਰਤ ਦੀ ਹੱਥ ਦੀ ਕਤਾਈ-ਬੁਣਾਈ ਦੀ ਦੇਸ਼ ਵਿਆਪਕ ਦੇਹਾਤੀ ਦਸਤਕਾਰੀ ਦੀ ਤਬਾਹੀ ਦੇ ਚਰਚੇ ਨੇ ਮੈਨੂੰ ਪੈਰਾਂ ਤੋਂ ਉਖੇੜ ਦਿੱਤਾ । ਉਹਨਾਂ ਲੇਖਾਂ ਤੋਂ ਪ੍ਰਭਾਵਿਤ ਹੋ ਕੇ ਮੈਂ ਤੁਰੰਤ ਫ਼ੈਸਲਾ ਕਰ ਲਿਆ ਕਿ ਦੇਸ਼ ਦੀ ਰਾਜਸੀ ਤੇ ਆਰਥਿਕ ਹਾਲਤ ਦੀ ਖੋਜ ਤੇ ਉਸ ਦੇ ਪ੍ਰਚਾਰ ਤੋਂ ਬਿਨਾਂ ਮੈਂ ਹੋਰ ਕੋਈ ਕੰਮ ਨਹੀਂ ਕਰਨਾ । ਮੇਰੇ ਹਿਰਦੇ ਅੰਦਰ ਦਇਆ ਤੇ ਮਨੁੱਖੀ ਪਿਆਰ ਦੇ ਅਤੀ ਪ੍ਰਬਲ ਸੰਸਕਾਰ ਮੌਜੂਦ ਸਨ ਤੇ ਉਨ੍ਹਾਂ ਦੀ ਤ੍ਰਿਪਤੀ ਏਡੇ ਵੱਡੇ ਫ਼ੈਸਲੇ ਨਾਲ ਹੀ ਮੇਰੀ ਉਸ ਚੜ੍ਹਦੀ ਜਵਾਨੀ ਵਿੱਚ ਹੋ ਸਕਦੀ ਸੀ । ਕੰਪਾਊਂਡਰੀ ਦਾ ਕੰਮ ਮੈਂ ਸਾਲ ਭਰ ਸਿੱਖਣਾ ਸੀ, ਪਰ ਅੱਠਾਂ ਮਹੀਨਿਆਂ ਵਿੱਚ ਹੀ ਉਸ ਕੰਮ ਨੂੰ ਵਿਚਕਾਰ ਛੱਡ ਕੇ ਮੈਂ ਪੂਰਨ ਤੌਰ 'ਤੇ ਹਰ ਪਲ ਦੇਸ਼ ਦੀ ਉੱਨਤੀ ਲਈ ਸੋਚਣ ਤੇ ਜੋ ਕੁਝ ਹੋ ਸਕੇ ਕਰਨ ਲਈ ਆਪਣੇ ਆਪ ਨੂੰ ਅਰਪਣ ਕਰ ਦਿੱਤਾ ।

''NEW OCCASIONS TEACH NEW DUTIES.
TIME MAKES ANCIENT GOOD UNCOUTH.
THEY MUST UPWARD STILL AND ONWARD
WHO WOULD KEEP ABREAST OF TRUTH.
LO ! BEFORE US GLEAM OUR CAMP-FIRES
WE OURSELVES MUST PILGRIMS BE,
NOR ATTEMPT THE FUTURE'S PORTAL WITH
THE PAST'S BLOOD--RUSTED KEY''.

-H. R. L0WELL

ਲਾਹੌਰ ਸ਼ਹਿਰ ਦੀਆਂ ਲਾਇਬ੍ਰੇਰੀਆਂ ਵਿੱਚ ਪੜ੍ਹ ਪੜ੍ਹ ਕੇ ਤੇ ਵਿਦਵਾਨ ਲੋਕਾਂ ਦੀ ਸੰਗਤ ਕਰ ਕਰ ਕੇ, ਆਪਣੇ ਆਪ ਨੂੰ ਸਮਾਜ ਤੇ ਦੇਸ਼ ਦੀ ਉਸਾਰੀ ਲਈ ਤਿਆਰ ਕਰਨ ਦਾ ਉਹ ਰਾਹ ਜੇਕਰ ਮੈਂ ਫੜਿਆ ਸੀ

ਤਾਂ ਕੇਵਲ ਗੁਰਦੁਆਰਾ ਡੇਹਰਾ ਸਾਹਿਬ ਦੇ ਆਸਰੇ ਹੀ ਜਿੱਥੋਂ ਮੈਨੂੰ ਪ੍ਰਸ਼ਾਦਾ, ਰਿਹਾਇਸ਼ ਆਦਿ ਦੀਆਂ ਸਹੂਲਤਾਂ ਵੀ ਮਿਲ ਰਹੀਆਂ ਸਨ ਤੇ ਪਿਆਰ ਸਤਿਕਾਰ ਵੀ ਅਨੇਕਾਂ ਸੇਵਾਦਾਰਾਂ ਤੇ ਗੁਰੂ ਘਰ ਦੀਆਂ ਸੰਗਤਾਂ ਵੱਲੋਂ ਮਿਲ ਰਿਹਾ ਸੀ । ਗੁਰਦੁਆਰੇ ਦੇ ਮਹੰਤ ਸਾਹਿਬ, ਭਾਈ ਸਾਹਿਬ ਭਾਈ ਤੇਜਾ ਸਿੰਘ ਜੀ ਜਿਹੜੇ ਤਿਆਰ-ਬਰ-ਤਿਆਰ ਸਿੰਘ ਸਨ ਤੇ ਨਾਮ ਬਾਣੀ ਦੇ ਰਸੀਏ ਸਨ, ਮੇਰੇ ਸੇਵਾ ਦੇ ਜੀਵਨ ਦੇ ਪੂਰੇ-ਪੂਰੇ ਸਰਪ੍ਰਸਤ ਬਣ ਚੁੱਕੇ ਸਨ । ਮੈਂ ਨਿੱਗਰ ਸਰੀਰ ਤੇ ਗਜ਼ਬ ਦੀ ਤਿੱਖੀ ਬੁੱਧੀ ਵਾਲੇ ੨੩ ਸਾਲ ਦੇ ਗੱਭਰੂ ਨੇ ਇਸ ਕੰਮ ਲਈ ਛਾਲ ਮਾਰੀ ਸੀ । ਹਰ ਪ੍ਰਕਾਰ ਦਾ ਗਿਆਨ ਲਾਇਬ੍ਰੇਰੀਆਂ ਤੇ ਵਿਦਵਾਨਾਂ ਤੋਂ ਪ੍ਰਾਪਤ ਕਰ ਕੇ ਉਸ ਨੂੰ ਜਨਤਾ ਤਕ ਪਹੁੰਚਾਉਣ ਦਾ ਚਾਅ ਵੀ ਓਨਾ ਹੀ ਮੇਰੇ ਹਿਰਦੇ ਵਿੱਚ ਠਾਠਾਂ ਮਾਰ ਰਿਹਾ ਸੀ ਜਿੰਨਾ ਚਾਅ ਉਸ ਗਿਆਨ ਨੂੰ ਪ੍ਰਾਪਤ ਕਰਨ ਲਈ ਮੇਰੇ ਹਿਰਦੇ ਵਿੱਚ ਸੀ ।

ਦਿਆਲ ਸਿੰਘ ਲਾਇਬ੍ਰੇਰੀ ਦੀ ਸ਼ਾਹੀ ਇਮਾਰਤ ਦੀਆਂ ਸ਼ਾਹੀ ਅਲਮਾਰੀਆਂ ਵਿੱਚ ਸੱਜੀਆਂ ਹੋਈਆਂ ਵੱਡੀਆਂ-ਵੱਡੀਆਂ ਸੁਨਹਿਰੀ ਜਿਲਦਾਂ ਵਾਲੀਆਂ ਅੰਗਰੇਜ਼ੀ ਪੁਸਤਕਾਂ ਦੀਆਂ ਪਾਲਾਂ ਨੂੰ, ਜਿਸ ਵੇਲੇ ਮੈਂ ਆਪਣੀ ਡੁਲ੍ਹ ਰਹੀ ਚੜ੍ਹਦੀ ਜਵਾਨੀ ਵਿੱਚ ਵੇਖਿਆ ਕਰਦਾ ਤਾਂ ਮੇਰੇ ਦਿਲ ਨੂੰ ਖ਼ਿਆਲ ਪੈਦਾ ਹੋਇਆ ਕਰਦਾ ਕਿ ਜਿਸ ਅਣਵੰਡੇ ਤੇ ਹੜ੍ਹ ਵਾਲੇ ਚਾਅ ਨਾਲ, ਮੈਂ ਸਮਾਜ ਤੇ ਦੇਸ਼ ਦੀ ਉਸਾਰੀ ਲਈ ਦੇਸ਼ ਵਿਦੇਸ਼ਾਂ ਦੇ ਮਾਸਿਕ-ਪੱਤਰਾਂ ਤੇ ਪੁਸਤਕਾਂ ਨੂੰ ਪੜ੍ਹ-ਪੜ੍ਹ ਕੇ ਗਿਆਨ ਪ੍ਰਾਪਤ ਕਰਨ ਦੇ ਆਹਰ ਵਿੱਚ ਜੁੱਟਿਆ ਹੋਇਆ ਹਾਂ, ਜਦੋਂ ਮੈਂ ਇਸ ਗਿਆਨ ਦੀਆਂ ਕੁਝ ਮੰਜ਼ਲਾਂ ਤੈਅ ਕਰ ਲਵਾਂਗਾ ਤਾਂ ਉਸ ਵੇਲੇ ਮਹਾਰਾਜਾ ਪਟਿਆਲਾ, ਜਿਹੜਾ ਰਾਜ ਘਰਾਣੇ ਵਿੱਚ ਜਨਮ ਲੈਣ ਦੇ ਕਾਰਣ ਮਨੁੱਖੀ ਸੱਭਿਅਤਾ ਦੇ ਗੁਣਾਂ ਤੇ ਗਹਿਣਿਆਂ ਨੂੰ ਵੱਧ ਤੋਂ ਵੱਧ ਮਾਤਰਾ ਵਿੱਚ ਧਾਰਨ ਕਰਨ ਦੀ ਸਮਰੱਥਾ ਲੈ ਕੇ ਪੈਦਾ ਹੋਇਆ ਹੈ ਤੇ ਜਿਹੜਾ ਆਪਣੀ ਰਾਜਸੀ ਸੱਤਾ ਨਾਲ ਸਮਾਜ ਵਿੱਚ ਚਮਕ ਵੀ ਰਿਹਾ ਹੈ ਉਹ ਮੇਰੇ, ਦੇਸ਼ ਤੇ ਸੰਸਾਰ ਦੇ ਅਨੇਕ ਪ੍ਰਕਾਰ ਦੇ ਮਸਲਿਆਂ ਦੇ ਲੰਬੇ ਚੌੜੇ ਗਿਆਨ ਦੇ ਝਲਕਾਰਿਆਂ ਨੂੰ ਦੇਖ ਕੇ ਮੇਰੇ ਮੂੰਹ ਵੱਲ ਤੱਕਿਆ ਕਰੇਗਾ ਤੇ ਮੈਨੂੰ ਆਪਣੇ ਆਪ ਨਾਲੋਂ ਵਧੇਰੇ ਗੁਣਾਂ, ਵਧੇਰੇ ਸ਼ਕਤੀਆਂ ਤੇ ਵਧੇਰੇ ਭਾਗਾਂ ਵਾਲਾ ਗਿਣਿਆ ਕਰੇਗਾ । ਉਸ ਵੇਲੇ ਆਪਣੇ ਹਿਰਦੇ ਵਿੱਚ ਉਹ ਇਹ ਵੀ ਸੋਚਿਆ ਕਰੇਗਾ ਕਿ ਕਿੰਨਾ ਚੰਗਾ ਹੁੰਦਾ ਜੇ ਮੇਰੀ ਚੜ੍ਹਦੀ ਜਵਾਨੀ ਤੋਂ ਵਿਦਿਆ ਦੀ ਖੋਜ ਤੋਂ ਬਿਨਾਂ ਮੇਰੇ ਦਿਲ ਵਿੱਚ ਨਾ ਕੋਈ ਦਿਲ-ਪ੍ਰਚਾਵਾ ਆਇਆ ਹੁੰਦਾ ਤੇ ਨਾ ਹੀ ਉਸ ਨੇ ਆਪਣੇ ਮਨ ਨੂੰ ਕਿਸੇ ਹੋਰ ਦਿਲ-ਪ੍ਰਚਾਵੇ ਵੱਲ ਲਾਇਆ ਹੁੰਦਾ, ਤਾਂ ਜੋ ਅੱਜ ਮੈਂ ਵੀ ਭਗਤ ਪੂਰਨ ਸਿੰਘ ਵਾਂਙ ਦੇਸ਼ ਤੇ ਦੁਨੀਆਂ ਦੇ ਮਸਲਿਆਂ ਦਾ ਗਿਆਨ ਰੱਖਦਾ ਹੋਇਆ ਜਨਤਾ ਨੂੰ ਆਪਣੇ ਗਿਆਨ ਨਾਲ ਜਗਾਉਣ



ਦੇ ਚਮਤਕਾਰ ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਦਿਖਾ ਸਕਦਾ । ਆਪਣੇ ਜਨਮ ਦੇ ਦਇਆ ਦੇ ਸੰਸਕਾਰਾਂ ਤੋਂ ਮਿਲਣ ਵਾਲੀ ਅਥਾਹ ਪ੍ਰੇਰਨਾ ਕਿ ਮੈਂ ਸੰਸਾਰ ਦੇ ਹਰ ਜੀਵ ਨੂੰ ਪੂਰੇ ਪੂਰੇ ਸੁੱਖ ਤੇ ਸ਼ਾਂਤੀ ਨਾਲ ਜੀਵਨ ਬਿਤਾਉਂਦਿਆਂ ਤੇ ਹਰ ਪੱਖ ਤੋਂ ਉੱਨਤ ਹੁੰਦਿਆਂ ਹੋਇਆਂ ਵੇਖ ਸਕਾਂ । ਮੈਂ ਪ੍ਰਾਣੀ-ਮਾਤਰ ਦੇ ਦੁੱਖਾਂ-ਸੁੱਖਾਂ ਨਾਲ ਸੰਬੰਧ ਰੱਖਣ ਵਾਲੇ ਹਰ ਮਸਲੇ ਦੀ ਖੋਜ ਲਈ ਬੇਚੈਨ ਤੇ ਵਿਆਕੁਲ ਹੋਇਆ ਰਹਿੰਦਾ ਸਾਂ । ਆਪਣੀ ਬੁੱਧੀ ਦੇ ਇਸ ਢੰਗ ਨਾਲ ਅਗਾਂਹ ਵਧ ਰਹੇ ਵੰਨ-ਸੁਵੰਨੇ ਵਿਸ਼ਿਆਂ ਦੇ ਗਿਆਨ ਨਾਲ ਜਿਹੜੀ ਮਸਤੀ ਮੇਰੇ ਹਿਰਦੇ ਨੂੰ ਹਰ ਵੇਲੇ ਆਪਣੇ ਆਪ ਨਾਲ ਭਰਪੂਰ ਰੱਖਿਆ ਕਰਦੀ ਸੀ ਉਸ ਦਾ ਵਰਣਨ ਸ਼ਬਦਾਂ ਨਾਲ ਨਹੀਂ ਕੀਤਾ ਜਾ ਸਕਦਾ । ਆਪਣੇ ਆਉਣ ਵਾਲੇ ਜੀਵਨ ਲਈ ਜਨਤਾ ਦੀ ਵਾਹ ਵਾਹ ਤੋਂ ਪੈਦਾ ਹੋਣ ਵਾਲੇ ਆਪਣੇ ਕਲਪਿਤ ਰਾਜ ਦੇ ਸੁਪਨਿਆਂ ਵਿੱਚ ਜਦੋਂ ਕਦੇ ਮੈਂ ਇੰਗਲਸਤਾਨ ਦੇ ਇਤਿਹਾਸ ਦੇ ਪ੍ਰਸਿੱਧ ਵਿਦਵਾਨ ਮੈਕਾਲੇ ਦੇ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਲਿਆ ਕਰਦਾ ਕਿ ਜੇਕਰ ਰੱਬ ਮੇਰੇ ਅੱਗੇ ਹੇਠ ਲਿਖੀਆਂ ਦੋ ਸ਼ਰਤਾਂ ਰੱਖੇ :-

"ਇਕ ਇਹ ਕਿ ਜੇਕਰ ਤੂੰ ਪੜ੍ਹਨਾ ਛੱਡ ਦੇਵੇਂ ਤਾਂ ਮੈਂ ਤੈਨੂੰ ਸਾਰੀ ਦੁਨੀਆਂ ਦਾ ਰਾਜ ਭਾਗ ਦੇ ਸਕਦਾ ਹਾਂ; ਪਰ ਜੇਕਰ ਤੂੰ ਪੜ੍ਹਨਾ ਨਾ ਛੱਡੇਂ ਤਾਂ ਤੈਨੂੰ ਆਪਣੀ ਸਾਰੀ ਉਮਰ ਭਰ ਕੰਗਾਲੀ ਵਿੱਚ ਦਿਨ ਕੱਟਣੇ ਪੈਣਗੇ, ਤਾਂ ਮੈਂ ਹੇਠਲੀ ਗੱਲ ਹੀ ਪ੍ਰਵਾਨ ਕਰਾਂਗਾ ਤੇ ਪੜ੍ਹਨਾ ਨਹੀਂ ਛੱਡ ਸਕਾਂਗਾ," ਤਾਂ ਮੈਨੂੰ ਵੀ ਮੈਕਾਲੇ ਦੇ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਆਪਣੀ ਉਸ ਵੇਲੇ ਦੀ ਕੰਗਾਲੀ ਤੇ ਭੁੱਖ ਨੰਗ ਦਾ ਸਾਰਾ ਦੁੱਖ ਯਾਦ ਆ ਜਾਇਆ ਕਰਦਾ ਸੀ । ਮੇਰਾ ਮਨ ਜਿੱਥੇ ਮੈਨੂੰ ਇਹ ਅਹਿਸਾਸ ਦਿੱਤਾ ਕਰਦਾ ਸੀ ਕਿ ਹੋਰਨਾਂ ਨੂੰ ਦੁੱਖਾਂ ਦੇ ਮਾਰਗ ਤੋਂ ਹਟਾ ਕੇ ਸੁੱਖਾਂ ਤੇ ਉੱਨਤੀ ਦੇ ਮਾਰਗ ਉੱਤੇ ਪਾਉਣਾ ਹੀ ਜੀਵਨ ਨੂੰ ਪ੍ਰਫੁੱਲਿਤ ਕਰਨ ਦਾ ਮਾਰਗ ਹੈ ਉੱਥੇ ਮੇਰਾ ਮਨ ਸੁਤੇ-ਸਿੱਧ ਇਹ ਵੀ ਅਨੁਭਵ ਕਰਿਆ ਕਰਦਾ ਸੀ ਕਿ ਇਕ ਗ਼ੈਰ-ਮੁਲਕੀ ਰਾਜ ਦੀ ਰਾਜਸੀ ਧੱਕੇਸ਼ਾਹੀ ਨਾਲ ਕੰਗਾਲ ਬਣ ਰਹੇ ਦੇਸ਼ ਨੂੰ ਉੱਚਾ ਉਠਾਉਣ ਲਈ ਆਪਣਾ ਪੂਰਾ-ਪੂਰਾ ਤਾਣ ਨਾ ਲਾਉਣਾ ਕਾਇਰਤਾ ਦਾ ਸਬੂਤ ਦੇਣਾ ਹੈ । ਮੇਰੇ ਮਨ ਨੂੰ ਇਹ ਵੀ ਆਪਣੇ ਆਪ ਸੁੱਝਿਆ ਕਰਦਾ ਸੀ ਕਿ ਦੇਸ਼ ਵਿੱਚ ਚਾਰੇ ਪਾਸੇ ਖਿੱਲਰੀ ਹੋਈ ਕੰਗਾਲੀ ਤੋਂ ਨਿਰਾਸਤਾ ਵਿੱਚ ਬਿਤਾਇਆ ਗਿਆ ਜੀਵਨ ਨਾ ਰੱਜਿਆ ਪੁੱਜਿਆ ਜੀਵਨ ਹੋ ਸਕੇਗਾ ਤੇ ਨਾ ਹੀ ਚੜ੍ਹਦੀ ਕਲਾ ਵਾਲਾ ਜੀਵਨ ਹੀ । ਗੁਰਦੁਆਰਾ ਡੇਹਰਾ ਸਾਹਿਬ ਦਾ ਸਭ ਦਾ ਸਾਂਝਾ ਘਰ ਜਿਸ ਵਿੱਚ ਮੈਂ ਅਨੇਕਾਂ ਪੱਖਾਂ ਤੋਂ ਉੱਚੇ ਦਰਜੇ ਦੇ ਜੀਵਨ ਨੂੰ ਬਿਤਾਅ ਰਿਹਾ ਸਾਂ, ਮੇਰੇ ਸਰਬੱਤ ਦੇ ਭਲੇ ਲਈ ਜਿਊਣ ਦੇ ਭਾਵਾਂ ਨੂੰ ਆਪਣੀ ਸਰਬਸਾਂਝ ਦੀ ਰੱਬੀ ਪ੍ਰੇਰਨਾ ਨਾਲ ਦਿਨ-ਪ੍ਰਤੀ-ਦਿਨ ਵੱਧ ਤੋਂ ਵੱਧ ਪ੍ਰਪੱਕਤਾ ਦੇ ਰਿਹਾ ਸੀ । ਅੱਜ ਜਦੋਂ ਮੈਂ ੪੨ ਸਾਲ ਪਿੱਛੇ ਮੁੜ

ਕੇ ਆਪਣੇ ਜੀਵਨ 'ਤੇ ਝਾਤੀ ਮਾਰਦਾ ਹਾਂ ਤਾਂ ਦੇਖਦਾ ਹਾਂ ਕਿ ਮਹਾਰਾਜਾ ਪਟਿਆਲਾ ਸਣੇ ਦੇਸ਼ ਦੇ ਸਾਰੇ ਰਾਜੇ ਮਹਾਰਾਜੇ ਆਪਣੇ ਰਾਜਾਂ ਤੋਂ ਹੱਥ ਧੋ ਬੈਠੇ ਹਨ; ਪਰ ਮੇਰੇ ਨਿੱਤ ਨਵੇਂ ਦੇਸ਼ ਤੇ ਦੁਨੀਆਂ ਨੂੰ ਹਰ ਪੱਖ ਤੋਂ ਜਗਾਉਣ ਵਾਲੇ ਤੇ ਘਰ-ਘਰ ਪੁੱਜਣ ਵਾਲੇ ਇਸ਼ਤਿਹਾਰਾਂ ਨਾਲ ਘਰ-ਘਰ ਵਿੱਚ ਮੇਰਾ ਰਾਜ ਕਾਇਮ ਹੋ ਰਿਹਾ ਹੈ । ਅੱਜ ਮਹਾਰਾਜਾ ਪਟਿਆਲਾ ਦੇਸ਼ ਤੇ ਦੁਨੀਆਂ ਨੂੰ ਜਗਾਉਣ ਲਈ ਜੇਕਰ ਆਪਣੇ ਮਨ ਦਾ ਸੰਤੋਖ ਪ੍ਰਾਪਤ ਕਰ ਸਕਦਾ ਹੁੰਦਾ ਤਾਂ ਮੈਨੂੰ ਆਪਣੇ ਇਸ਼ਤਿਹਾਰਾਂ ਨੂੰ ਛਾਪਣ ਲਈ ਆਪਣਾ ਸਭ ਕੁਝ ਦੇ ਕੇ ਹੀ । ਦੇਸ਼ ਦੇ ਸਾਰੇ ਰਾਜਿਆਂ ਵਿੱਚੋਂ ਨਾ ਕੋਈ ਰਾਜਾ ਮੇਰੇ ਵਾਂਙ ਅਨੇਕਾਂ ਵਿਸ਼ਿਆਂ 'ਤੇ ਲੇਖ ਲਿਖ ਸਕਦਾ ਹੈ ਤੇ ਨਾ ਹੀ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਛਪੇ ਹੋਏ ਲੇਖਾਂ ਨੂੰ ਇਸ਼ਤਿਹਾਰਾਂ ਦੇ ਰੂਪ ਵਿੱਚ ਛਾਪ-ਛਾਪ ਕੇ ਉਨ੍ਹਾਂ ਦੀ ਛਾਂਟੀ ਹੀ ਮੇਰੇ ਵਾਂਙ ਕਰ ਸਕਦਾ ਹੈ ।

ਇੰਗਲਿਸ਼ਤਾਨ ਦੇ ਪ੍ਰਸਿੱਧ ਲੇਖਕ ਸੈਮੂਅਲ (**Samuel**) ਦੇ ਉਹ ਸ਼ਬਦ ਆਪਣੇ ਸਾਹਮਣੇ ਵਿਖਿਆਨ ਕੀਤੇ ਹੋਏ ਨਜ਼ਰ ਆ ਰਹੇ ਹਨ ਜਿਹੜੇ ਉਸ ਨੇ ਅਮੀਰ ਘਰਾਂ ਵਿੱਚ ਜੰਮਣ ਵਾਲੇ ਪੁੱਤਰ ਧੀਆਂ ਵਿੱਚ ਆਪਣੇ ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿੱਚ ਆਖੇ ਸਨ '**Many a genius is burried under the debris of riches.**' ਅਰਥਾਤ—"ਅਨੇਕਾਂ ਅਪੂਰਵ ਬੁੱਧੀ ਵਾਲੇ ਬੰਦੇ ਅਮੀਰੀ ਦੇ ਬਣੇ ਮਕਾਨ ਦੇ ਮਲਬੇ ਹੇਠਾਂ ਦੱਬੇ ਹੋਏ ਹਨ ।" ਆਪਣੇ ਇਹਨਾਂ ਸ਼ਬਦਾਂ ਦੀ ਵਿਆਖਿਆ ਉਸ ਨੇ ਇਹ ਕੀਤੀ ਸੀ ਕਿ ਇਕ ਅਮੀਰ ਲੜਕੇ ਦੇ ਪਾਸ ਆਪਣੇ ਆਲੇ ਦੁਆਲੇ ਦੇ ਲੋਕਾਂ ਪਾਸੋਂ ਵਾਹ-ਵਾਹ ਲੈਣ ਲਈ ਇਤਨੀਆਂ ਵਸਤਾਂ ਹੋਇਆ ਕਰਦੀਆਂ ਹਨ ਕਿ ਉਸ ਨੂੰ ਇਕੱਲੀ-ਇਕੱਲੀ ਵਸਤ ਨੂੰ ਦੇਖ ਕੇ ਲੋਕੀਂ ਉਸ ਵੱਲ ਆਪਣੀ ਪ੍ਰਸ਼ੰਸਾ ਭਰੀ ਹੈਰਾਨੀ ਨਾਲ ਤੱਕਿਆ ਕਰਦੇ ਹਨ ਤੇ ਉਹ ਲੋਕਾਂ ਵੱਲੋਂ ਮਿਲਣ ਵਾਲੀ (ਆਪਣੀਆਂ ਵੱਡਮੁੱਲੀਆਂ ਚੀਜ਼ਾਂ ਦੀ) ਵਡਿਆਈ ਤੋਂ ਏਨਾ ਭੁਲੇਖੇ ਵਿੱਚ ਪੈ ਜਾਇਆ ਕਰਦਾ ਹੈ ਕਿ ਉਸ ਨੂੰ ਆਪਣੇ ਕਿਸੇ ਨਿੱਜੀ ਗੁਣ ਨੂੰ ਪੈਦਾ ਕਰਨ ਜਾਂ ਪ੍ਰਫੁੱਲਿਤ ਕਰਨ ਦਾ ਖ਼ਿਆਲ ਹੀ ਨਹੀਂ ਆਇਆ ਕਰਦਾ । ਪਰ ਉਸ ਦੇ ਮੁਕਾਬਲੇ ਵਿੱਚ ਇਕ ਗ਼ਰੀਬ ਘਰ ਵਿੱਚ ਜੰਮੇ ਹੋਏ ਇਕ ਲੜਕੇ ਪਾਸ ਆਪਣੇ ਘਰ ਤੋਂ ਮਿਲਣ ਵਾਲੀਆਂ ਵਸਤਾਂ ਇਤਨੀਆਂ ਥੋੜ੍ਹੀਆਂ ਤੇ ਸਾਧਾਰਣ ਹੁੰਦੀਆਂ ਹਨ ਕਿ ਜਨਤਾ ਵਿੱਚੋਂ ਕੋਈ ਵੀ ਉਨ੍ਹਾਂ ਵਸਤਾਂ ਵੱਲ ਨਾ ਹੈਰਾਨੀ ਨਾਲ ਤੱਕਿਆ ਕਰਦਾ ਹੈ ਤੇ ਨਾ ਹੀ ਪ੍ਰਸ਼ੰਸਾ ਨਾਲ—ਤੇ ਉਹ ਲੜਕਾ ਜੇਕਰ ਜਨਤਾ ਤੋਂ ਕਿਸੇ ਪ੍ਰਕਾਰ ਦੀ ਕੋਈ ਵਡਿਆਈ ਲੈਣ ਦਾ ਖ਼ਿਆਲ ਕਰ ਸਕਿਆ ਕਰਦਾ ਹੈ ਤਾਂ ਆਪਣੇ ਅੰਦਰ ਕਿਸੇ ਵਡਿਆਈ ਦੇ ਗੁਣ ਨੂੰ ਪੈਦਾ ਕਰਕੇ ਤੇ ਪ੍ਰਫੁੱਲਿਤ ਕਰਕੇ ਹੀ । ਲਾਹੌਰ ਸ਼ਹਿਰ ਵਿੱਚ ਮੈਂ ਜੋ ਗ਼ਰੀਬੀ ਦਾ



ਜੀਵਨ ਕੱਟਿਆ ਉਸ ਵਿੱਚ ਹੋਰ ਤਾਂ ਕਿਸ ਦਾ ਵਿਚਾਰਾ ਕੁਝ ਸਾਲਾਂ ਦੀ ਰੋਟੀ ਦੀ ਭੁੱਖ ਵੀ ਸ਼ਾਮਲ ਸੀ । ਗੁਰਦੁਆਰੇ ਵਿੱਚ ਵੱਡੀ ਜਗ੍ਹਾ ਘੱਟ ਹੋਣ ਦੇ ਕਾਰਣ ਮੈਂ ਡਿਓਢੀਆਂ, ਬੂਹਿਆਂ ਤੇ ਲਾਂਘਿਆਂ ਦੀਆਂ ਥਾਵਾਂ ਉੱਤੇ ਭੁੰਜੇ ਹੀ ਸੌਂਦਾ ਰਿਹਾ; ਪਰ ਉਸ ਸ਼ਹਿਰ ਦੀਆਂ ਲਾਇਬ੍ਰੇਰੀਆਂ ਤੋਂ ਹੋਣ ਵਾਲੀ ਮੇਰੀ ਪੜ੍ਹਾਈ ਮੈਨੂੰ ਗਿਆਨ ਦੇ ਆਕਾਸ਼ ਵਿੱਚ ਉਡਾਉਣ ਲਈ ਨਿੱਤ ਨਵੇਂ ਸੂਰਜ ਮੈਨੂੰ ਨਵੇਂ ਤੋਂ ਨਵਾਂ ਖੰਭ ਲਾ ਰਹੀ ਸੀ—ਤੇ ਮੈਨੂੰ ਆਪਣੇ ਦਿਨ-ਪ੍ਰਤੀ-ਦਿਨ ਦੇ ਵਧ ਰਹੇ ਗਿਆਨ ਨਾਲ ਮਸਤੀ ਚੜ੍ਹ ਰਹੀ ਸੀ । ਮੇਰੇ ਉਸ ਗਿਆਨ ਨਾਲ ਮੇਰੇ ਮਿੱਤਰਾਂ ਦਾ ਘੇਰਾ ਵਧ ਰਿਹਾ ਸੀ, ਜਿਸ ਘੇਰੇ ਵਿੱਚ ਸਮਾਜ ਦੇ ਉੱਚੇ ਤੋਂ ਉੱਚੇ ਦਰਜੇ ਦੇ ਬੰਦੇ ਸ਼ਾਮਲ ਹੋ ਰਹੇ ਸਨ । ਉਹ ਘੇਰਾ ਵੀ ਮੇਰੀ ਦਿਨ-ਪ੍ਰਤੀ-ਦਿਨ ਵਧ ਰਹੀ ਸ਼ਕਤੀ ਦਾ ਸੂਚਕ ਸੀ । ਲਾਜਪਤ ਰਾਏ ਹਾਲ ਵਿੱਚ ਹੋਈ ਸਾਰੇ ਕਾਲਜਾਂ ਦੇ ਮੁੰਡਿਆਂ ਦੀ ਇਕੱਤਰਤਾ ਜਿਸ ਦਾ ਮਜ਼ਮੂਨ ਸੀ "**ਕੀ ਅੱਜਕੱਲ੍ਹ ਦਾ ਗੱਭਰੂ ਪਹਿਲੇ ਜ਼ਮਾਨੇ ਦੇ ਗੱਭਰੂ ਨਾਲੋਂ ਵਧੀਆ ਦਰਜੇ ਦਾ ਹੈ?**" ਤੇ ਜਿਸ ਇਕੱਤਰਤਾ ਵਿੱਚ ਮੈਂ ਆਪਣੀ ਵਿਦਿਆ ਦੀ ਖੋਜ ਦੇ ਹੈਰਾਨ ਕਰਨ ਵਾਲੇ ਜ਼ੌਹਰ ਦਿਖਾਏ ਸਨ ਉਸ ਵਿੱਚ ਕਾਲਜਾਂ ਦੇ ਪ੍ਰੋਫ਼ੈਸਰ ਤੇ ਵਿਦਿਆਰਥੀ ਮਜ਼ਮੂਨ ਦੇ ਹੱਕ ਵਿੱਚ ਮੇਰੀਆਂ ਦਲੀਲਾਂ ਨੂੰ ਸੁਣ ਕੇ ਮੇਰੇ ਮੂੰਹ ਵੱਲ ਤੱਕਦੇ ਰਹਿ ਗਏ ਸਨ । ਉਹ ਸਭ ਗੱਲਾਂ ਮੈਨੂੰ ਆਪਣੀ ਪੜ੍ਹਾਈ ਦੀ ਅਥਾਹ ਲਗਨ ਨੂੰ ਜਾਰੀ ਰੱਖਣ ਲਈ ਪ੍ਰੇਰਦੀਆਂ ਸਨ । ਲਾਹੌਰ 'ਚ ਜਦ ਮੈਂ ਪੁੱਜਿਆ ਤਾਂ ਮੇਰੀ ਨਿਗਾਹ ਇਕ ਰਾਜੇ ਦੇ ਪੁੱਤਰ ਉੱਤੇ ਪੈ ਗਈ । ਇਤਫ਼ਾਕ ਅਜਿਹਾ ਹੋਇਆ ਕਿ ਉਹ ਰਾਜਾ ਤੇ ਉਸ ਦਾ ਉਹ ਇਕੋ ਇਕ ਪੁੱਤਰ ਦੋਵੇਂ ਜਣੇ ਮੇਰੇ ਬੇਲੀ ਬਣ ਗਏ ਸਨ । ਰਾਜੇ ਦਾ ਪੁੱਤਰ ਬੈਰਿਸਟਰੀ ਪਾਸ ਸੀ ਤੇ ਗੌਰਮਿੰਟ ਕਾਲਜ ਵਿੱਚ ਪ੍ਰੋਫ਼ੈਸਰ ਲੱਗਾ ਹੋਇਆ ਸੀ । ਉਸ ਰਾਜੇ ਦਾ ਪੁੱਤਰ ਜਿਹੜਾ ਪੰਜਾਬ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਵੀ ਰਹਿ ਚੁੱਕਿਆ ਹੈ । ਦਿੱਲੀ ਸ਼ਹਿਰ ਵਿੱਚ ਪਿੰਗਲਵਾੜੇ ਦੇ ਸੇਵਾਦਾਰਾਂ ਪਾਸੋਂ ਮੇਰੇ ਛਪੇ ਹੋਏ ਨਵੇਂ ਅੰਗਰੇਜ਼ੀ ਦੇ ਇਸ਼ਤਿਹਾਰਾਂ ਨੂੰ ਪੜ੍ਹ ਕੇ ਇਹ ਆਖਿਆ ਕਰਦਾ ਹੈ ਕਿ ਲਾਹੌਰ ਸ਼ਹਿਰ ਵਿੱਚ ਤਾਂ ਮੈਂ ਭਗਤ ਪੂਰਨ ਸਿੰਘ ਦੇ ਇਕ ਲਾਵਾਰਸ ਲੂਲ੍ਹੇ ਬੱਚੇ ਨੂੰ ਪਾਲਣ ਵਰਗੇ ਉਸ ਦੇ ਕਾਰਜਾਂ ਨੂੰ ਵੇਖ ਕੇ ਹੀ ਹੈਰਾਨ ਹੋਇਆ ਕਰਦਾ ਸਾਂ; ਪਰ ਹੁਣ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਕਿ ਉਹ ਵਿਦਿਆ ਦੀ ਪੂੰਜੀ ਵਿੱਚ ਉੱਥੇ ਪੁੱਜ ਜਾਏਗਾ ਜਿੱਥੇ ਉਹ ਅੱਜ ਪੁੱਜ ਚੁੱਕਿਆ ਹੈ ।

**ਵੀਹ ਸਾਲਾਂ ਦੀ ਚੜ੍ਹਦੀ ਜਵਾਨੀ ਦੀ ਉਮਰ ਤੋਂ ੧੮ ਅਗਸਤ ੧੯੪੭ ਤਕ, ੪੩ ਸਾਲ ਦੀ ਉਮਰ ਤਕ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਵਿੱਚ ਲੰਘੇ ਹੋਏ**

# ਮੇਰੇ ਜੀਵਨ ਦੀਆਂ ਕਹਾਣੀਆਂ ਵਿੱਚੋਂ

**-ਭਗਤ ਪੂਰਨ ਸਿੰਘ**

ਮੈਂ ਆਪਣੇ ਲੇਖਾਂ ਵਿੱਚ ਦੱਸਿਆ ਹੈ ਕਿ ਲੂਲ੍ਹਾ ਬੱਚਾ ਕੇਵਲ ਚਾਰ ਕੁ ਸਾਲਾਂ ਦਾ ਸੀ । ਉਹ ਨਾ ਤਾਂ ਪਿਸ਼ਾਬ ਹੀ ਆਪਣੇ ਆਪ ਕਰ ਸਕਦਾ ਸੀ ਅਤੇ ਨਾ ਟੱਟੀ ਹੀ ਆਪਣੇ ਆਪ ਤੋਂ ਕਰ ਸਕਦਾ ਸੀ । ਉਸ ਨੂੰ ਚੁੱਕ ਕੇ ਹੀ ਟੱਟੀ ਕਰਾਣੀ ਪੈਂਦੀ ਸੀ । ਧਰਤੀ 'ਤੇ ਬੈਠਾ ਹੋਇਆ ਉਹ ਟੱਟੀ ਆਪਣੇ ਆਪ ਤਾਂ ਫਿਰ ਸਕਦਾ ਸੀ, ਪਰ ਜਦ ਉਹ ਬੈਠਦਾ ਸੀ ਤਾਂ ਉਸ ਦੇ ਦੋਵੇਂ ਪੈਰ ਪਿਛਲੇ ਪਾਸੇ ਨੂੰ ਮੁੜ ਜਾਂਦੇ ਸਨ ਤੇ ਉਂਗਲੀਆਂ ਤੋਂ ਇਕ ਦੂਜੇ ਨਾਲ ਜੁੜ ਜਾਂਦੇ ਸਨ । ਟੱਟੀ ਤਾਂ ਕੋਈ ਆਪਣੇ ਆਪ ਫਿਰੇ ਜਾਂ ਨਾ ਫਿਰੇ ਉਹ ਤਾਂ ਅੰਦਰ ਬਹੁਤਾ ਚਿਰ ਡੱਕੀ ਨਹੀਂ ਜਾ ਸਕਦੀ ।

ਉਸ ਨੇ ਆਪਣੇ ਆਪ ਹੀ ਬਾਹਰ ਆ ਜਾਣਾ ਹੁੰਦਾ ਹੈ ਅਤੇ ਨਾ ਹੀ ਪਿਸ਼ਾਬ ਬਹੁਤੀ ਦੇਰ ਅੰਦਰ ਰੋਕਿਆ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਦੋਹਾਂ ਨੂੰ ਰੋਕ ਕੇ ਬੰਦਾ ਬਹੁਤ ਦੁਖੀ ਹੁੰਦਾ ਹੈ । ਉਨ੍ਹਾਂ ਨੂੰ ਰੋਕਣ ਨਾਲ ਅਜਿਹੀ ਬਿਮਾਰੀ ਲੱਗਦੀ ਹੈ ਜਿਸ ਦਾ ਇਲਾਜ ਨਹੀਂ ਹੁੰਦਾ । ਉਹ ਬੱਚਾ ਗੂੰਗਾ ਸੀ, ਜਦੋਂ ਉਸ ਨੂੰ ਟੱਟੀ ਜਾਂ ਪਿਸ਼ਾਬ ਆਉਂਦਾ ਸੀ ਤਾਂ ਮੂੰਹ ਤੋਂ ਬੋਲ ਕੇ ਉਹ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਟੱਟੀ ਆਈ ਹੈ ਜਾਂ ਪਿਸ਼ਾਬ ਆਇਆ ਹੈ । ਜਦ ਮੈਂ ਉਸ ਦੇ ਪਾਸ ਬੈਠਾ ਹੁੰਦਾ ਤਾਂ ਬੱਚਾ ਦੁੱਖ ਪ੍ਰਗਟ ਕਰਨ ਵਾਲੀ ਆਵਾਜ਼ ਕੱਢਦਾ । ਜੇ ਟੱਟੀ ਆਈ ਹੁੰਦੀ ਤਾਂ ਪਿਛਲੇ ਪਾਸੇ ਹੱਥ ਦੇ ਨਾਲ ਇਸ਼ਾਰਾ ਕਰਦਾ ਤੇ ਜੇ ਪਿਸ਼ਾਬ ਆਇਆ ਹੁੰਦਾ ਤਾਂ ਪਿਸ਼ਾਬ ਵਾਲੇ ਥਾਂ 'ਤੇ ਹੱਥ ਲਾ ਕੇ ਇਸ਼ਾਰਾ ਕਰਦਾ । ਜਦ ਮੈਂ ਉਸ ਦੇ ਪਾਸ ਨਾ ਹੁੰਦਾ ਤਾਂ ਉਹ ਆਪਣੀ ਇੰਦਰੀ ਨੂੰ ਫੜ ਕੇ ਪਿਸ਼ਾਬ ਤੇ ਟੱਟੀ ਰੋਕਣ ਦਾ ਯਤਨ ਕਰਦਾ ਤੇ ਜਿੰਨਾ ਚਿਰ ਇਨ੍ਹਾਂ ਨੂੰ ਦੁਖੀ ਹੁੰਦਾ ਹੋਇਆ ਰੋਕ ਸਕਦਾ ਰੋਕਦਾ । ਜੇ ਮੈਂ ਛੇਤੀ ਉਸ ਦੇ ਪਾਸ ਨਾ ਆਉਂਦਾ ਤਾਂ ਟੱਟੀ ਨਿਕਲ ਜਾਣੀ ਹੀ ਹੁੰਦੀ ਸੀ । ਗਰਮੀਆਂ ਵਿੱਚ ਤਾਂ ਉਸ ਦਾ ਸਾਰਾ ਸਰੀਰ ਨੰਗਾ ਰੱਖਿਆ ਜਾਂਦਾ ਸੀ; ਕਿਉਂਕਿ ਉਸ ਨੇ ਧਰਤੀ 'ਤੇ ਬੈਠਣਾ ਹੁੰਦਾ ਸੀ ਤੇ ਧਰਤੀ 'ਤੇ ਬੈਠਿਆ ਹੋਇਆ ਮਿੱਟੀ ਨਾਲ ਉਹ ਖੇਡਦਾ ਰਿਹਾ ਕਰਦਾ ਸੀ, ਜਿਸ ਕਾਰਨ ਪਜਾਮੇ ਨੇ ਮਿੱਟੀ ਨਾਲ ਲਿਬੜਨਾ ਹੁੰਦਾ ਸੀ ।



ਸੋ, ਉਸ ਨੂੰ ਮੈਂ ਕਦੇ ਪਜਾਮਾ ਜਾਂ ਕਛਹਿਰਾ ਨਹੀਂ ਪਹਿਨਾਉਂਦਾ ਹੁੰਦਾ ਸੀ । ਜਦੋਂ ਉਸ ਨੂੰ ਖੜ੍ਹਾ ਕੀਤਾ ਜਾਂਦਾ ਸੀ ਤਾਂ ਉਸ ਦੀ ਇਕ ਲੱਤ ਪੱਟ ਦੇ ਉੱਤੋਂ ਦੀ ਹੁੰਦੀ ਹੋਈ ਦੂਜੀ ਲੱਤ 'ਤੇ ਚੜ੍ਹ ਜਾਂਦੀ ਸੀ ਤੇ ਜ਼ੋਰ ਲਾ ਕੇ ਉਹ ਦੂਜੀ ਲੱਤ ਦੇ ਉੱਤੋਂ ਲਾਹੁਣੀ ਪੈਂਦੀ ਸੀ ।

ਸੰਨ ੧੯੩੪ ਦੀਆਂ ਸਰਦੀਆਂ ਵਿੱਚ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਲੂਲ੍ਹੇ ਨੂੰ ਲਾਵਾਰਸੀ ਦੀ ਹਾਲਤ ਵਿੱਚ ਗੁਰਦੁਆਰੇ ਦੇ ਬਾਹਰ ਛੱਡ ਦਿੱਤਾ ਗਿਆ ਸੀ । ੧੮ ਅਗਸਤ ੧੯੪੭ ਤਕ ਮੈਂ ਲਾਹੌਰ ਸ਼ਹਿਰ ਵਿੱਚ ਰਿਹਾ ਸਾਂ । ਇਹ ਸਾਰਾ ਸਮਾਂ ਮੇਰਾ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਗੁਜ਼ਰਿਆ ਸਮਝਿਆ ਜਾਣਾ ਚਾਹੀਦਾ ਹੈ; ਕਿਉਂਕਿ ੨੪ ਸਾਲ ਦੇ ਸਮੇਂ ਵਿੱਚ ਮੈਂ ਪਿਛਲੇ ਤਿੰਨ ਸਾਲ ਸ਼ਹੀਦ ਭਾਈ ਮਨੀ ਸਿੰਘ ਦੇ ਸ਼ਹੀਦ ਗੰਜ ਦੇ ਬੂਹੇ ਅੱਗੇ ਧਰਤੀ 'ਤੇ ਕੱਟੇ ਸਨ । ਬਾਕੀ ਦਾ ਸਾਰਾ ਸਮਾਂ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਲੰਘਿਆ । ਪਿਛਲੇ ਤਿੰਨਾਂ ਸਾਲਾਂ ਦੀ ਜਲਾਵਤਨੀ ਦੀ ਕਹਾਣੀ ਵੀ ਦੱਸੀ ਜਾਣ ਵਾਲੀ ਹੈ ਤੇ ਸਿੱਖ-ਪੰਥ ਦੇ ਇਤਿਹਾਸ ਵਿੱਚ ਥਾਂ ਰੱਖਣ ਵਾਲੀ ਹੈ । ਬੱਚੇ ਨੇ ਸਵੇਰੇ ਉੱਠਦਿਆਂ ਹੀ ਰੋਟੀ ਮੰਗਣੀ ਹੁੰਦੀ ਸੀ, ਪਰ ਗੁਰਦੁਆਰਾ ਡੇਹਰਾ ਸਾਹਿਬ ਦਾ ਲੰਗਰ ਦਿਨ ਦੇ ੧੧ ਵਜੇ ਵਰਤਣਾ ਹੁੰਦਾ ਸੀ । ਬੱਚਾ ਗਿਆਰਾਂ ਵਜੇ ਤਕ ਭੁੱਖਾ ਨਹੀਂ ਸੀ ਰੱਖਿਆ ਜਾ ਸਕਦਾ । ਜਦੋਂ ਲੂਲ੍ਹਾ ਆਇਆ ਸੀ ਤਾਂ ਉਸ ਵੇਲੇ ਮੇਰੀ ਇਕੋ ਡਿਊਟੀ ਸਾਈਕਲਾਂ ਦੀ ਰਾਖੀ ਦੀ ਹੁੰਦੀ ਸੀ । ਇਹ ਡਿਊਟੀ ਸਵੇਰ ਵੇਲੇ ਨੌਂ ਵਜੇ ਸਮਾਪਤ ਹੁੰਦੀ ਸੀ । ਸਾਈਕਲ ਦਸ ਪੰਦਰਾਂ ਹੀ ਰੋਜ਼ ਦੇ ਆਉਂਦੇ ਸਨ ਤੇ ਖੜ੍ਹੇ ਹੋ ਕੇ ਡਿਊਟੀ ਦੇਣ ਦੀ ਲੋੜ ਨਹੀਂ ਹੁੰਦੀ ਸੀ । ਬੈਠ ਕੇ ਹੀ ਕੰਮ ਹੋ ਜਾਂਦਾ ਸੀ । ਸਿਆਲ ਵਿੱਚ ਲੂਲ੍ਹਾ ਮੇਰੇ ਪੱਟਾਂ ਵਿੱਚ ਪਿਆ ਰਹਿੰਦਾ ਸੀ । ਮੇਰੇ ਕੋਲ ਇਕ ਰਜ਼ਾਈ ਹੁੰਦੀ ਸੀ । ਸਵੇਰ ਦੇ ੯ ਵਜੇ ਵਿਹਲਾ ਹੋ ਕੇ ਮੈਂ ਨਾਲ ਦੇ ਮੁਹੱਲੇ ਵਿੱਚ ਲੂਲ੍ਹੇ ਵਾਸਤੇ ੮-੧੦ ਪ੍ਰਸ਼ਾਦੇ ਉਗਰਾਹ ਲਿਆਉਂਦਾ । ਪ੍ਰਸ਼ਾਦੇ ਬਹੁਤ ਵਧੀਆ ਕਣਕ ਦੇ ਚੋਪੜੇ ਹੋਏ ਹੁੰਦੇ ਸਨ, ਨਾਲ ਸਬਜ਼ੀ ਵੀ ਮਾੜੀ ਮੋਟੀ ਹੁੰਦੀ ਸੀ । ਮੁਹੱਲਾ ਬਹੁਤ ਛੋਟਾ ਸੀ ਤੇ ਘਰ ਨਾਲੋ-ਨਾਲ ਸਨ । ਅੱਧੇ ਘੰਟੇ ਵਿੱਚ ਮੈਂ ਸਾਰੇ ਮੁਹੱਲੇ ਵਿੱਚੋਂ ਪ੍ਰਸ਼ਾਦੇ ਉਗਰਾਹ ਲਿਆਉਂਦਾ ਸਾਂ । ਮੇਰੇ ਵਾਪਸ ਮੁੜਦਿਆਂ ਨੂੰ ਗੁਰਦੁਆਰੇ ਦਾ ਲੰਗਰ ਪੱਕ ਚੁੱਕਾ ਹੁੰਦਾ ਸੀ । ਮੈਂ ਸਾਈਕਲਾਂ ਦੇ ਵਲਗਣ ਨੂੰ ਜਾਣ ਤੋਂ ਪਹਿਲਾਂ ਲੰਗਰ ਵਿੱਚ ਜਾਂਦਾ ਤੇ ਲੋਹ ਵਿੱਚ ਬਚੀਆਂ ਹੋਈਆਂ ਲੱਕੜਾਂ ਅਤੇ ਤਿਆਰ ਹੋਏ ਕੋਲਿਆਂ ਨੂੰ ਬੁਝਾ ਦਿੰਦਾ । ਗੁਰਦੁਆਰੇ ਵਿੱਚ ਮੇਰਾ ਨਾਂ ਤਕ ਵੀ ਦਰਜ ਨਹੀਂ ਸੀ, ਕਿਉਂਕਿ ਮੈਂ ਉੱਥੋਂ ਦਾ ਨੌਕਰ ਨਹੀਂ ਸਾਂ । ਸੋ ਲੱਕੜਾਂ ਕੱਢਣ ਤੋਂ ਪਿੱਛੋਂ ਮੈਂ ਲੰਗਰ ਦੇ ਜੱਥੇਦਾਰ

ਨੂੰ ਕਹਿ ਦੇਣਾ ਕਿ ਮੈਂ ਲੋਹ ਵਿੱਚੋਂ ਲੱਕੜਾਂ ਕੱਢ ਚੱਲਿਆਂ ਹਾਂ ਤੇ ਕੋਇਲੇ ਵੀ; ਪਰ ਤੁਸੀਂ ਵੀ ਖ਼ਿਆਲ ਰੱਖਿਆ ਕਰੋ ਤੇ ਲੱਕੜਾਂ ਕੱਢ ਦਿਆ ਕਰੋ । ਜਦੋਂ ਲੰਗਰ ਪੱਕ ਜਾਵੇ ਤਾਂ ਲੱਕੜਾਂ ਅਤੇ ਕੋਇਲੇ ਅਜਾਈਂ ਨਾ ਜਾਣ ਦਿਆ ਕਰੋ । ਜਥੇਦਾਰ, ਪ੍ਰਧਾਨ ਦੇ ਪਿੰਡ ਦਾ ਸੀ ਤੇ ਨਾਲੇ ਉਸ ਦੀ ਬਰਾਦਰੀ ਦਾ ਸੀ । ਭਾਵੇਂ ਮੈਂ ਨਿਮਰਤਾ ਨਾਲ ਉਸ ਨੂੰ ਲੱਕੜਾਂ ਕੱਢਣ ਦੀ ਗੱਲ ਕਹਿੰਦਾ ਸਾਂ ਪਰ ਉਹ ਉਸ ਗੱਲ ਦਾ ਗੁੱਸਾ ਮਨਾਉਂਦਾ । ਉਹ ਸੇਵਾਦਾਰ ਪਿੰਗਲਵਾੜੇ ਦਾ ਬਹੁਤ ਪੁਰਾਣਾ ਸੇਵਾਦਾਰ ਹੈ ਤੇ ਤਿਆਰ ਬਰ ਤਿਆਰ ਗੁਰਸਿੱਖ ਹੈ । ਮੈਂ ਉਸ ਦਾ ਬੜਾ ਸਤਿਕਾਰ ਕਰਦਾ ਹਾਂ । ਉਸ ਦਾ ਫ਼ਰਜ਼ੀ ਨਾਮ ਬੱਗਾ ਸਿੰਘ ਰੱਖਦਾ ਹਾਂ । ਉਸ ਨੂੰ ਪਤਾ ਸੀ ਕਿ ਮੈਂ ਲੂਲ੍ਹੇ ਵਾਸਤੇ ਪ੍ਰਸ਼ਾਦੇ ਨਾਲ ਦੇ ਮੁਹੱਲੇ ਵਿੱਚੋਂ ਉਗਰਾਹ ਕੇ ਲਿਆਉਂਦਾ ਹਾਂ । ਹੋ ਸਕਦਾ ਹੈ ਕਿ ਉਸ ਨੂੰ ਇਹ ਪਤਾ ਨਾ ਹੋਵੇ ਕਿ ਮੈਂ ਮੁਹੱਲੇ ਤੋਂ ਉਗਰਾਹ ਕੇ ਪ੍ਰਸ਼ਾਦੇ ਲਿਆਉਂਦਾ ਹਾਂ; ਪਰ ਉਸ ਨੇ ਮੈਨੂੰ ਪਹਿਲੀ ਵਾਰ ਇਹ ਪ੍ਰਸ਼ਨ ਨਿਰਾਦਰੀ ਭਰੇ ਲਹਿਜੇ ਵਿੱਚ ਉਦੋਂ ਪੁੱਛਿਆ ਜਦੋਂ ਮੈਂ ਲੋਹ ਦੀਆਂ ਲੱਕੜਾਂ ਤੇ ਕੋਇਲੇ ਬੁਝਾਅ ਚੱਲਿਆ ਹਾਂ ਤੁਸੀਂ ਅੱਗੇ ਤੋਂ ਖ਼ਿਆਲ ਰੱਖਿਆ ਕਰੋ, ਜਿਨ੍ਹਾਂ ਸ਼ਬਦਾਂ ਦਾ ਭਾਵ ਅਰਥ ਇਹ ਸੀ ਕਿ ਤੁਸੀਂ ਆਪ ਵੀ ਇਨ੍ਹਾਂ ਨੂੰ ਬੁਝਾਉਣ ਦਾ ਯਤਨ ਕਰਿਆ ਕਰੋ । ਉਹ ਸੇਵਾਦਾਰ ਭਲਾਮਾਣਸ ਸੀ, ਉਸ ਨੂੰ ਕਿਸੇ ਪ੍ਰਕਾਰ ਦਾ ਕੋਈ ਵੈਲ ਨਹੀਂ ਸੀ । ਉਹ ਇਹ ਕਿਆਸ ਨਾ ਕਰ ਸਕਿਆ ਕਿ ਲੱਕੜਾਂ ਤੇ ਕੋਇਲੇ ਬੁਝਾਉਣ ਨਾਲ ਗੁਰਦੁਆਰੇ ਦੀ ਬੱਚਤ ਹੁੰਦੀ ਹੈ । ਉਹ ਤਾਂ ਮੇਰੀ ਅਧੀਨਗੀ ਭਰੀ ਬੇਨਤੀ ਤੇ ਵੀ ਮੇਰੇ ਨਾਲ ਗੁੱਸਾ ਕਰਨ ਲੱਗ ਪਿਆ ਸੀ । ਮੇਰਾ ਕੋਈ ਜ਼ੋਰ ਤਾਂ ਹੈ ਨਹੀਂ ਸੀ । ਮੈਂ ਤਾਂ ਤਨਖ਼ਾਹਦਾਰ ਨੌਕਰ ਵੀ ਨਹੀਂ ਸਾਂ ਤੇ ਤਨਖ਼ਾਹ ਦੇ ਬਿਨਾਂ ਪ੍ਰੇਮ ਦੀ ਸੇਵਾ ਕਰਦਾ ਸਾਂ । ਗੁਰਦੁਆਰੇ ਦਾ ਪ੍ਰਬੰਧ ਜ਼ਿਲ੍ਹੇ ਦੀ ਪ੍ਰਬੰਧਕ ਕਮੇਟੀ ਦੇ ਅਧੀਨ ਸੀ ਜਿਸ ਦੀ ਬਹੁ ਗਿਣਤੀ ਪੇਂਡੂ ਮੈਂਬਰਾਂ ਦੀ ਸੀ । ਇਕ ਵਾਰੀ ਤਾਂ ਮੈਂ ਉਸ ਨੂੰ ਦੱਸ ਚੁੱਕਿਆ ਸਾਂ ਕਿ ਮੈਂ ਪ੍ਰਸ਼ਾਦੇ ਦਿਨ ਦੇ ਦਸ ਵਜੇ ਲੂਲ੍ਹੇ ਬੱਚੇ ਲਈ ਮੁਹੱਲੇ ਦੇ ਘਰਾਂ ਵਿੱਚੋਂ ਉਗਰਾਹ ਕੇ ਲਿਆਉਂਦਾ ਹਾਂ; ਪਰ ਉਸ ਨੇ ਇਕ ਵਾਰੀ ਫੇਰ ਉਹ ਪ੍ਰਸ਼ਨ ਨਿਰਾਦਰੀ ਭਰੇ ਲਹਿਜੇ ਨਾਲ ਮੈਨੂੰ ਉਸ ਵੇਲੇ ਕੀਤਾ ਜਿਸ ਵੇਲੇ ਮੈਂ ਲੋਹ ਦੀਆਂ ਲੱਕੜਾਂ ਤੇ ਕੋਇਲੇ ਬੁਝਾਅ ਕੇ ਤੁਰਿਆ ਤੇ ਉਸ ਨੂੰ ਹਮੇਸ਼ਾਂ ਵਾਂਗ ਬੇਨਤੀ ਪੂਰਵਕ ਉਹੀ ਸ਼ਬਦ ਕਹੇ ਕਿ ਭਾਈ ਬੱਗਾ ਸਿਆਂ ਮੈਂ ਲੋਹ ਦੀਆਂ ਲੱਕੜਾਂ ਤੇ ਕੋਇਲੇ ਬੁਝਾਅ ਚੱਲਿਆ ਹਾਂ ਤੇ ਤੁਸੀਂ ਇਸ ਕੰਮ ਦਾ ਖ਼ਿਆਲ ਰੱਖਿਆ ਕਰੋ । ਲੰਗਰ ਦਾ ਜਦੋਂ ਤਕ ਅਰਦਾਸਾ ਨਾ ਹੋ ਜਾਵੇ ਪ੍ਰਸ਼ਾਦਾ ਕਿਸੇ ਨੂੰ ਨਹੀਂ ਮਿਲ ਸਕਦਾ ਸੀ, ਨਾ ਬਾਹਰ ਹੀ ਜਾ ਸਕਦਾ ਸੀ । ਉਹ ਤਾਂ ਮੈਨੂੰ ਇੰਞ ਕਹਿੰਦਾ ਸੀ ਜਿਵੇਂ ਮੈਂ ਪ੍ਰਸ਼ਾਦੇ ਅੰਦਰੋਂ ਚੁੱਕ ਕੇ ਲਿਆਂਦੇ ਹੋਣ ।



ਲੰਗਰ ਵਰਤਣ ਤੋਂ ਪਿੱਛੋਂ ਤਾਂ ਇਹ ਹੋ ਸਕਦਾ ਸੀ ਕਿ ਮੈਂ ਪ੍ਰਸ਼ਾਦੇ ਅੰਦਰੋਂ ਚੁੱਕ ਕੇ ਲਿਆਂਦੇ ਹੋਣ । ਲੰਗਰ ਵਰਤਣ ਤੋਂ ਪਹਿਲਾਂ ਮੇਰੀ ਕੀ ਤਾਕਤ ਸੀ । ਉਹ ਤਾਂ ਮੈਨੂੰ ਮੇਰੇ ਵੱਲੋਂ ਉਸ ਨੂੰ ਕਹੇ ਜਾਣ ਵਾਲੇ ਇਨ੍ਹਾਂ ਸ਼ਬਦਾਂ ਦੀ ਸਜ਼ਾ ਦੇਣੀ ਚਾਹੁੰਦਾ ਸੀ ਕਿ ਮੈਂ ਲੱਕੜਾਂ ਕੋਇਲੇ ਬੁਝਾਅ ਚੱਲਿਆ ਹਾਂ ਤੇ ਤੁਸੀਂ ਇਨ੍ਹਾਂ ਦਾ ਖ਼ਿਆਲ ਰੱਖਿਆ ਕਰੋ । ਅਜਿਹਾ ਕਰਨ ਲਈ ਜਦੋਂ ਉਸ ਨੂੰ ਹੋਰ ਕੁਝ ਨਾ ਸੁੱਝਿਆ ਤਾਂ ਉਸ ਨੇ ਇਸ ਗ਼ਲਤ ਗੱਲ ਦੀ ਓਟ ਲੈ ਲਈ ।

ਮੈਨੂੰ ਮੇਰੀ ਮਾਂ ਨੇ ਪੂਰੇ ਸਤਿਕਾਰ ਨਾਲ ਪਾਲਿਆ ਹੋਇਆ ਹੈ ਤੇ ਉਸ ਨੇ ਮੇਰੇ ਅੰਦਰ ਆਪਣੇ ਸਤਿਕਾਰ ਦਾ ਜਜ਼ਬਾ ਓੜਕ ਤਕ ਪੁਚਾ ਦਿੱਤਾ ਸੀ । ਅਜਿਹੇ ਸਤਿਕਾਰ ਨਾਲ ਪਲਿਆ ਬੰਦਾ ਕਿਸੇ ਦੀ ਅਯੋਗ ਗੱਲ ਨਹੀਂ ਜਰਿਆ ਕਰਦਾ ਤੇ ਉਸ ਨੂੰ ਭਗਤੀ ਦਾ ਜੀਵਨ ਹੀ ਬਤੀਤ ਕਰਨਾ ਪਿਆ ਕਰਦਾ ਹੈ ਤੇ ਇਸੇ ਰਾਹ ’ਤੇ ਮੈਨੂੰ ਵਾਹਿਗੁਰੂ ਨੇ ਜ਼ਿੰਦਗੀ ਦੇ ਆਰੰਭ ਤੋਂ ਤੋਰ ਦਿੱਤਾ ਸੀ ਤੇ ਜਿਸ ’ਤੇ ਮੈਂ ਹੁਣ ਤਕ ਆਪਣੀ ਵਰਤਮਾਨ ਕਾਲ ਦੀ ੭੬ ਸਾਲਾਂ ਦੀ ਉਮਰ ਤਕ ਤੁਰਿਆ ਜਾ ਰਿਹਾ ਹਾਂ। ਬੱਗਾ ਸਿੰਘ ਨੇ ਜਦੋਂ ਮੈਨੂੰ ਦੂਜੀ ਵਾਰੀ ਇਹ ਸ਼ਬਦ ਕਹੇ ਤਾਂ ਮੇਰੀ ਅਣਖ ਨੇ ਤੁਰੰਤ ਉਬਾਲਾ ਖਾਧਾ ਤੇ ਮੈਂ ਉਸ ਨੂੰ ਕਿਹਾ ਕਿ ਜਿੰਨਾ ਚਿਰ ਤੂੰ ਇਸ ਲੰਗਰ ਵਿੱਚ ਲਾਂਗਰੀ ਹੈਂ ਮੈਂ ਇਸ ਤੋਂ ਪ੍ਰਸ਼ਾਦਾ ਨਹੀਂ ਛਕਾਂਗਾ । ਮੇਰੇ ਤੇ ਲੂਲ੍ਹੇ ਦੇ ਦੋਵਾਂ ਜਣਿਆਂ ਦੇ ਪ੍ਰਸ਼ਾਦੇ ਦਾ ਮਸਲਾ ਸੀ ਤੇ ਮੇਰੇ ਮੂੰਹ ਵਿੱਚੋਂ ਇਹ ਸ਼ਬਦ ਨਿਕਲਣ ਉੱਤੇ ਮੈਨੂੰ ਗੁਰਦਵਾਰਾ ਡੇਹਰਾ ਸਾਹਿਬ ਛੱਡਣਾ ਪਿਆ, ਕਿਉਂਕਿ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਸਵੇਰੇ ਸ਼ਾਮ ਦੋਵੇਂ ਵੇਲੇ ਲੰਗਰ ਚੱਲਦਾ ਸੀ । ਮੈਨੂੰ ਰਹਿਣ ਲਈ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਕੋਈ ਕਮਰਾ ਤਾਂ ਭਾਵੇਂ ਨਹੀਂ ਮਿਲਿਆ ਹੋਇਆ ਸੀ ਪਰ ਉੱਥੇ ਮੈਂ ਸਿਆਲ ਦੇ ਦਿਨ ਕਿਸੇ ਛੱਤ ਹੇਠਾਂ ਤਾਂ ਕੱਟ ਸਕਦਾ ਸਾਂ । ਮੁਸਾਫ਼ਰਖ਼ਾਨੇ ਵਿੱਚ ਵੀ ਮੈਂ ਲੂਲ੍ਹੇ ਨੂੰ ਨਾਲ ਲੈ ਕੇ ਕਈ ਸਿਆਲ ਕੱਟੇ ਜਿੱਥੇ ੬੦-੭੦ ਦੇ ਕਰੀਬ ਰਾਤ ਨੂੰ ਮੁਸਾਫ਼ਰ ਹੁੰਦੇ ਸਨ; ਗ਼ਰੀਬ, ਅਪਾਹਿਜ, ਰੋਗੀ, ਮੰਗਤੇ ਸਭ ਉੱਥੇ ਹੁੰਦੇ ਸਨ ਜਿਨ੍ਹਾਂ ਵਿੱਚੋਂ ਕਿਸੇ ਕਿਸੇ ਦੇ ਕੱਪੜੇ ਤੇ ਪਿੰਡੇ ਸਾਰੇ ਜੂੰਆਂ ਨਾਲ ਭਰੇ ਹੁੰਦੇ ਸਨ । ਦੋ ਕੋਠੜੀਆਂ ਦੇ ਵਿਚਕਾਰ ੪ ਕੁ ਫੁੱਟ ਚੌੜਾ ਲੋਕਾਂ ਦੇ ਲਾਂਘੇ ਦਾ ਰਸਤਾ ਬਣਿਆ ਹੋਇਆ ਸੀ । ਜਿੱਥੋਂ ਦੀ ਮੁਸਾਫ਼ਰ ਭੋਰੇ ਵਿੱਚ ਵੜਦੇ ਸਨ ਉੱਥੇ ਮੈਂ ਲੂਲ੍ਹੇ ਨੂੰ ਨਾਲ ਲੈ ਕੇ ਸਿਆਲ ਕੱਟਿਆ ਕਰਦਾ ਸੀ । ਸਰਦੀਆਂ ਵਿੱਚ ਧੁੱਪ ਵਿੱਚ ਬੈਠਣ ਲਈ ਖੁੱਲ੍ਹੇ ਥਾਂ ਸਨ, ਗਰਮੀ ਵਿੱਚ ਛਾਂ ਹੇਠਾਂ ਬੈਠਣ ਲਈ ਰੁੱਖ ਸਨ । ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਸੰਗਮਰਮਰ ਦੇ ਫ਼ਰਸ਼ਾਂ ਵਾਲੇ ਖੁੱਲ੍ਹੇ ਦਲਾਨ ਸਨ । ਜਿੱਥੇ ਗਰਮੀਆਂ ਦੇ ਦਿਨਾਂ ਵਿੱਚ ਦੁਪਹਿਰ ਦਾ ਵੇਲਾ ਹਰ ਕੋਈ ਬੈਠ ਕੇ ਜਾਂ ਲੇਟ ਕੇ ਕੱਟ ਸਕਦਾ ਸੀ । ਫਿਰ ਉਹ ਗੁਰਦੁਆਰਾ ਸ੍ਰੀ ਗੁਰੂ

ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਾ ਗੁਰਦੁਆਰਾ ਹੈ ਜਿਹੜਾ ਸਿੱਖ ਪੰਥ ਦੇ ਗਿਣਤੀ ਦੇ ਸਿਰ-ਕੱਢ ਗੁਰਦਵਾਰਿਆਂ ਵਿੱਚੋਂ ਇਕ ਹੈ ।

ਫਿਰ ਉਹ ਗੁਰਦੁਆਰਾ ਬਾਦਸ਼ਾਹੀ ਕਿਲ੍ਹੇ ਦੇ ਸਾਹਮਣੇ ਸੀ । ਉਹ ਕਿਲ੍ਹਾ ਭਾਰਤ ਦੇ ਗਿਣਤੀ ਦੇ ੫-੭ ਕਿਲ੍ਹਿਆਂ ਵਿੱਚੋਂ ਇਕ ਹੈ, ਜਿਸ ਵਿੱਚ ਮੁਗ਼ਲ ਬਾਦਸ਼ਾਹ ਆਪ ਰਹਿੰਦੇ ਰਹੇ । ਮਹਾਰਾਜਾ ਰਣਜੀਤ ਸਿੰਘ ਨੇ ਰਾਜ ਉਸ ਕਿਲ੍ਹੇ ਵਿੱਚ ਬੈਠ ਕੇ ਕੀਤਾ । ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵੀ ਇਕ ਅਨੋਖੀ ਯਾਦਗਾਰ ਸੀ ਜਿਸਨੂੰ ਦੇਸ਼ ਤੇ ਦੁਨੀਆਂ ਦੇ ਬੰਦੇ ਦੇਖਣ ਆਉਂਦੇ ਸਨ । ਫਿਰ ਸਮਾਧ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੀ ਬਾਰਾਂਦਰੀ ਸੀ ਜਿਹੜੀ ਸਾਰੀ ਸੰਗਮਰਮਰ ਦੀ ਬਣੀ ਹੋਈ ਸੀ । ਉੱਥੇ ਬੈਠ ਕੇ ਮਹਾਰਾਜਾ ਰਣਜੀਤ ਸਿੰਘ ਅਦਾਲਤ ਲਾਇਆ ਕਰਦਾ ਸੀ । ਉਸ ਦੇ ਆਲੇ-ਦੁਆਲੇ ਲੋਕਾਂ ਦੇ ਬੈਠਣ ਲਈ ਘਾਹ ਵਾਲੀ ਚੋਖੀ ਜਗ੍ਹਾ ਛੱਡੀ ਹੋਈ ਸੀ । ਉਸ ਵਿੱਚ ਸਿਆਲ ਦੇ ਦਿਨਾਂ ਵਿੱਚ ਸ਼ਹਿਰ ਦੇ ਬੰਦੇ ਦਿਨ ਵੇਲੇ ਧੁੱਪ ਸੇਕਦੇ ਸਨ । ਮੰਗਤੇ ਤੇ ਅਪਾਹਿਜ ਵੀ ਉੱਥੇ ਸਿਆਲ ਦਾ ਸਾਰਾ ਦਿਨ ਕੱਟਦੇ ਹੁੰਦੇ ਸਨ ਕਿਉਂਕਿ ਡੇਹਰਾ ਸਾਹਿਬ ਸ਼ਹਿਰ ਤੋਂ ਬਾਹਰ ਸੀ । ਰਾਵੀ ਦਰਿਆ ਵੀ ਉਸ ਪਾਸੇ ਹੀ ਸੀ ਤੇ ਸ਼ਹਿਰ ਦੀ ਸਭ ਤੋਂ ਵੱਡੀ ਖੁੱਲ੍ਹੀ ਥਾਂ ਜਿਹੜੀ ਬਹੁਤ ਵੱਡੇ ਰਕਬੇ ਵਿੱਚ ਸੀ, ਜਿਹੜੀ ਲੋਕਾਂ ਦੇ ਸੈਰ ਕਰਨ ਲਈ ਸੀ, ਉਹ ਵੀ ਡੇਹਰਾ ਸਾਹਿਬ ਦੇ ਨਾਲ ਲੱਗਦੀ ਸੀ ਤੇ ਉਸ ਦਾ ਨਾਮ ਮਿੰਟੋ ਪਾਰਕ ਸੀ । ਉਸ ਕਿਲ੍ਹੇ ਵਿੱਚ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਰਹਿੰਦੀਆਂ ਸਨ । ਉਹ ਖੁੱਲ੍ਹੀ ਜਗ੍ਹਾ ਫ਼ੌਜਾਂ ਦੇ ਪਰੇਡ ਕਰਨ ਵਾਸਤੇ ਬਣੀ ਹੋਈ ਸੀ । ਉਸ ਜਗ੍ਹਾ ਦਾ ਰਕਬਾ ਪੌਣਾ ਮੀਲ ਲੰਬਾ ਤੇ ਅੱਧਾ ਮੀਲ ਚੌੜਾ ਸੀ । ਗਰਮੀਆਂ ਦੇ ਦਿਨਾਂ ਵਿੱਚ ਸ਼ਹਿਰ ਦੇ ਬਹੁਤ ਬੰਦੇ ਸਵੇਰ ਵੇਲੇ ਦਰਿਆ ਵਿੱਚ ਨਹਾਉਣ ਤੇ ਸੈਰ ਕਰਨ ਲਈ ਜਾਂਦੇ ਸਨ ਤੇ ਗੁਰਦੁਆਰਾ ਡੇਹਰਾ ਸਾਹਿਬ ਦੇ ਅੱਗੋਂ ਲੰਘਦੇ ਸਨ । ਬਾਦਸ਼ਾਹੀ ਕਿਲ੍ਹੇ ਦੇ ਸਾਹਮਣੇ ਜਿਹੜੀ ਬਾਦਸ਼ਾਹੀ ਮਸਜਿਦ ਸੀ ਉਸ ਨੂੰ ਔਰੰਗਜ਼ੇਬ ਬਾਦਸ਼ਾਹ ਨੇ ਬਣਾਇਆ ਸੀ ਤੇ ਉਹ ਹਿੰਦੋਸਤਾਨ ਦੀ ਸ਼ਾਇਦ ਸਭ ਤੋਂ ਵੱਡੀ ਮਸਜਿਦ ਹੈ । ਬਾਦਸ਼ਾਹੀ ਕਿਲ੍ਹੇ ਨੂੰ ਵੀ ਦੇਸ਼ ਤੇ ਦੁਨੀਆਂ ਦੇ ਬੰਦੇ ਦੇਖਣ ਆਉਂਦੇ ਸਨ ।

ਉਹ ਕਿਲ੍ਹਾ ਦਿੱਲੀ ਦੇ ਲਾਲ ਕਿਲ੍ਹੇ ਦੇ ਬਰਾਬਰ 'ਤੇ ਹੀ ਜਾਪਦਾ ਹੈ । ਡੇਹਰਾ ਸਾਹਿਬ ਵਿੱਚ ਸਾਰਾ ਦਿਨ ਸ਼ਹਿਰ ਤੇ ਦੇਸ਼ ਦੇ ਸਿੱਖ ਯਾਤਰੂ ਮੱਥਾ ਟੇਕਣ ਆਉਂਦੇ ਰਹਿੰਦੇ ਸਨ । ਕੜਾਹ-ਪ੍ਰਸ਼ਾਦ ਵੀ ਦਿਨ ਵਿੱਚ ਕਈ ਵਾਰ ਚੜ੍ਹਦਾ ਰਹਿੰਦਾ ਸੀ । ਫਿਰ ਗੁਰਦੁਆਰੇ ਵਿੱਚ ਬਹੁਤ ਸਾਰੇ ਗ੍ਰੰਥੀ ਸੇਵਾਦਾਰ ਸਨ ਜਿਨ੍ਹਾਂ ਦੀ ਰੌਣਕ ਹਰ ਵੇਲੇ ਲੱਗੀ ਰਹਿੰਦੀ ਸੀ ।



ਗੁਰਦੁਆਰਾ ਡੇਹਰਾ ਸਾਹਿਬ ਵਿੱਚ ਸ਼ਹਿਰ ਦੇ ਤੇ ਬਾਹਰ ਦੇ ਜਿਹੜੇ ਸਿੱਖ ਮੱਥਾ ਟੇਕਣ ਆਉਂਦੇ ਸਨ ਉਨ੍ਹਾਂ ਵਿੱਚੋਂ ਅਨੇਕਾਂ ਦੀਆਂ ਮੈਂ ਨਿਗਾਹ ਵਿੱਚ ਆਉਂਦਾ ਰਹਿੰਦਾ ਸਾਂ । ਉਨ੍ਹਾਂ ਵਿੱਚੋਂ ਕੋਈ ਨਾ ਕੋਈ ਮੈਨੂੰ ਪੈਸੇ ਦੀ ਸਹਾਇਤਾ ਵੀ ਦਿੰਦਾ ਰਹਿੰਦਾ ਸੀ ।

ਮੰਗਤਿਆਂ ਨੇ ਉਸ ਥਾਂ ਮੰਗਣ ਲਈ ਬੈਠਣਾ ਹੁੰਦਾ ਹੈ ਜਿੱਥੋਂ ਦੀ ਲੋਕ ਬਹੁਤੇ ਲੰਘਣ । ਗੁਰਦੁਆਰਾ ਡੇਹਰਾ ਸਾਹਿਬ ਦੇ ਲਾਗੇ ਸ਼ਹਿਰ ਤੋਂ ਆਉਣ ਵਾਲੀ ਸੜਕ ਦੇ ਕੰਢੇ ਉੱਤੇ ਅਨੇਕਾਂ ਮੰਗਤੇ ਸਵੇਰ ਤੇ ਸ਼ਾਮ ਦੋਨੋਂ ਵੇਲੇ ਬੈਠਿਆ ਕਰਦੇ ਸਨ ਤੇ ਨਾਲ ਲੱਗਦੀਆਂ ਥਾਵਾਂ 'ਤੇ ਦਿਨ ਰਾਤ ਦਾ ਸਮਾਂ ਕੱਟਿਆ ਕਰਦੇ ਸਨ । ਇਕ ਤਾਂ ਥਾਂ ਖੁੱਲ੍ਹੀ ਸੀ ਜਿੱਥੇ ਉਨ੍ਹਾਂ ਨੂੰ ਸਰਦੀਆਂ ਵਿੱਚ ਧੁੱਪ ਰੱਜ ਕੇ ਮਿਲਦੀ ਸੀ, ਗਰਮੀਆਂ ਵਿੱਚ ਹਵਾ, ਰੁੱਖਾਂ ਤੇ ਬਾਰਾਂਦਰੀ ਵਰਗੀਆਂ ਇਮਾਰਤਾਂ ਦੀਆਂ ਛੱਤਾਂ ਦੀ ਛਾਂ । ਬਾਕੀ ਸ਼ਹਿਰ ਦੀ ਆਮ ਜਨਤਾ ਦਾ ਉਸ ਪਾਸੇ ਸਵੇਰੇ ਸ਼ਾਮ ਸੈਰ ਲਈ ਆਉਣਾ ਤੇ ਖ਼ਾਸ ਤੌਰ 'ਤੇ ਸਵੇਰ ਵੇਲੇ ਤੇ ਗੁਰਦੁਆਰਾ ਡੇਹਰਾ ਸਾਹਿਬ ਨੂੰ ਦੋਨੋਂ ਵੇਲੇ ਆਉਣ ਵਾਲੀ ਸੰਗਤ ਵੱਲੋਂ ਉਨ੍ਹਾਂ ਨੂੰ ਦਾਨ ਮਿਲਦਾ ਰਹਿੰਦਾ ਸੀ । ਉਨ੍ਹਾਂ ਵਿੱਚੋਂ ਜਿਹੜਾ ਮੰਗਤਾ ਮਰਿਆ ਕਰਦਾ ਸੀ ਉਸ ਦੀ ਮੈਂ ਮਰਨ ਬਿਸਤਰੇ 'ਤੇ ਪਏ ਹੋਏ ਦੀ ਸੰਭਾਲ ਕਰਿਆ ਕਰਦਾ ਸਾਂ । ਗੁਰਦੁਆਰਾ ਡੇਹਰਾ ਸਾਹਿਬ ਨੂੰ ਸੰਗਤ ਕਦੇ-ਕਦੇ ਲਾਇਲਪੁਰ, ਗੁਜਰਾਤ, ਗੁਜਰਾਂਵਾਲਾ ਜ਼ਿਲ੍ਹਿਆਂ ਤੋਂ ਆਇਆ ਕਰਦੀ ਸੀ, ਖ਼ਾਸ ਤੌਰ 'ਤੇ ਰਾਵਲਪਿੰਡੀ ਤੇ ਪਿਸ਼ੌਰ ਵਾਲੇ ਪਾਸੇ ਤੋਂ। ਗੁਰਦੁਆਰੇ ਦੇ ਯਾਤਰੂਆਂ ਵਿੱਚੋਂ ਕੋਈ ਨਾ ਕੋਈ ਲਾਵਾਰਸ ਰੋਗੀ ਜਾਂ ਅਪਾਹਿਜ ਆਉਂਦਾ ਰਹਿੰਦਾ ਸੀ । ਮੇਰੇ ਆਪਣੇ ਰਹਿਣ ਲਈ ਮੈਨੂੰ ਕੋਈ ਕਮਰਾ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਨਹੀਂ ਮਿਲਿਆ ਸੀ । ਮੈਨੂੰ ਤਾਂ ਕੰਧ ਦੀ ਕੋਈ ਅਲਮਾਰੀ ਵੀ ਨਹੀਂ ਮਿਲੀ ਹੋਈ ਸੀ ਜਿਸ ਵਿੱਚ ਮੈਂ ਘੱਟੋ-ਘੱਟ ਆਪਣੀ ਕੋਈ ਪੁਸਤਕ ਤਾਂ ਰੱਖ ਸਕਦਾ, ਕਿਉਂਕਿ ਜਗ੍ਹਾ ਦੀ ਥੁੜ ਸੀ, ਕਿਸੇ ਦੇ ਵੱਸ ਦੀ ਗੱਲ ਨਹੀਂ ਸੀ ।

ਮੈਂ ਸਾਰਾ ਸਮਾਂ ਗੁਰਦੁਆਰੇ ਦੇ ਬਰਾਂਡਿਆਂ ਤੇ ਡਿਓਢੀਆਂ ਵਿੱਚ ਹੀ ਕੱਟਿਆ ਸੀ; ਪਰ ਮੈਨੂੰ ਉੱਥੇ ਇਕ ਲਾਭ ਤਾਂ ਹੈ ਸੀ ਕਿ ਉੱਥੇ ਜਿਨ੍ਹਾਂ ਲਾਵਾਰਸ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਸੰਭਾਲ ਮੈਨੂੰ ਕਰਨੀ ਪੈਂਦੀ ਸੀ ਉਹ ਗੁਰਦੁਆਰੇ ਦੇ ਲਾਗੇ ਦੀਆਂ ਖੁੱਲ੍ਹੀਆਂ ਥਾਵਾਂ 'ਤੇ ਲੇਟੇ ਅਤੇ ਬੈਠੇ ਰਹਿੰਦੇ ਸਨ । ਖੁੱਲ੍ਹੀਆਂ ਥਾਵਾਂ 'ਤੇ ਰੁੱਖ ਵੀ ਬਥੇਰੇ ਸਨ ਜਿਨ੍ਹਾਂ ਦੇ ਹੇਠਾਂ ਉਹ ਬੈਠ, ਉੱਠ ਤੇ ਲੇਟ ਸਕਦੇ ਸਨ । ਜਦੋਂ ਬੱਗਾ ਸਿੰਘ ਨੂੰ ਮੈਂ ਇਹ ਸ਼ਬਦ ਕਹੇ ਕਿ ਜਿੰਨਾ ਚਿਰ ਤੂੰ ਲੰਗਰ ਵਿੱਚ ਹੈਂ ਮੈਂ ਪ੍ਰਸ਼ਾਦਾ ਲੰਗਰ ਵਿੱਚੋਂ ਨਹੀਂ ਛਕਾਂਗਾ। ਉਨ੍ਹਾਂ ਦਿਨਾਂ ਵਿੱਚ ਇਕ ਦੋ ਰੋਗੀ ਇਹੋ ਜਿਹੇ ਸਨ ਜਿਨ੍ਹਾਂ ਨੂੰ ਮੈਂ ਹਸਪਤਾਲ ਲੈ ਕੇ ਜਾਂਦਾ

ਸਾਂ । ਉਸ ਤੋਂ ਕੁਝ ਦਿਨ ਪਹਿਲਾਂ ਮੈਨੂੰ ੪ ਰੋਗੀ ਹਸਪਤਾਲ ਨੂੰ ਕਿਰਾਏ ਦੇ ਟਾਂਗੇ ਵਿੱਚ ਲਿਜਾਣੇ ਪੈਂਦੇ ਸਨ । ਬੱਗਾ ਸਿੰਘ ਨੂੰ ਕਹੇ ਸ਼ਬਦਾਂ ਅਨੁਸਾਰ ਮੈਨੂੰ ਗੁਰਦੁਆਰਾ ਚੁਮਾਹਲਾ ਸਾਹਿਬ ਛੱਡਣਾ ਪਿਆ । ਜਿਹੜਾ ਗੁਰਦੁਆਰਾ ਡੇਹਰਾ ਸਾਹਿਬ ਤੋਂ ਲਾਗੇ ਸੀ ਉਹ ਚੁਮਾਹਲਾ ਸਾਹਿਬ ਸੀ; ਪਰ ਉਹ ਵੀ ਸਵਾ ਕੁ ਮੀਲ ਦੀ ਦੂਰੀ 'ਤੇ ਸੀ । ਗੁਰਦੁਆਰਾ ਡੇਹਰਾ ਸਾਹਿਬ ਦੋਨੋਂ ਵੇਲੇ ਲੰਗਰ ਚੱਲਦਾ ਸੀ । ਮੈਂ ਅਤੇ ਲੂਲ੍ਹਾ ਪ੍ਰਸ਼ਾਦਾ ਛੱਕ ਲੈਂਦੇ ਸਾਂ । ਪਰ ਗੁਰਦੁਆਰਾ ਚੁਮਾਹਲਾ ਸਾਹਿਬ ਤਾਂ ਲੰਗਰ ਚੱਲਦਾ ਨਹੀਂ ਸੀ । ਇਸ ਲਈ ਮੈਂ ਤੇ ਲੂਲ੍ਹਾ ਪ੍ਰਸ਼ਾਦਾ ਕਿੱਥੋਂ ਛੱਕਦੇ? ਉੱਥੇ ਜਾ ਕੇ ਮੇਰੇ ਅੱਗੇ ਇਹ ਸਮੱਸਿਆ ਖੜ੍ਹੀ ਹੋਈ । ਚੁਮਾਹਲਾ ਸਾਹਿਬ ਤਾਂ ਬੈਠਣ ਉੱਠਣ ਲਈ ਵੀ ਕੋਈ ਚੰਗੀ ਥਾਂ ਨਹੀਂ ਸੀ । ਗੁਰਦੁਆਰਾ ਡੇਹਰਾ ਸਾਹਿਬ ਤਾਂ ਬੈਠਣ ਉੱਠਣ ਲਈ ਥਾਵਾਂ ਅਨੇਕ ਸਨ । ਚੁਮਾਹਲਾ ਸਾਹਿਬ ਤਾਂ ਕੋਈ ਡਿਓਢੀ ਤੇ ਬਰਾਂਡਾ ਵੀ ਨਹੀਂ ਸੀ । ਕੇਵਲ ਟੀਨ ਦਾ ਇਕ ਛੱਤਣਾ ਸੀ ਜਿਹੜਾ ਸੰਗਤਾਂ ਦੇ ਜੋੜੇ ਰੱਖਣ ਲਈ ਬਣਿਆ ਹੋਇਆ ਸੀ । ਉੱਥੇ ਧੁੱਪ ਵੀ ਪੈਂਦੀ ਸੀ ਤੇ ਬਾਰਸ਼ ਵੀ । ਉੱਥੇ ਹੀ ਮੈਂ ਉੱਠ ਬੈਠ ਸਕਦਾ ਸਾਂ । ਉੱਥੇ ਹਰ ਵੇਲੇ ਚੋਰੀ ਦਾ ਖ਼ਤਰਾ ਸੀ ਕਿਉਂਕਿ ਨਾਲ ਇਸ਼ਨਾਨ ਦੀਆਂ ਟੂਟੀਆਂ ਸਨ ਤੇ ਸ਼ਹਿਰ ਦੇ ਲੋਕੀਂ ਸਾਰਾ ਦਿਨ ਆ ਕੇ ਨਹਾਉਂਦੇ ਸਨ । ਉੱਥੇ ਇਕੋ ਕਮਰਾ ਸੀ ਜਿੱਥੇ ਮੁਸਾਫ਼ਰ ਆ ਕੇ ਠਹਿਰ ਸਕਦੇ ਸਨ । ਉਸ ਕਮਰੇ ਵਿੱਚ ਪੰਜਾਂ ਛੇਆਂ ਮੰਜਿਆਂ ਦੀ ਥਾਂ ਸੀ; ਪਰ ਮੈਨੂੰ ਉੱਥੇ ਰਾਤ ਨੂੰ ਸੌਣ ਦੀ ਆਗਿਆ ਨਹੀਂ ਸੀ । ਰਾਤ ਨੂੰ ਮੈਂ ਲੂਲ੍ਹੇ ਨੂੰ ਲੈ ਕੇ ਪੌੜੀਆਂ ਦੇ ਹੇਠਾਂ ਦੀ ਥਾਂ 'ਤੇ ਸੌਂਦਾ ਸੀ । ਪੌੜੀ ਦੀ ਚੌੜਾਈ ਵਿੱਚ ਮੇਰੇ ਤੇ ਪਿਆਰੇ (ਲੂਲ੍ਹੇ) ਦੋਹਾਂ ਜੋਗੀ ਥਾਂ ਨਹੀਂ ਸੀ, ਇਕ ਜੋਗੀ ਸੀ । ਮੇਰੀਆਂ ਲੱਤਾਂ ਵੀ ਪੂਰੀਆਂ ਨਹੀਂ ਨਿੱਸਲਦੀਆਂ ਸਨ । ਥਾਂ ਦੇ ਇਕ ਪਾਸੇ ਦੇ ਖ਼ਾਲੀ ਹਿੱਸੇ ਨੂੰ ਅਸੀਂ ਰਜ਼ਾਈ ਦੀ ਕੰਧ ਬਣਾ ਕੇ ਕੱਜ ਕੇ ਸੌਂਇਆ ਕਰਦੇ ਸਾਂ ।

ਜਦੋਂ ਪਿਆਰਾ ਸਿੰਘ ਬਿਮਾਰ ਹੁੰਦਾ ਤਾਂ ਮੈਂ ਇਸ ਨੂੰ ਲੈ ਕੇ ਹਸਪਤਾਲ ਦਾਖ਼ਲ ਹੋ ਜਾਂਦਾ । ਉਹ ਹਸਪਤਾਲ ਆਯੁਰਵੈਦਿਕ ਸੀ ਤੇ ਉਸ ਵਿੱਚ ਦਾਖ਼ਲਾ ਮਿਲ ਜਾਂਦਾ ਸੀ । ਪਿਆਰੇ ਨੂੰ ਲੈ ਕੇ ਮੈਂ ਸੱਤ ਵਾਰ ਦਾਖ਼ਲ ਹੋਇਆ ਹੋਵਾਂਗਾ ਤੇ ਉਸ ਦਾ ਹਸਪਤਾਲ ਦਾਖ਼ਲ ਰਹਿਣ ਦਾ ਸਮਾਂ ਸੱਤਾਂ ਮਹੀਨਿਆਂ ਦਾ ਬਣਦਾ ਹੈ ।

ਬੰਦੇ ਦੇ ਅੰਦਰ ਜਵਾਨੀ ਵਿੱਚ ਕਸ਼ਟਾਂ ਨੂੰ ਸਹਿਣ ਦਾ ਅਥਾਹ ਮਾਦਾ ਹੁੰਦਾ ਹੈ । ਜਦ ਮੈਂ ਸੁੱਖ-ਰਹਿਣਾ ਜੀਵਨ ਬਤੀਤ ਕਰਦੇ ਅਮੀਰ ਪਰਿਵਾਰਾਂ ਦੇ ਮੁੰਡਿਆਂ ਵੱਲ ਨਿਗਾਹ-ਮਾਰਦਾ ਹਾਂ ਤਾਂ ਮੈਂ ਸੋਚਿਆ ਕਰਦਾ ਹਾਂ ਕਿ ਭੋਲਿਓ ! ਤੁਹਾਨੂੰ ਜੀਵਨ ਦਾ ਕੀ ਪਤਾ ਹੈ । ਤੁਸੀਂ ਉੱਤੋਂ ਉੱਤੋਂ ਦਾ ਜੀਵਨ



ਬਿਤਾਅ ਰਹੇ ਹੋ । ਜੀਵਨ ਦੀਆਂ ਡੂੰਘਿਆਈਆਂ ਦਾ ਤੁਹਾਨੂੰ ਕੀ ਪਤਾ ਹੈ । ਮੈਂ ਜਵਾਨੀ ਦਾ ਸਾਰਾ ਜੀਵਨ ਭਾਰੀਆਂ ਔਕੜਾਂ ਤੇ ਮੁਸ਼ਕਲਾਂ ਨਾਲ ਨਿਬਾਹਿਆ ਹੈ । ਉਸ ਵਿੱਚ ਭੁੱਖ, ਨੰਗ ਤੇ ਬਨਵਾਸ ਸਭ ਕੁਝ ਸੀ । ਪਰ ਜਦੋਂ ਮੈਂ ਆਪਣੇ ਸੰਘਰਸ਼ਮਈ ਜੀਵਨ ਦੇ ਪਿਛੋਕੜ ਵੱਲ ਨਿਗਾਹ ਮਾਰਦਾ ਹਾਂ ਤਾਂ ਮੈਂ ਸੋਚਿਆ ਕਰਦਾ ਹਾਂ ਕਿ ਰੱਬਾ ਜੇ ਮੁੜ ਕੇ ਮੈਨੂੰ ਮਨੁੱਖਾ ਜਨਮ ਦੇਣਾ ਹੋਵੇ ਤਾਂ ਉਹੋ ਜਿਹਾ ਕਰੜਾਈਆਂ, ਮੁਸ਼ਕਲਾਂ ਤੇ ਔਕੜਾਂ ਵਾਲਾ ਸੰਘਰਸ਼ਮਈ ਜੀਵਨ ਦੇਵੀਂ, ਨਹੀਂ ਤਾਂ ਤੂੰ ਮੈਨੂੰ ਮਨੁੱਖਾ ਜਨਮ ਹੀ ਨਾ ਦੇਵੀਂ ।

ਚੁਮਾਹਲਾ ਸਾਹਿਬ ਦੇ ਲਾਗੇ ਦੇ ਮੁਹੱਲੇ ਵਿੱਚ ਇਕ ਸਰਦਾਰ ਜੀ ਰਹਿੰਦੇ ਸਨ, ਜਿਨ੍ਹਾਂ ਦਾ ਨਾਮ ਦਿਆਲ ਸਿੰਘ ਸੀ । ਉਹ ਕਿਸੇ ਸਰਕਾਰੀ ਮਹਿਕਮੇ ਵਿੱਚ ਡਿਪਟੀ ਰਹੇ ਸਨ । ਉਹ ਚੁਮਾਹਲਾ ਸਾਹਿਬ ਨੂੰ ਪ੍ਰਤੀ-ਦਿਨ ਸਵੇਰੇ ਮੱਥਾ ਟੇਕਣ ਆਉਂਦੇ ਸਨ । ਉਨ੍ਹਾਂ ਦਾ ਘਰ ਚੁਮਾਹਲਾ ਸਾਹਿਬ ਤੋਂ ਡੇਢ ਫਰਲਾਂਗ 'ਤੇ ਸੀ । ਉਨ੍ਹਾਂ ਨੇ ਮੈਨੂੰ ਇਹ ਆਗਿਆ ਦੇ ਦਿੱਤੀ ਸੀ ਕਿ ਉਨ੍ਹਾਂ ਦੇ ਘਰੋਂ ਮੈਂ ਸਵੇਰ ਵੇਲੇ ਦੋ ਪ੍ਰਸ਼ਾਦੇ ਲੈ ਆਇਆ ਕਰਾਂ, ਪ੍ਰਸ਼ਾਦੇ ਚੰਗੇ ਹੁੰਦੇ ਸਨ । ਸਵਾ ਛਟਾਂਕ ਜਾਂ ਡੇਢ ਛਟਾਂਕ ਦਾ ਪ੍ਰਸ਼ਾਦਾ ਹੁੰਦਾ ਹੋਵੇਗਾ । ਇਨ੍ਹਾਂ ਦੇ ਪ੍ਰਸ਼ਾਦਿਆਂ ਨਾਲ ਮੈਂ ਤੇ ਲੂਲ੍ਹਾ ਸਵੇਰ ਦੀ ਹਾਜ਼ਰੀ ਕਰ ਲਿਆ ਕਰਦੇ ਸਾਂ । ਬਾਕੀ ਦੇ ਬਚੇ ਹੋਏ ਦਿਨ ਰਾਤ ਦੇ ਸਮੇਂ ਵਿੱਚ ਸਾਡੇ ਪ੍ਰਸ਼ਾਦੇ ਦਾ ਕੋਈ ਪੱਕਾ ਪ੍ਰਬੰਧ ਨਹੀਂ ਹੁੰਦਾ ਸੀ, ਸਭ ਰੱਬ ਲੇਖੇ ਸੀ ।

(ਜੀਵਨ ਲਹਿਰ ਅਪ੍ਰੈਲ ੧੯੮੦ 'ਚੋਂ)

-ਭਗਤ ਪੂਰਨ ਸਿੰਘ

# ਮੇਰੀਆਂ ਜੀਵਨ ਕਹਾਣੀਆਂ ਵਿੱਚੋਂ

**-ਭਗਤ ਪੂਰਨ ਸਿੰਘ**

ਦਇਆ ਦਾ ਪ੍ਰਬਲ ਕੋਮਲ ਭਾਵ ਮੇਰੀ ਮਾਤਾ ਨੇ ਮੇਰੇ ਬਚਪਨ ਦੇ ਸਮੇਂ ਮੇਰੇ ਮਨ ਵਿੱਚ ਬੜੀ ਡੂੰਘਿਆਈ ਵਿੱਚ ਵਸਾ ਦਿੱਤਾ ਸੀ । ਇਸ ਲਈ ਸੇਵਾ ਦੇ ਕਾਰਜ ਤਾਂ ਮੈਂ ਆਪਣੀ ਸਾਰੀ ਆਯੂ ਵਿੱਚ ਕਰਦੇ ਹੀ ਰਹਿਣਾ ਸੀ, ਪਰ ਰੋਗੀਆਂ ਦੀ ਸੇਵਾ ਦਾ ਖ਼ਿਆਲ ਮੈਨੂੰ ਲਾਹੌਰ ਸ਼ਹਿਰ ਦੇ 'ਮਿਓ ਹਸਪਤਾਲ' ਵਿੱਚ ਹੋਇਆ । ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੇ ੨੯ ਜ਼ਿਲ੍ਹੇ ਸਨ ਤੇ ਉਦੋਂ ਉਹ ਹਸਪਤਾਲ ਪੰਜਾਬ ਦਾ ਉਸ ਸਮੇਂ ਦਾ ਸਭ ਤੋਂ ਵੱਡਾ ਹਸਪਤਾਲ ਸੀ । ਸੰਨ ੧੯੨੪ ਦੇ ਮਾਰਚ ਮਹੀਨੇ ਵਿੱਚ ਮੈਂ ਦਸਵੀਂ ਜਮਾਤ ਦਾ ਇਮਤਿਹਾਨ ਦੂਜੀ ਵਾਰ ਦੇ ਕੇ ਵਿਹਲਾ ਹੋ ਗਿਆ ਸਾਂ । ਦੋਨੋਂ ਵਾਰ ਮੈਂ ਉਸ ਇਮਤਿਹਾਨ ਵਿੱਚ ਫੇਲ੍ਹ ਹੋਇਆ ਸਾਂ । ਮੇਰੀ ਮਾਂ ਇਕ ਮਹਾਨ ਗੁਰਸਿੱਖ ਸਰਦਾਰ ਭਾਈ ਹਰਨਾਮ ਸਿੰਘ ਜੀ ਆਟੇ ਵਾਲੇ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਕਰ ਰਹੀ ਸੀ । ਦਸਵੀਂ ਜਮਾਤ ਦਾ ਇਮਤਿਹਾਨ ਦੇਣ ਪਿੱਛੋਂ ਮੈਂ ਇਹ ਮਨ ਨਹੀਂ ਬਣਾਇਆ ਸੀ ਕਿ ਮੈਂ ਆਪਣਾ ਜੀਵਨ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿਆਂ । ਪਹਿਲਾਂ ਤਾਂ ਮੈਂ ਕੁਝ ਮਹੀਨੇ ਸੋਚਦਾ ਰਿਹਾ ਕਿ ਮੈਂ ਆਪਣੇ ਰੋਜ਼ਗਾਰ ਲਈ ਕਿਹੜਾ ਕੰਮ ਸਿੱਖਾਂ ਜਾਂ ਕਿਹੜਾ ਕੰਮ ਕਰਾਂ । ਭਾਈ ਹਰਨਾਮ ਸਿੰਘ ਆਟੇ ਵਾਲੇ ਦੇ ਘਰ ਮੇਰੀ ਮਾਂ ਭਾਂਡੇ ਮਾਂਜਣ ਦੀ ਨੌਕਰੀ ਕਰਦੀ ਸੀ ਤੇ ਮੈਂ ਵੀ ਇਮਤਿਹਾਨ ਦੇਣ ਪਿੱਛੋਂ ਸਰਦਾਰਾਂ ਦੇ ਘਰ ਆ ਗਿਆ ਸੀ । ਭਾਈ ਹਰਨਾਮ ਸਿੰਘ ਜੀ ਆਟੇ ਵਾਲੇ ਦੇ ਘਰ ਦੇ ਸਾਹਮਣੇ ਸਰਦਾਰਾਂ ਦਾ ਇਕ ਹੋਟਲ ਸੀ, ਬਹੁਤਾ ਕੰਮ ਉਹਨਾਂ ਦਾ ਸੋਡਾਵਾਟਰ ਦਾ ਸੀ । ਉਹ ਸੋਡਾਵਾਟਰ ਤਿਆਰ ਕਰਦੇ ਸਨ । ਉਨ੍ਹਾਂ ਨੂੰ ਮੇਰੇ ਬਾਰੇ ਪਤਾ ਲੱਗਿਆ ਕਿ ਮੈਂ ਵਿਹਲਾ ਹਾਂ । ਉਨ੍ਹਾਂ ਦਾ ਕੋਈ ਦੋਸਤ ਹਸਪਤਾਲ ਵਿੱਚ ਦਾਖ਼ਲ ਸੀ ਜਿਸ ਨੇ ਉੱਥੇ ਸਵਾ ਕੁ ਮਹੀਨਾ ਰਹਿਣਾ ਸੀ । ਉਹਨਾਂ ਸਰਦਾਰਾਂ ਨੇ ਮੇਰੀ ਮਾਂ ਨੂੰ ਕਿਹਾ ਕਿ ਮੈਂ ਸਵਾ ਮਹੀਨਾ ਉਨ੍ਹਾਂ ਦੇ ਦੋਸਤ ਦੀ ਹਸਪਤਾਲ ਵਿੱਚ ਸੇਵਾ ਕਰਾਂ । ਸੇਵਾ ਤਾਂ ਇਹੀ ਸੀ ਕਿ ਮੈਂ ਉਸ ਲਈ ਖਾਣ ਲਈ ਬਜ਼ਾਰ 'ਚੋਂ ਫਲ ਲਿਆ ਦਿੰਦਾ ਸੀ ਜਾਂ ਸਰਦਾਰਾਂ ਦੇ ਘਰੋਂ ਰੋਟੀ ਲਿਆ ਦਿੰਦਾ ਹੋਵਾਂਗਾ । ਸਰਦਾਰ ਇਕੱਲਾ ਵੱਖਰੇ ਕਮਰੇ ਵਿੱਚ ਰਹਿੰਦਾ ਸੀ । ਜਿਸ ਵੇਲੇ ਸਰਦਾਰ ਨੂੰ ਟੱਟੀ ਪਿਸ਼ਾਬ ਆਉਂਦਾ ਸੀ ਤਾਂ ਉਹ ਮੈਨੂੰ ਕਹਿੰਦਾ ਸੀ ਕਿ ਮੈਂ ਵਾਰਡ ਵਿੱਚੋਂ ਮਿਹਤਰ ਨੂੰ ਬੁਲਾ ਲਿਆਵਾਂ ਜਿਹੜਾ ਉਸ ਲਈ ਟੱਟੀ ਪਿਸ਼ਾਬ ਵਾਲਾ ਬਰਤਨ ਲੈ ਆਵੇ ਤੇ ਫਿਰ ਉਸ ਬਰਤਨ ਨੂੰ ਸਫ਼ਾਈ ਲਈ ਵਾਪਸ ਲੈ ਜਾਵੇ; ਪਰ ਮੈਂ ਮਿਹਤਰ ਨੂੰ ਨਹੀਂ ਬੁਲਾਇਆ ਕਰਦਾ ਸਾਂ । ਟੱਟੀ



ਪਿਸ਼ਾਬ ਵਾਲਾ ਬਰਤਨ ਆਪ ਹੀ ਵਾਰਡ ਵਿੱਚੋਂ ਲੈ ਆਇਆ ਕਰਦਾ ਸਾਂ ਤੇ ਆਪ ਹੀ ਉਸ ਨੂੰ ਸਾਫ਼ ਕਰ ਦਿਆ ਕਰਦਾ ਸਾਂ । ਸਰਦਾਰ ਦੇ ਮਨ 'ਤੇ ਮੇਰੀ ਇਸ ਸੇਵਾ ਦਾ ਬਹੁਤ ਪ੍ਰਭਾਵ ਪਿਆ ਸੀ ਜੋ ਮੈਂ ਮਿਹਤਰ ਵਾਲਾ ਕੰਮ ਆਪ ਹੀ ਕਰ ਛੱਡਦਾ ਸਾਂ । ਜਦ ਮੈਂ ਰਾਤ ਸਮੇਂ ਟੱਟੀ ਪਿਸ਼ਾਬ ਵਾਲਾ ਬਰਤਨ ਲੈਣ ਲਈ ਬਿਮਾਰਾਂ ਦੀ ਵਾਰਡ ਵਿੱਚ ਜਾਇਆ ਕਰਦਾ ਸਾਂ (ਇਕ ਵਾਰਡ ਵਿੱਚ ੩੦-੩੫ ਬਿਮਾਰ ਹੁੰਦੇ ਸਨ), ਤਾਂ ਇਕ ਗੱਲ ਮੈਨੂੰ ਸੁੱਝਿਆ ਕਰਦੀ ਸੀ ਕਿ ਇਨ੍ਹਾਂ ਬਿਮਾਰਾਂ ਵਿੱਚ ਕਈ ਬਿਮਾਰ ਅਜਿਹੇ ਹਨ ਜਿਹੜੇ ਲਾਵਾਰਸ ਹਨ ਤੇ ਜਿਨ੍ਹਾਂ ਨੂੰ ਮਿਲਣ ਲਈ ਕੋਈ ਨਹੀਂ ਆਉਂਦਾ । ਇਸ ਲਈ ਉਹ ਆਪਣਾ ਦੁੱਖ-ਸੁੱਖ ਆਪਣੇ ਦਿਲਾਂ ਵਿੱਚ ਹੀ ਲੈ ਕੇ ਬੈਠੇ ਰਹਿੰਦੇ ਹੋਣਗੇ । ਮੈਂ ਸੋਚਿਆ ਕਿ ਮੈਂ ਉਸ ਹਸਪਤਾਲ ਤੋਂ ਕੰਪਾਊਂਡਰੀ ਦਾ ਕੰਮ ਸਿੱਖ ਲਵਾਂ ਤੇ ਉਹ ਕੰਮ ਸਿੱਖ ਕੇ ਏਸੇ ਹਸਪਤਾਲ ਵਿੱਚ ਨੌਕਰੀ ਕਰ ਲਵਾਂ । ਜਿਹੜਾ ਪੰਜ ਚਾਰ ਸੌ ਬਿਮਾਰ ਉਸ ਹਸਪਤਾਲ ਵਿੱਚ ਹੈ ਉਨ੍ਹਾਂ ਵਿੱਚੋਂ ਇਕੱਲੇ-ਇਕੱਲੇ ਬਿਮਾਰ ਕੋਲ ਜਾ ਕੇ ਪੁੱਛਿਆ ਕਰਾਂ ਕਿ ਤੇਰਾ ਦੁੱਖ-ਸੁੱਖ ਕੀ ਹੈ ? ਕਿਸੇ ਦੀ ਚਿੱਠੀ ਲਿਖਣੀ ਹੁੰਦੀ ਹੈ, ਕਿਸੇ ਨੂੰ ਪਾਣੀ ਦੀ ਲੋੜ ਹੁੰਦੀ ਹੈ, ਕਿਸੇ ਦੀ ਕੋਈ ਹੋਰ ਲੋੜ ਹੁੰਦੀ ਹੈ ਜਿਹੜੀ ਮੇਰੇ ਵੱਲੋਂ ਪੂਰੀ ਹੋ ਸਕਦੀ ਹੁੰਦੀ । ਇਸ ਖ਼ਿਆਲ ਨਾਲ ਮੈਂ ਸੰਨ ੧੯੨੭ ਦੇ ਮਹੀਨਾ ਫ਼ਰਵਰੀ ਦੀ ਤਾਰੀਖ਼ ਵਾਲੇ ਦਿਨ 'ਮਿਓ ਹਸਪਤਾਲ' ਵਿੱਚ ਕੰਪਾਊਂਡਰੀ ਦਾ ਕੰਮ ਸਿੱਖਣ ਲੱਗ ਪਿਆ ਸਾਂ ।

ਕੰਪਾਊਂਡਰੀ ਦਾ ਕੰਮ ਸਿੱਖਣ ਦੇ ਸੰਬੰਧ ਵਿੱਚ ਮੇਰੇ ਦਿਲ ਵਿੱਚ ਇਕ ਖ਼ਿਆਲ ਇਹ ਵੀ ਆਉਂਦਾ ਸੀ ਕਿ ਜਿਹੜੇ ਜ਼ਖ਼ਮਾਂ ਫੋੜਿਆਂ ਵਾਲੇ ਲਾਵਾਰਸ, ਮੰਗਤੇ ਬੰਦੇ ਸ਼ਹਿਰ ਦੀਆਂ ਸੜਕਾਂ 'ਤੇ ਪਏ ਹੁੰਦੇ ਹਨ ਉੱਥੇ ਬੈਠਿਆਂ ਦੀ ਉਨ੍ਹਾਂ ਦੀ ਮੈਂ ਮਲ੍ਹਮਪੱਟੀ ਕਰ ਦਿਆ ਕਰਾਂ ।

ਇਕ ਕਹਾਣੀ ਮੈਂ ਇੱਥੇ ਉਸ ਸਰਦਾਰ ਦੀ ਬਿਆਨ ਕਰਨਾ ਚਾਹੁੰਦਾ ਹਾਂ ਜਿਸ ਦੀ ਸੇਵਾ ਮੈਂ ਉਸ ਹਸਪਤਾਲ ਵਿੱਚ ਕੀਤੀ ਸੀ । ਉਹ ਸਰਦਾਰ ਮੇਰੇ ਕੋਲੋਂ ਰਾਤ ਨੂੰ ਦੁੱਧ ਮੰਗਾਇਆ ਕਰਦਾ ਸੀ । ਦੁੱਧ ਅਨਾਰਕਲੀ ਬਜ਼ਾਰ ਵਿੱਚੋਂ ਲਿਆਉਣਾ ਹੁੰਦਾ ਸੀ । ਲਾਹੌਰ ਸ਼ਹਿਰ ਦੀ ਅਬਾਦੀ ਵਿੱਚ ਦੁੱਧ ਦੀ ਦੁਕਾਨ ਪਤਾ ਨਹੀਂ ਕਿੰਨੇ ਹਜ਼ਾਰ ਹੋਵੇਗੀ, ਪਰ ਸਾਰੇ ਸ਼ਹਿਰ ਵਿੱਚ ਇਕ ਦੁਕਾਨ ਪ੍ਰਸਿੱਧ ਸੀ । ਉਸ ਇਕੱਲੀ ਦੁਕਾਨ ਤੋਂ ਦੁੱਧ ਚਾਰ ਆਨੇ ਸੇਰ ਮਿਲਦਾ ਸੀ । ਬਾਕੀ ਸਾਰੀਆਂ ਦੁਕਾਨਾਂ ਤੋਂ ਦੁੱਧ ਸਾਢੇ ਤਿੰਨ ਆਨੇ ਸੇਰ ਮਿਲਦਾ ਸੀ (ਇਕ ਆਨਾ ਅੱਜਕੱਲ੍ਹ ਦੇ ੬ ਨਵੇਂ ਪੈਸਿਆਂ ਦੀ ਕੀਮਤ ਦੇ ਬਰਾਬਰ ਹੁੰਦਾ ਹੈ) । ਚਾਰ ਆਨੇ ਸੇਰ ਵਾਲੀ ਦੁੱਧ ਦੀ ਦੁਕਾਨ ਇਕ ਸਿੱਖ ਦੀ ਦੁਕਾਨ ਸੀ । ਉਹ ਬੜਾ ਧਰਮੀ ਆਦਮੀ ਸੀ ਤੇ ਛੱਜੂ ਭਗਤ ਦੇ ਅਸਥਾਨ ਵਿੱਚ ਜਾਨਵਰਾਂ ਲਈ ਰੋਜ਼ ਚੋਗਾ ਸੁੱਟਿਆ ਕਰਦਾ ਸੀ । ਮੈਂ ਦਸਵੀਂ ਜਮਾਤ ਤਕ ਫ਼ਾਰਸੀ

ਭਾਸ਼ਾ ਪੜ੍ਹੀ ਸੀ ਤੇ ਉਸ ਭਾਸ਼ਾ ਵਿੱਚ ਇਕ ਕਿਤਾਬ ਮੈਂ ਸ਼ਾਇਦ ਦਸਵੀਂ ਜਮਾਤ ਵਿੱਚ ਪੜ੍ਹੀ ਸੀ । ਉਸ ਕਿਤਾਬ ਵਿੱਚ ਇਕ ਕਵਿਤਾ ਸੀ । ਉਸ ਕਵਿਤਾ ਵਿੱਚ ਦੱਸਿਆ ਗਿਆ ਸੀ ਕਿ ਇਕ ਬੱਚਾ ਆਪਣੇ ਪਿਤਾ ਜਾਂ ਦਾਦੇ ਨੂੰ ਕਹਿੰਦਾ ਹੈ ਕਿ ਪਿਤਾ ਜੀ ਜਿਹੜਾ ਸਾਡਾ ਗੁਆਂਢੀ ਦੁਕਾਨਦਾਰ ਹੈ ਇਸ ਤੋਂ ਸੌਦਾ ਨਾ ਲਿਆ ਕਰੋ ਬਲਕਿ ਦੂਰ ਦੁਰਾਡੇ ਜਾ ਕੇ ਕਿਸੇ ਚੰਗੀ ਦੁਕਾਨ ਤੋਂ ਸੌਦਾ ਲਿਆ ਕਰੋ । ਮੈਨੂੰ ਇਹ ਯਾਦ ਨਹੀਂ ਰਿਹਾ ਕਿ ਬੱਚੇ ਨੇ ਆਪਣੇ ਪਿਤਾ ਨੂੰ ਮੁਹੱਲੇ ਦੀ ਦੁਕਾਨ ਦੇ ਵਿਰੁੱਧ ਕੀ ਦਲੀਲ ਦਿੱਤੀ ਜਿਵੇਂ ਕਿ ਉਹ ਮਹਿੰਗਾ ਸੌਦਾ ਵੇਚਦਾ ਹੈ, ਸਸਤਾ ਸੌਦਾ ਵੇਚਦਾ ਹੈ ਜਾਂ ਭੈੜਾ ਸੌਦਾ ਵੇਚਦਾ ਹੈ; ਪਰ ਬਜ਼ੁਰਗ ਨੇ ਬੱਚੇ ਨੂੰ ਇਕੋ ਝਾੜੂ-ਫੇਰ ਉੱਤਰ ਦਿੱਤਾ ਕਿ ਬੱਚਾ ਸੌਦਾ ਮੁਹੱਲੇ ਦੀ ਦੁਕਾਨ ਤੋਂ ਲੈਣਾ ਹੈ ਭਾਵੇਂ ਉਹ ਕਿਸੇ ਤਰ੍ਹਾਂ ਦਾ ਵੀ ਹੈ । ਜਦੋਂ ਮੈਂ ਅਨਾਰਕਲੀ ਬਜ਼ਾਰ ਵਿੱਚੋਂ ਦੁੱਧ ਲੈਣ ਜਾਂਦਾ ਤਾਂ ਮੈਂ ਉਸ ਕਵਿਤਾ ਦੇ ਪ੍ਰਭਾਵ ਹੇਠ ਸਾਢੇ ਤਿੰਨ ਆਨੇ ਸੇਰ ਵਾਲੀ ਦੁੱਧ ਦੀ ਦੁਕਾਨ ਤੋਂ ਦੁੱਧ ਲੈ ਲਿਆ ਕਰਦਾ ਕਿਉਂਕਿ ਸਾਢੇ ਤਿੰਨ ਆਨੇ ਸੇਰ ਦੁੱਧ ਵਾਲੀ ਦੁਕਾਨ ਮੇਰੇ ਰਸਤੇ ਵਿੱਚ ਪਹਿਲਾਂ ਆਉਂਦੀ ਸੀ, ਚਾਰ ਆਨੇ ਸੇਰ ਵਾਲੀ ਦੁੱਧ ਦੀ ਖ਼ਾਸੀਅਤ ਇਹ ਹੁੰਦੀ ਸੀ ਕਿ ਉਸ ਦੁੱਧ ਵਿੱਚ ਮਲਾਈ ਬਹੁਤ ਹੁੰਦੀ ਸੀ । ਇਕ ਦਿਨ ਇਤਫ਼ਾਕ ਅਜਿਹਾ ਹੋਇਆ ਕਿ ਜਦ ਮੈਂ ਸਾਢੇ ਤਿੰਨ ਆਨੇ ਸੇਰ ਵਾਲੀ ਦੁੱਧ ਦੀ ਦੁਕਾਨ ਤੋਂ ਦੁੱਧ ਲੈ ਕੇ ਗਿਆ ਤਾਂ ਉਸ ਵਿੱਚ ਮਲਾਈ ਬਿਲਕੁਲ ਨਹੀਂ ਸੀ ਜਾਂ ਥੋੜ੍ਹੀ ਸੀ । ਮਲਾਈ ਘੱਟ ਹੋਣ ਕਰਕੇ ਜਾਂ ਨਾ ਹੋਣ ਕਰਕੇ ਸਰਦਾਰ ਨੂੰ ਸ਼ੱਕ ਪੈ ਗਿਆ ਕਿ ਦੁੱਧ ਇਸ ਨੇ ਚਾਰ ਆਨੇ ਸੇਰ ਵਾਲਾ ਨਹੀਂ ਲਿਆਂਦਾ ਬਲਕਿ ਸਸਤਾ ਦੁੱਧ ਲਿਆਂਦਾ ਹੈ । ਸਰਦਾਰ ਨੂੰ ਗੁੱਸਾ ਚੜ੍ਹ ਗਿਆ ਤੇ ਉਹ ਕਹਿਣ ਲੱਗਾ ਕਿ ਤੂੰ ਦੁੱਧ ਚਾਰ ਆਨੇ ਸੇਰ ਵਾਲਾ ਨਹੀਂ ਲਿਆਂਦਾ ਤੇ ਪੈਸੇ ਦੀ ਬੇਈਮਾਨੀ ਕੀਤੀ ਹੈ । ਬੜੇ ਜੋਸ਼ ਨਾਲ ਸਰਦਾਰ ਬੋਲ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਤੂੰ ਮੇਰੇ ਕਮਰੇ ਵਿੱਚੋਂ ਹੁਣੇ ਨਿਕਲ ਜਾ । ਜੇ ਤੂੰ ਨਾ ਨਿਕਲੇਂਗਾ ਤਾਂ ਮੈਂ ਹੁਣੇ ਪੁਲਿਸ ਬੁਲਾ ਕੇ ਤੈਨੂੰ ਇੱਥੋਂ ਕੱਢਾਂਗਾ । ਸਰਦਾਰ ਅੱਗੇ ਮੈਂ ਹੱਥ ਜੋੜਦਾ ਰਿਹਾ ਕਿ ਤੁਸੀਂ ਮੈਨੂੰ ਉੱਤਰ ਦੇਣ ਦੀ ਆਗਿਆ ਦੇ ਦਿਓ । ਮੈਂ ਬੜੇ ਤਰਲੇ ਕੀਤੇ, ਪਰ ਸਰਦਾਰ ਉੱਤਰ ਸੁਣਨਾ ਨਹੀਂ ਚਾਹੁੰਦਾ ਸੀ । ਆਖ਼ਿਰ ਮੇਰੇ ਲੰਮੇ ਤਰਲਿਆਂ ਨੂੰ ਵੇਖ ਕੇ ਉਸ ਦਾ ਦਿਲ ਪਸੀਜ ਗਿਆ ਤੇ ਉਸ ਨੇ ਕਿਹਾ ਕਿ ਚੰਗਾ ਉੱਤਰ ਦੇ । ਮੈਂ ਕਿਹਾ ਕਿ ਸਰਦਾਰ ਜੀ ਇਹ ਗੱਲ ਸੱਚ ਹੈ ਕਿ ਮੈਂ ਦੁੱਧ ਸਾਢੇ ਤਿੰਨ ਆਨੇ ਸੇਰ ਵਾਲਾ ਲਿਆਂਦਾ ਹੈ ਤੇ ਇਹੀ ਦੁੱਧ ਅੱਜ ਤਕ ਲਿਆਉਂਦਾ ਰਿਹਾ ਹਾਂ ਪਰ ਇਸ ਵਿੱਚ ਮੈਂ ਕੋਈ ਪਾਪ ਨਹੀਂ ਕੀਤਾ । ਮੈਂ ਆਪਣੇ ਉੱਤਰ ਵਿੱਚ ਸਰਦਾਰ ਨੂੰ ਉਸ ਫ਼ਾਰਸੀ ਦੀ ਕਵਿਤਾ ਦਾ ਇਕ ਬੰਦ ਸੁਣਾਇਆ ਜਿਹੜਾ ਮੈਨੂੰ ਯਾਦ ਸੀ ਤੇ ਹੁਣ ਤਕ ਯਾਦ ਹੈ :-



**ਖ਼ਰੀਦਾਰ-ਏ-ਦੁੱਕਾਨ, ਬੇਰੋਣਕ ਅੰਦ**

ਕਵਿਤਾ ਦਾ ਭਾਵ ਇਹ ਸੀ ਕਿ ਬੱਚੇ ਨੇ ਬਾਪੂ ਨੂੰ ਕਿਹਾ ਕਿ ਜਿਸ ਗਵਾਂਢੀ ਦੁਕਾਨ ਤੋਂ ਸੌਦਾ ਆਪਾਂ ਲੈਂਦੇ ਹਾਂ ਉਸ 'ਤੇ ਤਾਂ ਕੋਈ ਭੀੜ ਹੀ ਨਹੀਂ ਹੁੰਦੀ ਤੇ ਟਾਵਾਂ-ਟਾਵਾਂ ਗਾਹਕ ਉਸ ਦੁਕਾਨ 'ਤੇ ਜਾਂਦਾ ਹੈ । ਪਰ ਬਜ਼ੁਰਗ ਨੇ ਬੱਚੇ ਨੂੰ ਉੱਤਰ ਦਿੱਤਾ ਸੀ ਕਿ ਪੁੱਤਰਾ ਜੇਕਰ ਇਸ ਦੁਕਾਨ ਤੋਂ ਇਸ ਦੇ ਗਵਾਂਢੀਆਂ ਨੇ ਸੌਦਾ ਨਾ ਲਿਆ ਤਾਂ ਫਿਰ ਇਸ ਦੁਕਾਨ ਤੋਂ ਸੌਦਾ ਲੈਣ ਹੋਰ ਕੋਈ ਕਿੱਥੋਂ ਆਵੇਗਾ ਤੇ ਇਸ ਦੁਕਾਨਦਾਰ ਦੇ ਬੱਚੇ ਭੁੱਖੇ ਮਰ ਜਾਣਗੇ । ਸਰਦਾਰ ਨੇ ਮੇਰੀ ਦਲੀਲ ਨੂੰ ਮੰਨ ਲਿਆ ਤੇ ਮੈਨੂੰ ਮੁਆਫ਼ ਕਰ ਦਿੱਤਾ ਕਿ ਤੂੰ ਸੱਚਾ ਜਾਪਦਾ ਹੈਂ । ਸਰਦਾਰ ਨੂੰ ਆਪਣਾ ਉੱਤਰ ਸੁਣਾਉਣ ਦੀ ਆਗਿਆ ਲੈਣ ਲਈ ਜਿਹੜੇ ਤਰਲੇ ਮੈਂ ਉਸ ਦੇ ਕੱਢੇ ਸਨ ਉਨ੍ਹਾਂ ਵਿੱਚੋਂ ਇਕ ਤਰਲਾ ਇਹ ਸੀ ਕਿ ਸਰਦਾਰ ਜੀ ਮੇਰੀ ਮਾਂ ਨੇ ਮੈਨੂੰ ਭਾਂਡੇ ਮਾਂਜ ਕੇ ਪੜ੍ਹਾਇਆ ਹੈ ਤੇ ਮੈਂ ਦਸਵੀਂ ਜਮਾਤ ਵਿੱਚੋਂ ਦੂਜੀ ਵਾਰ ਫੇਲ੍ਹ ਹੋ ਗਿਆ ਹਾਂ । ਦਸਵੀਂ ਫੇਲ੍ਹ ਹੋਣ ਕਰਕੇ ਮੈਨੂੰ ਕਲਰਕੀ ਦੀ ਨੌਕਰੀ ਤਾਂ ਮਿਲ ਨਹੀਂ ਸਕਦੀ; ਪਰ ਹੁਣ ਜਿਹੜੀ ਮੈਂ ਬਹਿਰਾਗਿਰੀ ਦੀ ਤੁਹਾਡੀ ਨੌਕਰੀ ਕੀਤੀ ਹੈ ਜੇ ਮੈਂ ਇਸ ਨੌਕਰੀ ਵਿੱਚ ਵੀ ਸਫਲ ਨਾ ਹੋਇਆ ਤਾਂ ਦੱਸੋ ਕਿ ਮੇਰੀ ਮਾਂ ਦੇ ਹਿਰਦੇ ਨੂੰ ਕਿੰਨੀ ਸੱਟ ਵੱਜੇਗੀ ? ਜਿਸ ਸਰਦਾਰ ਦੇ ਘਰ ਮੇਰੀ ਮਾਂ ਨੌਕਰੀ ਕਰਦੀ ਹੈ ਉਸ ਘਰ ਦੀਆਂ ਬੀਬੀਆਂ ਮੇਰੀ ਮਾਂ ਨੂੰ ਮੇਰੇ ਬਾਰੇ ਕੀ ਕਹਿਣਗੀਆਂ । ਉਸ ਬਿਮਾਰ ਸਰਦਾਰ ਨੇ ਮੈਨੂੰ ਦੱਸਿਆ ਕਿ ਮੈਂ ਠੇਕੇਦਾਰ ਸਾਂ ਤੇ ਇਕ ਹੋਰ ਬੰਦੇ ਨਾਲ ਮੇਰਾ ਸਾਂਝਾ ਠੇਕਾ ਸੀ । ਉਹ ਬੰਦਾ ਠੇਕੇਦਾਰੀ ਵਿੱਚ ਬੇਈਮਾਨੀ ਕਰਦਾ ਸੀ । ਇਸ ਲਈ, ਮੈਂ ਉਸ ਨਾਲੋਂ ਅੱਡ ਹੋ ਗਿਆ ਤੇ ਉਦੋਂ ਦਾ ਵਿਹਲਾ ਹਾਂ ਤੇ ਹੁਣ ਮੈਂ ਭਾਵੇਂ ਗ਼ਰੀਬੀ ਵਿੱਚ ਦਿਨ ਕੱਟ ਰਿਹਾ ਹਾਂ ਪਰ ਮੈਂ ਠੇਕੇ ਵਿੱਚ ਬੇਈਮਾਨੀ ਦੀ ਕਮਾਈ ਨਹੀਂ ਕੀਤੀ । ਹੁਣ ਮੈਂ ਹਸਪਤਾਲ ਵਿੱਚ ਦਾਖ਼ਲ ਹਾਂ ਤੇ ਮੇਰਾ ਖ਼ਰਚਾ ਸੋਡਾਵਾਟਰ ਦੇ ਕਾਰਖ਼ਾਨੇ ਵਾਲੇ ਮੇਰੇ ਦੋਸਤ ਦੇ ਰਹੇ ਹਨ । ਸਰਦਾਰ ਮੈਨੂੰ ਦੁਪਹਿਰ ਦੇ ਦੋ ਕੁ ਵਜੇ ਬਜ਼ਾਰੋਂ ਖ਼ਜੂਰਾਂ, ਸੰਗਤਰਾ ਇਕ ਦੋ ਫਲ ਲੈਣ ਲਈ ਭੇਜਦਾ ਸੀ । ਜਦੋਂ ਉਹ ਫਲਾਂ ਨੂੰ ਖਾਣ ਲੱਗਦਾ ਸੀ ਤਾਂ ਮੈਨੂੰ ਬਰਾਬਰ ਦਾ ਹਿੱਸਾ ਖਾਣ ਲਈ ਦਿੰਦਾ ਸੀ । ਜਦੋਂ ਸਰਦਾਰ ਮੈਨੂੰ ਗੁੱਸੇ ਹੋ ਰਿਹਾ ਸੀ ਤੇ ਉਹ ਮੈਨੂੰ ਇਹ ਗੱਲ ਵੀ ਕਹਿ ਰਿਹਾ ਸੀ ਕਿ ਮੈਂ ਤੈਨੂੰ ਨੌਕਰ ਨਹੀਂ ਸਮਝਿਆ; ਜਦ ਮੈਂ ਫਲ ਖਾਂਦਾ ਹਾਂ ਤਾਂ ਤੈਨੂੰ ਬਰਾਬਰ ਦਾ ਹਿੱਸਾ ਦਿੰਦਾ ਹਾਂ, ਫੇਰ ਤੂੰ ਦੁੱਧ ਵਿੱਚ ਬੇਈਮਾਨੀ ਕਿਉਂ ਕੀਤੀ ਹੈ, ਮੇਰੇ ਲਈ ਭੈੜਾ ਦੁੱਧ ਲਿਆਉਣ ਲੱਗਿਆਂ ਤੈਨੂੰ ਉਸ ਪਿਆਰ ਦਾ ਖ਼ਿਆਲ ਨਾ ਆਇਆ ?

**(ਜੀਵਨ ਲਹਿਰ ਜਨਵਰੀ ੧੯੮੧ 'ਚੋਂ)**

### ਮੇਰੀ ਮਾਂ ਵੱਲੋਂ ਪਾਏ ਗਏ

# ਮੇਰੇ ਜਨਮ ਦੇ ਸੰਸਕਾਰ

### -ਭਗਤ ਪੂਰਨ ਸਿੰਘ

ਮੇਰੀ ਮਾਤਾ ਨੇ ਮੈਨੂੰ ਰੱਬ ਦੀ ਇਕ ਮਹਾਨ ਦਾਤ ਸਮਝਿਆ ਹੋਇਆ ਸੀ । **ਇਸ ਲਈ ਉਹ ਜੀਵ ਦਇਆ ਦੇ ਵੱਧ ਤੋਂ ਵੱਧ ਕੰਮ ਕਰਕੇ ਮੇਰੇ ਲਈ ਰੱਬ ਤੋਂ ਵੱਡੀਆਂ ਤੋਂ ਵੱਡੀਆਂ ਦਾਤਾਂ ਤੇ ਬਰਕਤਾਂ ਪ੍ਰਾਪਤ ਕਰਨਾ ਚਾਹੁੰਦੀ ਸੀ ।** ਮਿਸਾਲ ਦੇ ਤੌਰ 'ਤੇ ਮੇਰੇ ਪਿੰਡ ਵਿੱਚ ਪੰਜ ਸੌ ਘਰ ਸਨ ਤੇ ਪਿੰਡ ਦੀਆਂ ਗਊਆਂ ਮੱਝਾਂ ਦਾ ਚੌਣਾ ਪਿੰਡ ਦੇ ਦੋ ਪਾਸਿਆਂ ਨੂੰ ਛਿੜਦਾ ਸੀ । ਮੇਰੇ ਪਿੰਡ ਤੋਂ ਪੌਣਾ ਮੀਲ ਦੀ ਦੂਰੀ 'ਤੇ ਚੁਰਸਤੇ ਵਿੱਚ ਖੂਹੀ ਸੀ ਜਿੱਥੇ ਦੁਪਹਿਰ ਦੇ ਵੇਲੇ ਪਿੰਡ ਦੇ ਇਕ ਪਾਸੇ ਦੀਆਂ ਗਊਆਂ ਮੱਝਾਂ ਦਾ ਚੌਣਾ ਪਾਣੀ ਪੀਣ ਤੇ ਅਰਾਮ ਕਰਨ ਲਈ ਆਉਂਦਾ ਸੀ । ਉਹ ਖੂਹੀ ਕਈ ਪਿੰਡਾਂ ਦੇ ਚੁਰਸਤੇ 'ਤੇ ਵੀ ਸੀ ਜਿੱਥੋਂ ਦੀ ਮੁਸਾਫ਼ਰਾਂ ਦੀ ਆਵਾਜਾਈ ਸਾਰਾ ਦਿਨ ਹੁੰਦੀ ਰਹਿੰਦੀ ਸੀ । ਮੇਰੀ ਮਾਂ ਗਰਮੀਆਂ ਦੀ ਸਾਰੀ ਰੁੱਤ ਵਿੱਚ ਸਵੇਰੇ ਹੀ ਉੱਠ ਕੇ ਰੋਟੀ ਪਕਾ ਕੇ ਉਸ ਖੂਹੀ ਨੂੰ ਚਲੀ ਜਾਂਦੀ ਤੇ ਸ਼ਾਮ ਤਕ ਸਾਰਾ ਦਿਨ ਉਸ ਖੂਹੀ 'ਤੇ ਬੈਠੀ ਰਹਿੰਦੀ । ਜਿਹੜੇ ਮੁਸਾਫ਼ਰ ਸਾਰਾ ਦਿਨ ਉੱਥੋਂ ਲੰਘਦੇ ਉਨ੍ਹਾਂ ਨੂੰ ਉਹ ਖੂਹੀ ਵਿੱਚੋਂ ਪਾਣੀ ਕੱਢ ਕੇ ਪਿਲਾਉਂਦੀ ਰਹਿੰਦੀ । ਦੁਪਹਿਰ ਵੇਲੇ ਗਊਆਂ ਮੱਝਾਂ ਦਾ ਜਿਹੜਾ ਚੌਣਾ ਖੂਹੀ 'ਤੇ ਆਉਂਦਾ ਮੇਰੀ ਮਾਤਾ ਸਾਰੇ ਚੌਣੇ ਨੂੰ ਖੂਹੀ ਤੋਂ ਪਾਣੀ ਕੱਢ ਕੇ ਪਿਲਾਉਂਦੀ ।

ਖੰਨਾ ਕਸਬੇ ਦੇ ਹਾਈ ਸਕੂਲ ਵਿੱਚ ਮੈਂ ਦਸਵੀਂ ਜਮਾਤ ਤਕ ੭ ਸਾਲ ਪੜ੍ਹਿਆ ਤੇ ੭ ਸਾਲ ਬੋਰਡਿੰਗ ਹਾਊਸ ਵਿੱਚ ਰਿਹਾ । ਜਦੋਂ ਮੈਂ ਐਤਵਾਰ ਵਾਲੇ ਦਿਨ ਆਪਣੇ ਪਿੰਡ ਨੂੰ ਆਉਂਦਾ ਤਾਂ ਮੇਰੀ ਮਾਂ ਮੈਨੂੰ ਖੂਹੀ 'ਤੇ ਨਾਲ ਲੈ ਜਾਂਦੀ ਤੇ ਸਾਰਾ ਦਿਨ ਖੂਹੀ 'ਚੋਂ ਪਾਣੀ ਕੱਢਣ ਲਈ ਆਪਣੇ ਨਾਲ ਲਾ ਕੇ ਰੱਖਦੀ । ਮਾਤਾ ਮੇਰਾ ਜਨਮ ਦਿਨ ਹਰ ਸਾਲ ਮਨਾਇਆ ਕਰਦੀ । **ਮੇਰਾ ਜਨਮ ਜੇਠ ਸੁਦੀ ਦੂਜ ਦਾ ਹੈ । ਉਸ ਦਿਨ ਮੇਰੀ ਮਾਂ ਗੁੜ ਵਾਲੇ ਮਿੱਠੇ ਚੌਲ ਰਿੰਨ੍ਹਦੀ ਤੇ ਛੋਟੀ ਉਮਰ ਦੀਆਂ ਸੱਤ ਕੁੜੀਆਂ ਬੁਲਾ ਕੇ ਮੇਰੇ ਕੋਲੋਂ ਉਨ੍ਹਾਂ ਦੇ ਪੈਰ ਧੁਆਉਂਦੀ ।** ਜਦੋਂ ਉਹ ਪ੍ਰਸ਼ਾਦਾ ਛਕ ਬੈਠਦੀਆਂ ਤਾਂ ਮੈਂ ਉਨ੍ਹਾਂ ਦੇ ਆਲੇ-ਦੁਆਲੇ ਸੱਤ ਪ੍ਰਕਰਮਾ ਕਰਦਾ, ਇਕੱਲੀ-ਇਕੱਲੀ ਕੁੜੀ ਦੇ ਪੈਰਾਂ ਨੂੰ ਮੱਥਾ ਟੇਕਦਾ ਤੇ ਕੁੜੀਆਂ ਦੇ ਹੱਥਾਂ 'ਤੇ ਤਾਂਬੇ ਦੇ ਪੈਸਿਆਂ ਦੀ ਦੱਛਣਾ ਦਿੰਦਾ । ਜਦੋਂ ਮੇਰੀ ਮਾਂ ਮੈਨੂੰ ਲੈ ਕੇ ਤੁਰਿਆ ਕਰਦੀ ਤਾਂ ਰਸਤੇ ਵਿੱਚ ਦਾਣਾ ਪਿਆ ਵੇਖਦੀ ਤਾਂ ਕਹਿੰਦੀ ਕਿ ਪੁੱਤਰਾ ਰਸਤੇ ਵਿੱਚ ਦਾਣਾ ਪਿਆ ਹੈ, ਇਹ ਅੰਨ



ਭਗਵਾਨ ਹੈ ਚੁੱਕ ਲੈ, ਇਹ ਕਿਸੇ ਦੇ ਮੂੰਹ ਵਿੱਚ ਪਵੇਗਾ । ਜੇ ਰਾਹ ਵਿੱਚ ਕੰਡਾ ਪਿਆ ਹੁੰਦਾ ਤਾਂ ਮਾਂ ਕਹਿੰਦੀ ਕਿ ਪੁੱਤਰਾ ਰਸਤੇ ਵਿੱਚੋਂ ਕੰਢਾ ਚੁੱਕ ਲੈ ਕਿਸੇ ਦੇ ਪੈਰ ਵਿੱਚ ਚੁੱਭੇਗਾ । ਮੈਂ ਜਦੋਂ ਆਪਣੀ ਮਾਂ ਨਾਲ ਰਸਤੇ ਵਿੱਚ ਤੁਰਿਆ ਜਾਂਦਾ ਤੇ ਕੋਈ ਕੀੜਾ ਰਾਹ ਵਿੱਚ ਤੁਰਿਆ ਜਾਂਦਾ ਦਿਸਦਾ ਤਾਂ **ਮਾਂ ਕਿਹਾ ਕਰਦੀ ਕਿ ਪੁੱਤਰਾ ਕੀੜੇ ਉੱਤੇ ਪੈਰ ਨਾ ਧਰੀਂ, ਇਸ ਵਿੱਚ ਵੀ ਜਾਨ ਹੈ ਤੇ ਇਹ ਰੱਬ ਦਾ ਜੀਅ ਹੈ । ਜੇ ਗੱਡੇ ਦੇ ਪਹੇ ਵਿੱਚ ਇੱਟ ਪਈ ਹੁੰਦੀ ਤਾਂ ਮਾਂ ਕਿਹਾ ਕਰਦੀ ਕਿ ਪੁੱਤਰਾ ਰਸਤੇ ਵਿੱਚੋਂ ਇੱਟ ਚੁੱਕ ਲੈ, ਇਸ ਦੇ ਗੱਡੇ ਦੇ ਪਹੀਏ ਅੱਗੇ ਆਉਣ ਨਾਲ ਬਲਦ ਦਾ ਜ਼ੋਰ ਲੱਗੇਗਾ ਤੇ ਗੱਡੇ ਦੇ ਰਾਹ ਵਿੱਚ ਰੁਕਾਵਟ ਪਵੇਗੀ ।** ਮੇਰੀ ਮਾਤਾ ਨੇ ਆਪਣੇ ਪਿੰਡ ਵਿੱਚ ਪਿੱਪਲ, ਨਿੰਮ ਤੇ ਬਰੋਟਾ ਤਿੰਨਾਂ ਰੁੱਖਾਂ ਦੀਆਂ ਕਈ ਤ੍ਰਿਬੈਣੀਆਂ ਲਾਈਆਂ ਸਨ । ਉਹ ਤ੍ਰਿਬੈਣੀਆਂ ਜਦ ਤਕ ਪਲ ਨਾ ਜਾਂਦੀਆਂ ਉਦੋਂ ਤਕ ਮੇਰੀ ਮਾਤਾ ਮੈਨੂੰ ਨਾਲ ਲੈ ਕੇ ਪ੍ਰਤੀ-ਦਿਨ ਉਨ੍ਹਾਂ ਨੂੰ ਪਾਣੀ ਪਾਉਂਦੀ ਰਹਿੰਦੀ ।

ਮੇਰਾ ਪਿਤਾ ਸ਼ਾਹੂਕਾਰ ਸੀ ਤੇ ਉਸ ਨੇ ਲੋਕਾਂ ਦੇ ਨਹਾਉਣ ਲਈ ਪਿੰਡ ਵਿੱਚ ਤਲਾਬ ਬਣਵਾਇਆ ਹੋਇਆ ਸੀ । ਮੇਰੀ ਮਾਂ ਦੀਆਂ ਲਾਈਆਂ ਹੋਈਆਂ ਤ੍ਰਿਬੈਣੀਆਂ ਅਤੇ ਰੁੱਖ ਹੁਣ ਤਕ ਪਿੰਡ ਵਿੱਚ ਵੇਖੇ ਜਾ ਸਕਦੇ ਹਨ । ਪਿੰਡ ਵਿੱਚ ਦੋ ਸਾਧੂ ਰੋਜ਼ ਆਟੇ ਦੀ ਗਜਾ ਕਰਨ ਆਉਂਦੇ—ਇਕ ਰਵਿਦਾਸੀਆ ਸੰਤ ਤੇ ਇਕ ਉਦਾਸੀ ਮਹੰਤ । ਮੇਰੀ ਮਾਂ ਨੇ ਮੈਨੂੰ ਕਿਹਾ ਹੋਇਆ ਸੀ ਕਿ ਸਾਧੂਆਂ ਨੂੰ ਦੋਹਾਂ ਹੱਥਾਂ ਦੀ ਉਂਜਲ ਭਰ ਕੇ ਆਟਾ ਦੇਣਾ ਹੈ । ਸਵੇਰ ਵੇਲੇ ਮੇਰੀ ਮਾਤਾ ਜਦੋਂ ਰੋਟੀ ਪਕਾਉਂਦੀ ਤਾਂ ਸਭ ਤੋਂ ਪਹਿਲਾਂ ਰੋਟੀ ਬ੍ਰਾਹਮਣ ਦੇ ਘਰ ਜਾਂਦੀ ਸੀ । ਮੈਂ ਪਹਿਲੋਂ ਬ੍ਰਾਹਮਣ ਦੇ ਘਰ ਰੋਟੀ ਦੇ ਕੇ ਆਉਂਦਾ ਤੇ ਫਿਰ ਮੈਨੂੰ ਰੋਟੀ ਖਾਣ ਨੂੰ ਮਿਲਦੀ । ਸ਼ਿਵ ਜੀ ਦੇ ਮੰਦਰ ਸਵੇਰੇ ਤੇ ਸ਼ਾਮ ਦੋਨੋਂ ਵੇਲੇ ਜਾ ਕੇ ਸੱਤ ਪਰਕਰਮਾਂ ਕਰਕੇ ਮੈਨੂੰ ਮੱਥਾ ਟੇਕਣਾ ਪੈਂਦਾ ਸੀ । ਚਿੜੀਆਂ ਤੇ ਜਾਨਵਰਾਂ ਨੂੰ ਚੀਣਾ ਵੀ ਮੇਰੀ ਮਾਤਾ ਮੇਰੇ ਕੋਲੋਂ ਕੋਠੇ 'ਤੇ ਸੁਟਵਾਇਆ ਕਰਦੀ ਸੀ । ਪਿਤਾ ਸ਼ਾਹੂਕਾਰ ਸੀ । ਸੰਨ ੧੯੦੫ ਵਿੱਚ ਜਿਹੜੀ ਪਲੇਗ ਪਈ ਉਸ ਸਮੇਂ ਮੇਰੀ ਉਮਰ ਇਕ ਸਾਲ ਦੀ ਸੀ । ਮੇਰੇ ਮਾਂ ਬਾਪ ਦੋਵੇਂ ਜਣੇ ਪਿੰਡ ਦੇ ਇਕੱਲੇ-ਇਕੱਲੇ ਪਲੇਗ ਦੇ ਰੋਗੀ ਕੋਲ ਜਾਂਦੇ ਤੇ ਉਸ ਕੋਲੋਂ ਉਸ ਦਾ ਹਾਲ ਚਾਲ ਪੁੱਛਦੇ ਸਨ। ਮੈਂ ਉਦੋਂ ਆਪਣੀ ਮਾਂ ਦੀ ਗੋਦੀ ਵਿੱਚ ਹੁੰਦਾ ਸਾਂ ।

ਮੇਰੇ ਮਾਂ ਬਾਪ ਨੂੰ ਤੀਰਥਾਂ ਦੀ ਯਾਤਰਾ ਦੀ ਤਾਂਘ ਹਰ ਵੇਲੇ ਰਹਿੰਦੀ ਸੀ । ਗੰਗਾ ਜੀ ਦੇ ਇਸ਼ਨਾਨ ਦਾ ਉਨ੍ਹਾਂ ਨੂੰ ਬਹੁਤ ਚਾਅ ਰਹਿੰਦਾ ਸੀ । ਹਰਿਦਵਾਰ, ਰਿਸ਼ੀਕੇਸ਼, ਲਛਮਣ ਝੂਲਾ ਤੇ ਹਰਦੁਆਰ ਦੇ ਕੁੰਭ ਦੇ ਮੇਲੇ ਨੂੰ

ਵੇਖਣ ਲਈ ਮੇਰੇ ਮਾਂ ਬਾਪ ਮੈਨੂੰ ਨਾਲ ਲੈ ਕੇ ਜਾਇਆ ਕਰਦੇ ਸਨ । ਜਿਸ ਖੂਹੀ 'ਤੇ ਮੇਰੀ ਮਾਤਾ ਪਿੰਡ ਦੇ ਚੌਣੇ ਨੂੰ ਪਾਣੀ ਪਿਲਾਇਆ ਕਰਦੀ ਸੀ; ਉਹ ਪਿੰਡ ਦੇ ਇਕ ਭਗਤ ਨੇ ਬਣਾਈ ਸੀ । ਉਹ ਪ੍ਰਤੀ-ਦਿਨ ਸਾਡੇ ਘਰ ਪ੍ਰਸ਼ਾਦਾ ਛਕਦਾ ਸੀ । ਉਸ ਲਈ ਮੇਰੀ ਮਾਂ ਪ੍ਰਤੀ-ਦਿਨ ਮੂੰਗੀ ਦੀ ਦਾਲ ਰਿੰਨ੍ਹਦੀ ਸੀ ਤੇ ਉਸ ਨੂੰ ਸਾਡੇ ਘਰੋਂ ਸ਼ੱਕਰ, ਗੁੜ, ਖੰਡ, ਹਰ ਵਸਤੂ ਬਿਨਾਂ ਪੁੱਛੇ ਲੋੜ ਅਨੁਸਾਰ ਆਪਣੇ ਆਪ ਤੋਂ ਲੈਣ ਦੀ ਆਗਿਆ ਸੀ । ਸੰਨ ੧੯੧੪ ਦੇ ਲਾਗੇ ਜਦੋਂ ਕਾਲ ਪਿਆ, ਉਸ ਵਿੱਚ ਮੇਰੇ ਪਿਤਾ ਦਾ ਸ਼ਾਹੂਕਾਰੇ ਦਾ ਕੰਮ ਸਮਾਪਤ ਹੋ ਗਿਆ ਸੀ । ਉਸ ਵੇਲੇ ਮੇਰੇ ਪਿਤਾ ਪਾਸ ਜਿਹੜੀ ਰਕਮ ਤਿੰਨ ਚਾਰ ਹਜ਼ਾਰ ਰੁਪਏ ਦੀ ਹੋਵੇਗੀ ਉਸ ਰੁਪਏ ਨਾਲ ਉਸ ਨੇ ਰੇਲ ਦਾ ਇਕ ਡੱਬਾ ਮਕੱਈ ਦਾ ਲਾਇਲਪੁਰ ਤੋਂ ਲਿਆਂਦਾ ਤੇ ਦੋ ਡੱਬੇ ਤੂੜੀ ਦੇ । ਉਹ ਤੂੜੀ ਤੇ ਮੱਕੀ ਖੰਨਾ ਕਸਬੇ ਦੇ ਰੇਲਵੇ ਸਟੇਸ਼ਨ 'ਤੇ ਮੇਰੇ ਬਾਪ ਨੇ ਪਿੰਡ ਦੇ ਬੰਦਿਆਂ ਨੂੰ ਤੋਲ ਤੋਲ ਕੇ ਇਹ ਕਹਿ ਕੇ ਸਟੇਸ਼ਨ 'ਤੇ ਵੰਡ ਦਿੱਤੀ ਕਿ ਜਦੋਂ ਤੁਹਾਡੇ ਕੋਲ ਪੈਸੇ ਹੋਣਗੇ ਦੇ ਦੇਣਾ ਨਹੀਂ ਤਾਂ ਰੱਬ ਲੇਖੇ । ਮੇਰੀ ਮਾਤਾ ਪ੍ਰਤੀ-ਦਿਨ ਪਿੰਡ ਦੇ ਆਟੇ ਦੀ ਗਜਾ ਲੈਣ ਵਾਲੇ ਸਾਧ ਪਾਸੋਂ ਜਪੁ ਜੀ ਸਾਹਿਬ ਦੀ ਜ਼ਬਾਨੀ ਸੰਥਿਆ ਲੈਂਦੀ ਸੀ ਤੇ ਜਿੰਨਾ ਕੁ ਉਸ ਨੂੰ ਜਪੁ ਜੀ ਸਾਹਿਬ ਜ਼ਬਾਨੀ ਯਾਦ ਹੋਇਆ ਸੀ ਓਨਾ ਪਾਠ ਉਹ ਸਵੇਰ ਵੇਲੇ ਨਹਾ ਕੇ ਪ੍ਰਤੀ-ਦਿਨ ਕਰਦੀ ਸੀ । ਪਿੰਡ ਵਿੱਚ ਜੇ ਕਿਸੇ ਦੇ ਘਰ ਜਾਂ ਪਿੰਡ ਦੀ ਧਰਮਸ਼ਾਲਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪੈਂਦਾ ਜਾਂ ਗੁਰਬਾਣੀ ਦਾ ਕੀਰਤਨ ਹੁੰਦਾ ਤਾਂ ਮੇਰੀ ਮਾਤਾ ਮੈਨੂੰ ਨਾਲ ਲੈ ਕੇ ਪਾਠ ਤੇ ਕੀਰਤਨ ਸੁਣਨ ਜਾਂਦੀ । ਇਕ ਵਾਰ ਮੇਰੇ ਮਾਤਾ ਪਿਤਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਏ ਸਨ, ਓਦੋਂ ਮੈਂ ਆਪਣੀ ਮਾਤਾ ਦੇ ਗਰਭ ਵਿੱਚ ਸਾਂ । ਮੇਰਾ ਜਨਮ ਇਕ ਹਿੰਦੂ ਪਰਿਵਾਰ ਵਿੱਚ ਹੋਇਆ ਸੀ ਤੇ ਮੇਰੇ ਪਿਤਾ ਦਾ ਨਾਮ ਲਾਲਾ ਸ਼ਿਬੂ ਮੱਲ ਸੀ । ਮੈਂ ਸ਼ਾਇਦ **14** ਸਾਲ ਦਾ ਹੋਵਾਂਗਾ ਜਦੋਂ ਮੈਨੂੰ ਫ਼ਤਹਿਗੜ੍ਹ ਸਾਹਿਬ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਦੇਖਣ ਦਾ ਅਵਸਰ ਮਿਲਿਆ ।

ਮੇਰੀ ਮਾਤਾ ਪੂਰਨਮਾਸ਼ੀ ਵਾਲੇ ਦਿਨ ਸੱਤ ਨਾਰਾਇਣ ਦਾ ਵਰਤ ਰੱਖਿਆ ਕਰਦੀ ਸੀ ਤੇ ਪੰਡਤ ਨੂੰ ਘਰ ਬੁਲਾ ਕੇ ਸੱਤ ਨਰਾਇਣ ਦੀ ਕਥਾ ਸੁਣਿਆ ਕਰਦੀ ਸੀ । ਕੱਤਕ ਦਾ ਸਾਰਾ ਮਹੀਨਾ ਮੇਰੀ ਮਾਂ ਤੜਕੇ ਤਲਾਅ ਵਿੱਚ ਇਸ਼ਨਾਨ ਕਰਕੇ ਸਿਮਰਨ ਕਰਿਆ ਕਰਦੀ ਸੀ । ਉਹ ਰਾਤ ਨੂੰ ਸੌਣ ਲੱਗਿਆਂ ਹਰਿਦੁਆਰ, ਰਿਸ਼ੀਕੇਸ਼ ਤੇ ਸ੍ਰੀ ਦਰਬਾਰ ਸਾਹਿਬ ਜੈਸੇ ਤੀਰਥਾਂ 'ਤੇ ਅਨੇਕਾਂ ਮਹਾਂਪੁਰਸ਼ਾਂ ਦਾ ਨਾਂ ਲੈ ਕੇ ਇਹ ਅਰਦਾਸ ਕਰਕੇ ਸੌਂਇਆ ਕਰਦੀ ਸੀ ਕਿ ਹੇ ਪ੍ਰਮਾਤਮਾ ਸਭ ਦਾ ਭਲਾ ਕਰੀਂ । ਜਦੋਂ ਮੈਂ ਸੁੱਤਾ ਉੱਠਦਾ ਤਾਂ ਮਾਂ ਕਿਹਾ



ਕਰਦੀ ਕਿ ਪੁੱਤਰਾ ਧਰਤੀ ਨੂੰ ਨਮਸਕਾਰ ਕਰਕੇ ਧਰਤੀ 'ਤੇ ਪੈਰ ਧਰੀਂ ।

ਮੈਂ ਆਪਣੀ ਦਸਵੀਂ ਜਮਾਤ ਦੀ ੧੯ ਸਾਲ ਦੀ ਉਮਰ ਵਿੱਚ ਹਫ਼ਤੇ ਵਿੱਚ ਤਿੰਨ ਵਰਤ ਰੱਖਿਆ ਕਰਦਾ ਸਾਂ ਜਿਨ੍ਹਾਂ ਵਿੱਚੋਂ ਮੰਗਲਵਾਰ ਦਾ ਵਰਤ ਹਨੂਮਾਨ ਜਤੀ ਦਾ ਵਰਤ ਹੁੰਦਾ ਸੀ । ਦੂਜਾ ਸ਼ਾਇਦ ਭੈਰੋਂ ਜਤੀ ਦਾ ਸੀ । ਉਨ੍ਹਾਂ ਵਰਤਾਂ ਵਿੱਚੋਂ ੨੪ ਘੰਟੇ ਮਗਰੋਂ ਸ਼ਾਮ ਨੂੰ ਮਿੱਠੇ ਨਾਲ ਰੋਟੀ ਖਾਈਦੀ ਹੈ । ਮੈਂ ਆਪਣੀ ੧੫ ਸਾਲ ਦੀ ਉਮਰ ਵਿੱਚ ਇਕ ਪੰਡਤ ਨੂੰ ਗੁਰੂ ਧਾਰ ਕੇ ਜਨੇਊ ਵੀ ਧਾਰਨ ਕੀਤਾ ਸੀ । ਸੰਨ ੧੯੨੩ ਵਿੱਚ ਮੈਂ ਲੁਧਿਆਣਾ ਤੋਂ ਖੰਨਾ ਕਸਬੇ ਨੂੰ ਪੈਦਲ ਤੁਰੇ ਜਾਂਦੇ ਨੇ ਗੁਰਦੁਆਰਾ ਰੇਰੂ ਸਾਹਿਬ ਵਿਖੇ ਮੁਸਾਫ਼ਰੀ ਦੀਆਂ ਇਕ ਜਾਂ ਦੋ ਰਾਤਾਂ ਕੱਟੀਆਂ ਸਨ ਤੇ ਓਨੇ ਸਮੇਂ ਵਿੱਚ ਮੇਰੇ ਹਿਰਦੇ 'ਤੇ ਗੁਰਦੁਆਰਿਆਂ ਦੇ ਸੱਭਿਆਚਾਰ ਦਾ ਇਤਨਾ ਪ੍ਰਭਾਵ ਪਿਆ ਕਿ ਉਸ ਦੇ ਸਿੱਟੇ ਦੇ ਤੌਰ 'ਤੇ ਮੈਂ ਉਸ ਗੁਰਦਵਾਰੇ ਤੋਂ ਸਿੱਖ ਬਣ ਕੇ ਨਿਕਲਿਆ । ਗੁਰਦੁਆਰੇ ਵਿੱਚ ਮਿੱਠੇ ਚੌਲ ਬੜੇ ਪ੍ਰੇਮ ਨਾਲ ਵਰਤਾਏ ਗਏ । ਗੁਰਦੁਆਰੇ ਦੇ ਸੰਤ ਜੀ ਨੇ ਗੁਰਦੁਆਰੇ ਦੀ ਸਾਰੀ ਸੰਗਤ ਨਾਲ ਰਲ ਕੇ ਸ਼ਬਦ ਕੀਰਤਨ ਕੀਤਾ । ਮੈਂ ਉੱਥੇ ਅਜਿਹੇ ਸਿੱਖ ਵੇਖੇ ਜਿਹੜੇ ਗੁਰਦੁਆਰੇ ਦੀ ਖੇਤੀ ਕਰਦੇ ਸਨ ਤੇ ਜਿਨ੍ਹਾਂ ਨੇ ਆਪਣਾ ਜੀਵਨ ਗੁਰਦੁਆਰੇ ਦੀ ਸੇਵਾ ਵਿੱਚ ਅਰਪਣ ਕੀਤਾ ਹੋਇਆ ਸੀ । ਮੇਰਾ ਘਰ ਟੁੱਟ ਚੁੱਕਿਆ ਸੀ । ਮੇਰੇ ਘਰ ਦੇ ਤਿੰਨ ਜੀਅ ਸਨ—ਪਿਤਾ, ਮਾਤਾ ਤੇ ਮੈਂ । ਘਰ ਵਿੱਚ ਗ਼ਰੀਬੀ ਆ ਜਾਣ ਦੇ ਕਾਰਨ ਮਾਤਾ ਨੇ ਸੈਂਕੜੇ ਮੀਲਾਂ 'ਤੇ ਜਾ ਕੇ ਮੇਰੀ ਪੜ੍ਹਾਈ ਲਈ ਭਾਂਡੇ ਮਾਂਜਣ ਦੀ ਨੌਕਰੀ ਕੀਤੀ ਸੀ । ਉਸ ਗੁਰਦੁਆਰੇ ਦੇ ਸੱਭਿਆਚਾਰ ਨੂੰ ਦੇਖ ਕੇ ਮੈਂ ਮਹਿਸੂਸ ਕੀਤਾ ਕਿ ਮੈਨੂੰ ਉਹ ਘਰ ਲੱਭ ਗਿਆ ਹੈ ਜਿਸ ਦੀ ਛਤਰ-ਛਾਇਆ ਹੇਠ ਮੈਂ ਪ੍ਰਾਣੀ-ਮਾਤਰ ਦੀ ਸੇਵਾ ਵਿੱਚ ਜੀਵਨ-ਗੁਜ਼ਾਰ ਸਕਾਂਗਾ । ਜਦੋਂ ਮੈਂ ੧੪ ਕੁ ਸਾਲਾਂ ਦਾ ਸਾਂ ਤਾਂ ਮੈਂ ਇਕ ਵਾਰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ 'ਤੇ ਫ਼ਤਹਿਗੜ੍ਹ ਸਾਹਿਬ ਗਿਆ । ਉੱਥੇ ਮੈਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਨੌਜਵਾਨ ਏ.ਡੀ.ਸੀ. ਦੀ ਕੇਸਾਂ ਵਾਲੀ ਪੱਗ ਤੇ ਦਾਹੜੀ ਨੂੰ ਵੇਖ ਕੇ ਆਪਣੀ ਮਾਂ ਨੂੰ ਕਿਹਾ ਸੀ ਕਿ ਮਾਂ ਮੈਂ ਵੀ ਕੇਸ ਰੱਖਣਾ ਚਾਹੁੰਦਾ ਹਾਂ ।

ਦਸਵੀਂ ਜਮਾਤ ਦਾ ਇਮਤਿਹਾਨ ਦੇਣ ਪਿੱਛੋਂ ਮੈਂ ਆਪਣੀ ਮਾਂ ਪਾਸ ਲਾਹੌਰ ਚਲਾ ਗਿਆ ਤੇ ਉੱਥੇ ਮੈਂ ਆਪਣਾ ਜੀਵਨ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕੀਤਾ । ਮਹਾਤਮਾ ਗਾਂਧੀ ਜੀ ਦੀਆਂ ਲਿਖਤਾਂ ਜਿਹੜੀਆਂ ਉਨ੍ਹਾਂ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ **Young India** ਵਿੱਚ ਨਿਕਲਦੀਆਂ ਸਨ ਉਨ੍ਹਾਂ ਦੀ ਪੜ੍ਹਾਈ ਮੇਰੇ ਕੋਲੋਂ ਦੇਸ਼-ਸੇਵਾ ਲਈ ਜੀਵਨ ਅਰਪਣ ਕਰਨ ਦਾ ਖ਼ਾਸ

ਕਾਰਨ ਬਣੀ ਸੀ । ਡੇਹਰਾ ਸਾਹਿਬ ਰਹਿੰਦਿਆਂ ਮੈਂ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਦਾ ਕੰਮ ਖ਼ਾਸ ਤੌਰ 'ਤੇ ਕਰਦਾ ਰਿਹਾ । ਮੈਂ ਸਾਰੀ ਉਮਰ ਨੌਕਰੀ ਨਹੀਂ ਕੀਤੀ । ਮੈਂ ਸਾਰੀ ਉਮਰ ਪ੍ਰੇਮ ਨਾਲ ਸੇਵਾ ਕੀਤੀ ਹੈ । ਸੇਵਾ ਦੇ ਨਾਲ ਮੈਂ ਸਾਰੀ ਉਮਰ ਦੇਸ਼ ਤੇ ਦੁਨੀਆਂ ਦੀਆਂ ਸਮੱਸਿਆਵਾਂ ਦਾ ਗਿਆਨ ਪ੍ਰਾਪਤ ਕਰਦਾ ਰਿਹਾ ਹਾਂ ਜਿਸ ਦਾ ਸਿੱਟਾ ਇਹ ਹੈ ਕਿ ਮੈਨੂੰ ਕਾਲਜਾਂ ਤੋਂ ਲੈਕਚਰਾਂ ਲਈ ਮੰਗ ਆਉਂਦੀ ਹੈ ਤੇ ਕਾਲਜਾਂ ਦੇ ਵਿਦਿਆਰਥੀ ਮੇਰੇ ਲੈਕਚਰ ਨੂੰ ਬੜੇ ਗਹੁ ਨਾਲ ਸੁਣਦੇ ਹਨ । ਸੰਨ ੧੯੩੪ ਵਿੱਚ ਇਕ ਲਾਵਾਰਸ ਬੱਚਾ ਮੈਂ ਗੁਰਦੁਆਰਾ ਡੇਹਰਾ ਸਾਹਿਬ ਤੋਂ ਚੁੱਕਿਆ ਸੀ ਜਿਸ ਨੂੰ ਬੱਚਿਆਂ ਦੇ ਕਿਸੇ ਯਤੀਮਖ਼ਾਨੇ ਨੇ ਦਾਖ਼ਲ ਨਹੀਂ ਕੀਤਾ ਸੀ । ਸੰਨ ੧੯੪੭ ਦੀ ਦੇਸ਼ ਦੀ ਵੰਡ ਦੇ ਵੇਲੇ ਮੈਂ ਉਸ ਲੂਲ੍ਹੇ ਬੱਚੇ ਨੂੰ ਲੈ ਕੇ ਅੰਮ੍ਰਿਤਸਰ ਪੁੱਜਾ । ਖ਼ਾਲਸਾ ਕਾਲਜ ਦੇ ਰਫ਼ਿਊਜੀ ਕੈਂਪ ਦੇ ਲਾਵਾਰਸ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਮੈਂ ਆਰੰਭ ਕੀਤੀ ਤੇ ਇਹ ਕਾਰਜ ਫੈਲਦਾ-ਫੈਲਦਾ ਪਿੰਗਲਵਾੜੇ ਦਾ ਰੂਪ ਧਾਰਨ ਕਰ ਗਿਆ ਜਿਸ ਵਿੱਚ ੪੭੫ ਰੋਗੀ ਤੇ ਅਪਾਹਿਜ ਹਨ ।

(ਜੀਵਨ ਲਹਿਰ ਜੂਨ ੧੯੮੦)



# ਮੇਰੀ ਪੜ੍ਹਾਈ

**ਪੀਣ ਵਾਲੇ ਪਾਣੀ ਦੀ ਘਾਟ ਜੈਸੇ ਮਸਲਿਆਂ ਬਾਰੇ ਕਦੋਂ ਦੀ ਹੁੰਦੀ ਰਹੀ ਹੈ ਤੇ ਕਿਵੇਂ ਹੁੰਦੀ ਰਹੀ ਹੈ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਲਈ ਭਾਰੇ ਸ਼ੁਕਰਾਨੇ ਦੇ ਜਜ਼ਬਿਆਂ ਨਾਲ। -ਭਗਤ ਪੂਰਨ ਸਿੰਘ**

ਆਪਣੇ ਜਨਮ ਤੋਂ ਮੈਂ ਸੇਵਾ ਦੇ ਪ੍ਰਬਲ ਸੰਸਕਾਰ ਲੈ ਕੇ ਪੈਦਾ ਹੋਇਆ । ਮੇਰੀ ਮਾਂ ਨੇ ਹਿਰਦੇ ਦੀ ਪੂਰੀ ਇਕਾਗਰਤਾ ਨਾਲ ਰੱਬ ਦਾ ਖ਼ਿਆਲ ਆਪਣੇ ਹਿਰਦੇ ਵਿੱਚ ਸਵਾਸ-ਸਵਾਸ ਰੱਖਦਿਆਂ ਮੈਨੂੰ ਪਾਲਿਆ । ਉਹ ਮੈਨੂੰ ਸੰਤਾਂ, ਭਗਤਾਂ ਤੇ ਮਹਾਂਪੁਰਸ਼ਾਂ ਦੀਆਂ ਅਜਿਹੀਆਂ ਕਹਾਣੀਆਂ ਸੁਣਾਉਂਦੀ ਰਹੀ ਜਿਨ੍ਹਾਂ ਨਾਲ ਮੇਰੇ ਲੂੰ-ਲੂੰ ਵਿੱਚ ਪਰਉਪਕਾਰ ਦਾ ਭਾਵ ਸਮਾ ਗਿਆ । ਮੇਰੇ ਬਚਪਨ ਤੋਂ ਹੀ ਮੇਰੀ ਮਾਂ ਨੇ ਮੇਰੇ ਹਿਰਦੇ ਵਿੱਚ ਰੱਬ ਦੀ ਹੋਂਦ ਦਾ ਇਹ ਪ੍ਰਬਲ ਖ਼ਿਆਲ ਪੈਦਾ ਕਰ ਦਿੱਤਾ ਸੀ ਕਿ ਉਹ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ ਤੇ ਜੀਵਨ ਦੇ ਵਿਕਾਸ ਲਈ ਸਵਾਸ-ਸਵਾਸ ਉਸ ਨਾਲ ਸੰਬੰਧ ਜੋੜ ਕੇ ਜਿਊਣਾ ਚਾਹੀਦਾ ਹੈ ।

ਆਪਣੀ ੨੩ ਸਾਲ ਦੀ ਉਮਰ ਤਕ ਮੈਂ ਕਿਸੇ ਕੰਮ ਵਿੱਚ ਨਹੀਂ ਪਿਆ ਸਾਂ । ਮੈਂ ਸੰਨ ੧੯੨੯ ਵਿੱਚ ਦਸਵੀਂ ਜਮਾਤ ਦਾ ਦੂਜੀ ਵਾਰ ਇਮਤਿਹਾਨ ਦੇਣ ਪਿੱਛੋਂ ਪਾਕਿਸਤਾਨ ਬਣਨ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀ ਰਾਜਧਾਨੀ ਦੇ ਸ਼ਹਿਰ ਲਾਹੌਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਹੱਥਾਂ ਦੀ ਅਨੇਕ ਪ੍ਰਕਾਰ ਦੀ ਸੇਵਾ ਕਰਨ ਲੱਗ ਪਿਆ ਸਾਂ ਤੇ ਤਿੰਨਾਂ ਸਾਲਾਂ ਦੇ ਇਸ ਸਮੇਂ ਵਿੱਚ ਮੈਂ ਉਸ ਮਹਾਨ ਅਸਥਾਨ ਦੀ ਛਤਰ-ਛਾਇਆ ਹੇਠ ਜੀਵਨ ਨਿਰਬਾਹ ਕਰਦਾ ਹੋਇਆ ਵਿਦਵਾਨਾਂ ਦੀ ਸੰਗਤ ਤੇ ਲਾਇਬ੍ਰੇਰੀਆਂ ਵਿੱਚ ਜਾ ਕੇ ਪੁਸਤਕਾਂ ਤੇ ਅਖ਼ਬਾਰਾਂ ਦੁਆਰਾ ਦੇਸ਼ ਤੇ ਦੁਨੀਆਂ ਦੇ ਹਾਲਾਤ ਦਾ ਪਤਾ ਕਰਦਾ ਗਿਆ, ਤਾਂ ਕਿ ਮੈਂ ਅਨੁਮਾਨ ਲਗਾ ਸਕਾਂ ਕਿ ਕਿਹੜਾ ਕੰਮ ਸਮਾਜ ਲਈ ਜ਼ਰੂਰੀ ਹੈ ਤੇ ਕਿਹੜਾ ਕੰਮ ਦੇਸ਼ ਦੇ ਭਲੇ ਲਈ ਜ਼ਰੂਰੀ ਹੈ ।

ਸਭ ਤੋਂ ਪਹਿਲਾਂ ਮੈਨੂੰ **National College** ਰਾਸ਼ਟਰੀ ਵਿਦਿਆਲਾ ਵਿੱਚ ਦਾਖ਼ਲ ਹੋਣ ਦਾ ਖ਼ਿਆਲ ਆਇਆ ਜਿੱਥੇ ਵਿਦਿਆਰਥੀਆਂ ਨੂੰ ਰਾਜਸੀ ਵਿਦਿਆ ਦਿੱਤੀ ਜਾਂਦੀ ਸੀ । ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਤੇ ਦੇਸ਼ ਸੇਵਾ ਲਈ ਤਿਆਰ ਕੀਤਾ ਜਾਂਦਾ ਸੀ, ਪਰ ਸੂਬਾ ਕਾਂਗਰਸ ਦੇ ਦਫ਼ਤਰੋਂ ਜਵਾਬ ਮਿਲਿਆ ਕਿ ਉਹ ਕਾਲਜ ਬੰਦ ਹੋ ਚੁੱਕਿਆ ਹੈ । ਫਿਰ ਮੈਨੂੰ ਇਹ ਖ਼ਿਆਲ ਆਇਆ

ਕਿ ਗਿਆਨੀ ਪਾਸ ਕਰਾਂ ਤੇ ਕੀਰਤਨ ਸਿੱਖਾਂ ਕਿਉਂਕਿ ਇਹ ਦੋਵੇਂ ਕੰਮ ਮੈਂ ਇਕ ਆਸ਼ਰਮ ਵਿੱਚੋਂ ਮੁਫ਼ਤ ਸਿੱਖ ਸਕਦਾ ਸਾਂ । ਇਹ ਖ਼ਿਆਲ ਮੈਂ ਕਰ ਹੀ ਰਿਹਾ ਸਾਂ ਕਿ ਮੈਨੂੰ ਲਾਹੌਰ ਸ਼ਹਿਰ ਵਿੱਚ ੪੦ ਕੁ ਦਿਨ-ਰਾਤ ਰਹਿ ਕੇ ਇਕ ਬਿਮਾਰ ਬੰਦੇ ਦੀ ਸੇਵਾ ਕਰਨੀ ਪੈ ਗਈ । ਉੱਥੇ ੪੦੦ ਦੇ ਕਰੀਬ ਰੋਗੀ ਮੌਜੂਦ ਸਨ । ਉਹਨਾਂ ਰੋਗੀਆਂ ਵਿੱਚੋਂ ਬਹੁਤਿਆਂ ਦਾ ਕੋਈ ਨਹੀਂ ਸੀ ਹੁੰਦਾ ਤੇ ਨਾ ਹੀ ਕੋਈ ਉਹਨਾਂ ਦੀ ਖ਼ਬਰਸਾਰ ਲੈਂਦਾ ਸੀ । ਮੈਂ ਸੋਚਿਆ ਕਿ ਮੈਂ ਕੰਪਾਉਂਡਰੀ ਸਿੱਖ ਲਵਾਂ ਤੇ ਵੱਡੇ ਹਸਪਤਾਲ ਵਿੱਚ ਬੇਆਸਰੇ ਤੇ ਗ਼ਰੀਬ ਰੋਗੀਆਂ ਦਾ ਦੁੱਖ-ਸੁੱਖ ਪੁੱਛਦਾ ਰਹਾਂ । ਸ਼ਹਿਰ ਵਿੱਚ ਵੀ ਜਿੱਥੇ ਕਿਸੇ ਗ਼ਰੀਬ ਨੂੰ ਸੜਕ ’ਤੇ ਜ਼ਖ਼ਮੀ ਪਿਆ ਵੇਖਾਂ ਉੱਥੇ ਉਸਦੀ ਮਲ੍ਹਮ-ਪੱਟੀ ਕਰ ਦਿਆਂ ਕਰਾਂ। ਸੋ ਮੈਂ ਸ਼ਹਿਰ ਦੇ ਵੱਡੇ ਹਸਪਤਾਲ ‘ਮਿਓ ਹਸਪਤਾਲ’ ਵਿੱਚ ਕੰਪਾਉਂਡਰੀ ਦਾ ਕੰਮ ਸਿੱਖਣ ਲੱਗ ਪਿਆ । ਕੰਪਾਉਂਡਰੀ ਦਾ ਕੰਮ ਮੈਂ ਸਵੇਰ ਦੇ ੯ ਵਜੇ ਤੋਂ ਲੈ ਕੇ ਦੁਪਹਿਰ ਦੇ ਡੇਢ ਦੋ ਵਜੇ ਤਕ ਸਿੱਖਣਾ ਹੁੰਦਾ ਸੀ, ਉਸ ਤੋਂ ਪਿੱਛੋਂ ਮੈਨੂੰ ਛੁੱਟੀ ਹੁੰਦੀ ਸੀ । ਹਸਪਤਾਲ ਦੇ ਸਾਹਮਣੇ ਦਇਆਲ ਸਿੰਘ ਲਾਇਬ੍ਰੇਰੀ ਸੀ । ਹਸਪਤਾਲ ਤੋਂ ਛੁੱਟੀ ਹੁੰਦਿਆਂ ਹੀ ਮੈਂ ਉਸ ਲਾਇਬ੍ਰੇਰੀ ਵਿੱਚ ਚਲਿਆ ਜਾਂਦਾ । ਲਾਇਬ੍ਰੇਰੀ ਵਿੱਚ ਵੜਦਿਆਂ ਹੀ ਸਭ ਤੋਂ ਪਹਿਲਾਂ ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ ਨੂੰ ਪੜ੍ਹਨ ਲੱਗ ਗਿਆ । ਜਿਉਂ-ਜਿਉਂ ਮੈਂ ਉਸ ਨੂੰ ਪੜ੍ਹਦਾ ਗਿਆ ਤਿਉਂ-ਤਿਉਂ ਮੇਰਾ ਹਿਰਦਾ ਉਸ ਵੱਲ ਵੱਧ ਤੋਂ ਵੱਧ ਖਿੱਚਿਆ ਜਾਂਦਾ ਰਿਹਾ । ਮਹਾਤਮਾ ਗਾਂਧੀ ਨੇ ਬਹੁਤ ਪੁਸਤਕਾਂ ਆਪ ਲਿਖੀਆਂ ਸਨ ਤੇ ਉਹਨਾਂ ਦਾ ਛਾਪਾਖ਼ਾਨਾ ਨਵ-ਜੀਵਨ ਪ੍ਰੈੱਸ ਅਹਿਮਦਾਬਾਦ (ਗੁਜਰਾਤ) ਹੋਰਨਾਂ ਵਿਦਵਾਨਾਂ ਦੀਆਂ ਪੁਸਤਕਾਂ ਵੀ ਛਾਪਦਾ ਰਹਿੰਦਾ ਸੀ, ਜਿਨ੍ਹਾਂ ਵਿੱਚ ਦੇਸ਼ ਤੇ ਦੁਨੀਆਂ ਦੀਆਂ ਜ਼ਰੂਰੀ ਸਮੱਸਿਆਵਾਂ ਦਾ ਚਰਚਾ ਹੁੰਦਾ ਸੀ ।

**ਇਕ ਅਮਰੀਕਨ ਵਿਦਵਾਨ Richard B Gregg ਨੇ ਮਹਾਤਮਾ ਗਾਂਧੀ ਦੇ ਸਾਹਿਤ ਨੂੰ ਪੜ੍ਹਿਆ ਤੇ ਉਹ ਉਹਨਾਂ ਦੇ ਦਿਹਾਤੀ ਦਸਤਕਾਰੀ ਤੇ ਖ਼ਾਸ ਤੌਰ ’ਤੇ ਖੱਦਰ ਦੇ ਪ੍ਰੋਗਰਾਮ ਤੋਂ ਬਹੁਤ ਪ੍ਰਭਾਵਿਤ ਹੋਇਆ । Richard B Gregg ਗਿਆਨ ਦਾ ਬਹੁਤ ਵੱਡਾ ਖੋਜੀ ਬੰਦਾ ਸੀ । ਸੰਨ ੧੯੩੬ ਦੇ ਲਾਗੇ ਉਸਦੀ ਇਕ ਅੰਗਰੇਜ਼ੀ ਪੁਸਤਕ Economics of Khaddar (ਖਾਦੀ ਦਾ ਅਰਥ-ਸ਼ਾਸਤਰ) ਛਪੀ ਜਿਸ ਵਿੱਚ ਉਸ ਨੇ ਖੱਦਰ ਦੀ ਹੱਥਾਂ ਦੀ ਦਸਤਕਾਰੀ ਦੇ ਹੱਕ ਵਿੱਚ ਤੇ ਮਸ਼ੀਨੀ ਕਾਰਖ਼ਾਨਿਆਂ ਦੇ ਵਿਰੁੱਧ ਅਜਿਹੀਆਂ ਦਲੀਲਾਂ ਦਿੱਤੀਆਂ ਜਿਹੜੀਆਂ ਮਹਾਤਮਾ ਗਾਂਧੀ ਨੂੰ ਵੀ ਨਹੀਂ ਸੁੱਝੀਆਂ ਸਨ ।** ਮੈਂ ਉਹਨਾਂ ਸਾਰੀਆਂ ਪੁਸਤਕਾਂ ਨੂੰ ਖ਼ਰੀਦਦਾ ਵੀ



ਸਾਂ ਤੇ ਪੜ੍ਹਦਾ ਵੀ । ਉਹਨਾਂ ਨੂੰ ਹੋਰਨਾਂ ਨੂੰ ਵੀ ਪੜ੍ਹਾਉਣ ਦਾ ਯਤਨ ਕਰਦਾ ਸਾਂ ਤੇ ਉਹਨਾਂ ਨੂੰ ਵੇਚ ਕੇ ਵੀ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਉਣਾ ਚਾਹੁੰਦਾ ਸਾਂ ਕਿਉਂਕਿ ਉਹਨਾਂ ਦਿਨਾਂ ਵਿੱਚ ਮੈਨੂੰ ਅੱਜਕੱਲ੍ਹ ਵਾਂਗ ਹਜ਼ਾਰਾਂ ਰੁਪਿਆਂ ਦੇ ਕਿਤਾਬਚੇ ਤੇ ਇਸ਼ਤਿਹਾਰ ਹਰ ਮਹੀਨੇ ਮੁਫ਼ਤ ਵੰਡਣ ਦੀ ਸ਼ਕਤੀ ਪ੍ਰਾਪਤ ਨਹੀਂ ਹੋਈ ਸੀ ।

ਦੁਨੀਆਂ ਤੇ ਪ੍ਰਾਣੀ-ਮਾਤਰ ਦੇ ਭਲੇ ਦੀਆਂ ਬਹੁਤ ਉੱਚੀ ਖੋਜ ਦੀਆਂ ਗੱਲਾਂ ਜਦੋਂ ਮੈਂ ਪੜ੍ਹਿਆ ਕਰਦਾ ਸਾਂ ਤਾਂ ਉਸ ਵੇਲੇ ਮੇਰੇ ਹਿਰਦੇ ਵਿੱਚ ਜੋ ਖ਼ੁਸ਼ੀ ਪੈਦਾ ਹੋਇਆ ਕਰਦੀ ਸੀ ਉਸ ਨੂੰ ਮੈਂ ਬਿਆਨ ਨਹੀਂ ਕਰ ਸਕਦਾ । **ਪ੍ਰਾਣੀ-ਮਾਤਰ ਦੀ ਭਲਾਈ ਨਾਲ ਸੰਬੰਧ ਰੱਖਣ ਵਾਲੀ ਵਿੱਦਿਆ ਦੇ ਚਾਨਣ ਵਿੱਚ ਮਨੁੱਖ ਦੇ ਹਿਰਦੇ ਵਿੱਚ ਅਜਿਹੀ ਖ਼ੁਸ਼ੀ ਤੇ ਮਸਤੀ ਪੈਦਾ ਹੁੰਦੀ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । ਜਦੋਂ ਬੰਦਾ ਮਹਿਸੂਸ ਕਰਦਾ ਹੈ ਕਿ ਉਹ ਅਜਿਹੀਆਂ ਗੱਲਾਂ ਪੜ੍ਹ ਰਿਹਾ ਹੈ ਜਿਨ੍ਹਾਂ ਦਾ ਸੰਬੰਧ ਦੇਸ਼, ਸੰਸਾਰ ਤੇ ਪ੍ਰਾਣੀ-ਮਾਤਰ ਨਾਲ ਜ਼ਿੰਦਗੀ ਮੌਤ ਦਾ ਸੰਬੰਧ ਰੱਖਣ ਵਾਲੇ ਬਹੁਤ ਵੱਡੇ-ਵੱਡੇ ਮਸਲਿਆਂ ਨਾਲ ਹੈ, ਜਦੋਂ ਉਹ ਮਹਿਸੂਸ ਕਰਦਾ ਹੈ ਕਿ ਉਹਨਾਂ ਵਿਚਾਰਾਂ ਨੂੰ ਦੇਸ਼ ਦੇ ਪੰਜ ਸੱਤ ਬੰਦੇ ਹੀ ਪੜ੍ਹਦੇ ਹੋਣਗੇ—ਤੇ ਸ਼ਾਇਦ ਐਨੇ ਵੀ ਨਾ ਪੜ੍ਹਦੇ ਹੋਣ ਤਾਂ ਉਸਨੂੰ ਆਪਣੀ ਮਹੱਤਤਾ ਦਾ ਜੋ ਅਹਿਸਾਸ ਹੁੰਦਾ ਹੈ ਉਸ ਦਾ ਪਤਾ ਓਸੇ ਬੰਦੇ ਨੂੰ ਹੀ ਹੁੰਦਾ ਹੈ ।** ਉਹ ਇਕ ਅਦਭੁੱਤ ਮਸਤੀ ਦੀ ਦਸ਼ਾ ਹੁੰਦੀ ਹੈ । ਹਰ ਇਕ ਜਣਾ ਉਸ ਦੀ ਕਲਪਨਾ ਨਹੀਂ ਕਰ ਸਕਦਾ ।

ਮੈਂ ਲਾਹੌਰ ਸ਼ਹਿਰ ਵਿੱਚ ਸਖ਼ਤ ਗ਼ਰੀਬੀ ਦੇ ਦਿਨ ਕੱਟੇ ਸਨ—ਭੁੰਜੇ ਸੌਂਦਾ ਰਿਹਾ, ਲਾਹੌਰ ਸ਼ਹਿਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਰਹਿੰਦਾ ਹੋਇਆ ਕਿਸੇ ਕਮਰੇ ਵਿੱਚ ਨਹੀਂ ਰਿਹਾ, ਡਿਓਢੀਆਂ ਵਿੱਚ ਸੌਂਦਾ ਰਿਹਾ ਜਾਂ ਸਾਂਝੀਆਂ ਖੁੱਲ੍ਹੀਆਂ ਥਾਵਾਂ ’ਤੇ । ਅਨੇਕਾਂ ਸਿਆਲ ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਹਰਾ ਸਾਹਿਬ ਦੀ ਪ੍ਰਕਰਮਾ ਵਿੱਚ ਸੌਂ ਕੇ ਕੱਟੇ । ਮੈਂ ਬਥੇਰੀਆਂ ਭੁੱਖਾਂ ਕੱਟਦਾ ਰਿਹਾ । ਮੈਂ ਅੱਬਲ ਨੰਬਰ ਦੀ ਗ਼ਰੀਬੀ ਦੇ ਦਿਨ ਕੱਟੇ; ਪਰ ਮੈਂ ਇਹ ਕਦੇ ਮਹਿਸੂਸ ਹੀ ਨਹੀਂ ਕਰਦਾ ਸਾਂ ਕਿ ਮੈਂ ਗ਼ਰੀਬ ਹਾਂ । ਮੈਂ ਪ੍ਰਸੰਨ ਰਹਿੰਦਾ ਸਾਂ, ਕਿਉਂਕਿ ਆਪਣੀ ਗ਼ਰੀਬੀ ਦੇ ਉਸ ਰਸਤੇ ’ਤੇ ਤੁਰਿਆ ਜਾਂਦਾ ਹੋਇਆ ਮੈਂ ਜਿੱਥੇ ਜਨਤਾ ਦੇ ਵੱਧ ਤੋਂ ਵੱਧ ਬੰਦਿਆਂ ਨੂੰ ਆਪਣਾ ਪ੍ਰਸ਼ੰਸਕ ਬਣਾ ਰਿਹਾ ਸਾਂ ਉੱਥੇ ਮੇਰੀ ਬੁੱਧੀ ਦਾ ਵਿਕਾਸ ਬੜੀ ਤੇਜ਼ ਗਤੀ ਨਾਲ ਹੋ ਰਿਹਾ ਸੀ । ਮੇਰੀ ਗ਼ਰੀਬੀ ਵਿੱਚ ਮੇਰੀ ਸੰਗਤ ਬੜੇ ਉੱਚੇ ਦਰਜੇ ਦੇ ਬੰਦਿਆਂ ਨਾਲ ਹੁੰਦੀ ਰਹਿੰਦੀ ਸੀ ਤੇ ਉੱਚੇ ਤੋਂ ਉੱਚਾ ਬੰਦਾ ਮੇਰੇ ਖ਼ਿਆਲਾਂ ਨੂੰ ਸੁਣ ਕੇ ਸੇਵਾ ਦੇ ਕੰਮਾਂ ਨੂੰ ਵੇਖ ਕੇ ਮੈਨੂੰ ਆਪਣੇ ਮਿੱਤਰਾਂ ਦੀ

ਲੜੀ ਵਿੱਚ ਪਰੋਂਦਾ ਰਹਿੰਦਾ ਸੀ । ਜਦੋਂ ਮੈਂ ਆਪਣੀ ਉਸ ਗ਼ਰੀਬੀ ਦੇ ਜੀਵਨ ਨੂੰ ਯਾਦ ਕਰਦਾ ਹਾਂ ਤਾਂ ਮੈਨੂੰ ਉਸ ਅੰਗਰੇਜ਼ ਵਿਦਵਾਨ ਦੇ ਉਹਨਾਂ ਹੇਠ ਲਿਖੇ ਸ਼ਬਦਾਂ ਦੀ ਮਹੱਤਤਾ ਦਾ ਪਤਾ ਲੱਗਦਾ ਹੈ ਜਿਸ ਦਾ ਨਾਮ ਸ਼ਾਇਦ ਮੈਕਾਲੇ ਸੀ ਕਿ "**ਜੇ ਰੱਬ ਮੈਨੂੰ ਕਹੇ ਕਿ ਜੇ ਤੂੰ ਅਮੀਰ ਬਣਨਾ ਚਾਹੁੰਦਾ ਹੈ ਤਾਂ ਮੈਂ ਤੈਨੂੰ ਪੜ੍ਹਨ ਨਹੀਂ ਦਿਆਂਗਾ ਅਤੇ ਜੇ ਤੂੰ ਪੜ੍ਹਨਾ ਚਾਹੁੰਦਾ ਹੈਂ ਤਾਂ ਮੈਂ ਤੈਨੂੰ ਗ਼ਰੀਬੀ ਵਿੱਚ ਰੱਖਾਂਗਾ, ਦੱਸ ਤੂੰ ਕੀ ਚਾਹੁੰਦਾ ਹੈ ?**" ਰੱਬ ਦੀਆਂ ਇਹਨਾਂ ਦੋਹਾਂ ਸ਼ਰਤਾਂ ਦਾ ਉੱਤਰ ਉਸ ਅੰਗਰੇਜ਼ ਵਿਦਵਾਨ ਨੇ ਇਹ ਦਿੱਤਾ ਸੀ ਕਿ ਮੈਨੂੰ ਗ਼ਰੀਬੀ ਮਨਜ਼ੂਰ ਹੈ, ਮੈਂ ਪੜ੍ਹਾਈ ਨਹੀਂ ਛੱਡ ਸਕਦਾ । ਕਿਸੇ ਨੂੰ ਕੀ ਪਤਾ ਹੈ ਕਿ ਜਦ ਮੈਂ ਹਿੰਦੁਸਤਾਨ, ਇੰਗਲੈਂਡ ਤੇ ਅਮਰੀਕਾ ਦੇ ਉੱਚ-ਕੋਟੀ ਦੇ ਅੰਗਰੇਜ਼ੀ ਮਾਸਿਕ-ਪੱਤਰਾਂ ਨੂੰ ਪੜ੍ਹਿਆ ਕਰਦਾ ਸਾਂ ਜਿਨ੍ਹਾਂ ਵਿੱਚ ਦੇਸ਼ ਤੇ ਦੁਨੀਆਂ ਦੇ ਬੰਦਿਆਂ 'ਤੇ ਸ੍ਰਿਸ਼ਟੀ ਦੇ ਕੁੱਲ ਜੀਵਾਂ ਦੀ ਜ਼ਿੰਦਗੀ ਮੌਤ ਨਾਲ ਸੰਬੰਧ ਰੱਖਣ ਵਾਲੀਆਂ ਗੱਲਾਂ ਹੁੰਦੀਆਂ ਸਨ ਤਾਂ ਮੇਰੇ ਹਿਰਦੇ ਦੀ ਉਹ ਸਾਰੀ ਥਾਂ ਖ਼ੁਸ਼ੀ ਨਾਲ ਭਰ ਜਾਂਦੀ ਸੀ ਜਿਹੜੀ ਮਨੁੱਖੀ ਹਿਰਦੇ ਵਿੱਚ ਖ਼ੁਸ਼ੀ ਲਈ ਬਣੀ ਹੁੰਦੀ ਹੈ । ਉਸ ਵਿੱਚ ਖ਼ੁਸ਼ੀ ਤੇ ਮਸਤੀ ਏਨੀ ਵਧੇਰੇ ਪੈਦਾ ਹੋ ਜਾਇਆ ਕਰਦੀ ਸੀ ਕਿ ਮੈਨੂੰ ਉਹ ਸੰਭਾਲਣੀ ਔਖੀ ਹੋ ਜਾਇਆ ਕਰਦੀ ਸੀ ।

ਸਾਡੇ ਪਿੰਡੋਂ ਪਟਿਆਲਾ ਤੇ ਨਾਭਾ ਦੋਵੇਂ ਸ਼ਹਿਰ ਕੋਈ ਬਹੁਤੀ ਦੂਰ ਨਹੀਂ ਸਨ । ਇਹ ਦੋਵੇਂ ਸ਼ਹਿਰ ਦੋ ਰਿਆਸਤਾਂ ਦੀਆਂ ਰਾਜਧਾਨੀਆਂ ਦੇ ਸ਼ਹਿਰ ਸਨ । ਦੋਹਾਂ ਦੇ ਰਾਜੇ ਇਹਨਾਂ ਵਿੱਚ ਰਹਿੰਦੇ ਸਨ । ਸਾਡੇ ਪਿੰਡ ਦੇ ਬੰਦਿਆਂ ਦੀਆਂ ਗੱਲਾਂ ਵਿੱਚ ਕਦੇ ਨਾ ਕਦੇ ਮਹਾਰਾਜਾ ਨਾਭਾ ਤੇ ਮਹਾਰਾਜਾ ਪਟਿਆਲਾ ਦਾ ਚਰਚਾ ਹੁੰਦਾ ਸੀ । ਪਟਿਆਲਾ ਰਿਆਸਤ ਤਾਂ ਬਹੁਤ ਵੱਡੀ ਰਿਆਸਤ ਸੀ । ਮੈਂ ਆਮ ਬੰਦਿਆਂ ਨੂੰ ਇਹ ਮਹਿਸੂਸ ਕਰਦਿਆਂ ਵੇਖਦਾ ਸਾਂ ਕਿ ਮਹਾਰਾਜੇ ਬਹੁਤ ਖ਼ੁਸ਼-ਕਿਸਮਤ ਹੁੰਦੇ ਹਨ ਤੇ ਪੂਰੀ ਹਿਰਦੇ ਦੀ ਤਸੱਲੀ ਤੇ ਖ਼ੁਸ਼ੀ ਨਾਲ ਕੇਵਲ ਓਹੀ ਜੀਵਨ ਜੀਅ ਸਕਦੇ ਹਨ—ਤੇ ਜਿੱਥੋਂ ਤਕ ਮਨੁੱਖਾ ਜੀਵਨ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਸੰਬੰਧ ਹੈ ਸ਼ਾਇਦ ਉਹਨਾਂ ਰਾਜਿਆਂ ਨੂੰ ਹੀ ਉਹਨਾਂ ਸ਼ਕਤੀਆਂ ਦੇ ਵਿਕਾਸ ਦੇ ਲੋੜੀਂਦੇ ਸਾਧਨ ਪ੍ਰਾਪਤ ਹੁੰਦੇ ਹਨ, ਜੋ ਕਿਸੇ ਗ਼ਰੀਬ ਬੰਦੇ ਨੂੰ ਨਹੀਂ ਹੋ ਸਕਦੇ । ਮੈਨੂੰ ਤਾਂ ਆਪਣੇ ਬਚਪਨ ਵਿੱਚ ਕਦੇ ਇਹ ਘਾਟ ਮਹਿਸੂਸ ਨਹੀਂ ਹੋਈ ਸੀ ਕਿ ਮੈਂ ਆਪਣੇ ਜਨਮ ਤੋਂ ਕਿਸੇ ਪਦਾਰਥਕ ਘਾਟੇ ਵਿੱਚ ਹਾਂ; ਕਿਉਂਕਿ ਮੇਰੀ ਮਾਂ ਨੇ ਮੇਰੇ ਹਿਰਦੇ ਵਿੱਚ ਰੱਬ ਦੀ ਹੋਂਦ ਦਾ ਅਜਿਹਾ ਪ੍ਰਬਲ ਅਹਿਸਾਸ ਪੈਦਾ ਕਰ ਦਿੱਤਾ ਸੀ ਕਿ ਕੁੱਲ ਦਾਤਾਂ ਦਾ ਮਾਲਕ ਪ੍ਰਮਾਤਮਾ ਹੈ ਤੇ ਜੇ ਉਸ ਨੂੰ ਹਰ ਪਲ ਯਾਦ ਰੱਖਦੇ ਹੋਏ ਉਸ ਪਾਸੋਂ ਜੀਵਨ ਦੀ ਸੇਧ ਮੰਗਦੇ ਹੋਏ ਜੀਵੀਏ ਤਾਂ ਉਹ ਹਰ ਵੇਲੇ ਸਾਡੇ



ਅੰਗ-ਸੰਗ ਹੋਵੇਗਾ, ਹਰ ਪਲ ਸਾਡਾ ਸਹਾਈ ਹੋਵੇਗਾ ਤੇ ਜੀਵਨ ਦੇ ਵਿਕਾਸ ਲਈ ਹਰ ਲੋੜੀਂਦਾ ਸਾਧਨ ਆਪਣੇ ਆਪ ਉਸ ਦੀ ਕਿਰਪਾ ਨਾਲ ਸਾਨੂੰ ਪ੍ਰਾਪਤ ਹੁੰਦਾ ਰਹੇਗਾ ।

ਦਸਵੀਂ ਜਮਾਤ ਵਿੱਚ ਦੋ ਵਾਰੀ ਫੇਲ੍ਹ ਹੋਣ ਉੱਤੇ ਸਕੂਲ ਦੀ ਪੜ੍ਹਾਈ ਛੱਡ ਦੇਣ ਪਿੱਛੋਂ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਨਾਲ ਆਪਣਾ ਦਿਨ ਰਾਤ ਦਾ ਸੰਬੰਧ ਜੋੜਨ ਦਾ ਅਵਸਰ ਮਿਲਿਆ ਜਿਸ ਦੀ ਸਜਾਵਟ ਰਾਜਿਆਂ ਦੇ ਮਹਿਲਾਂ ਨਾਲੋਂ ਘੱਟ ਨਹੀਂ ਸੀ । ਜਿਹੜੀਆਂ ਲਾਇਬ੍ਰੇਰੀਆਂ ਵਿੱਚ ਮੈਂ ਪੜ੍ਹਨ ਜਾਂਦਾ ਸਾਂ ਉਹਨਾਂ ਵਿੱਚੋਂ ਦਿਆਲ ਸਿੰਘ ਲਾਇਬ੍ਰੇਰੀ ਤਾਂ ਬਿਲਕੁਲ ਰਾਜਿਆਂ ਦੇ ਮਹਿਲਾਂ ਵਰਗੀ ਸੀ । ਜਦ ਮੈਂ ਉਸ ਲਾਇਬ੍ਰੇਰੀ ਵਿੱਚ ਵੜਦਾ ਸਾਂ ਜਿਸ ਦੇ ਸੰਗਮਰਮਰ ਦੇ ਫ਼ਰਸ਼ ਹੁੰਦੇ ਸਨ ਤੇ ਬਹੁਤ ਕੀਮਤੀ ਲੱਕੜ ਦੀਆਂ ਸ਼ੀਸ਼ੇ ਵਾਂਗ ਚਮਕਦੀਆਂ ਅਲਮਾਰੀਆਂ ਵਿੱਚ ਸੁਨਹਿਰੀ ਜਿਲਦਾਂ ਦੀਆਂ ਪੁਸਤਕਾਂ ਪਈਆਂ ਹੁੰਦੀਆਂ ਸਨ ਜਿੱਥੇ ਇਗਲੈਂਡ ਤੇ ਅਮਰੀਕਾ ਤੋਂ ਆਏ ਹੋਏ ਉੱਚ-ਕੋਟੀ ਦੇ ਅੰਗਰੇਜ਼ੀ ਸਪਤਾਹਿਕ ਤੇ ਮਾਸਿਕ ਪੱਤਰ ਪਏ ਹੁੰਦੇ ਸਨ, ਜਿਨ੍ਹਾਂ ਨੂੰ ਮੈਂ ਪੜ੍ਹਿਆ ਕਰਦਾ ਸਾਂ ਤਾਂ ਮੈਂ ਸੋਚਿਆ ਕਰਦਾ ਸਾਂ ਕਿ ਪੂਰਨ ਸਿਆਂ ਕੀ ਤੈਨੂੰ ਰੱਬ ਦੇ ਵਿਰੁੱਧ ਕੋਈ ਹੁਣ ਸ਼ਿਕਾਇਤ ਹੈ? **ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਹਰਾ ਸਾਹਿਬ ਦੀ ਸਮਾਧ ਦੇ ਸੰਗਮਰਮਰ ਦੇ ਫ਼ਰਸ਼ 'ਤੇ ਤੂੰ ਸੌਂਦਾ ਹੈਂ ਤੇ ਸੰਗਮਰਮਰ ਦੇ ਫ਼ਰਸ਼ ਵਾਲੀ ਇਕ ਰਾਜੇ ਦੇ ਮਹਿਲ ਵਰਗੀ ਖ਼ੂਬਸੂਰਤ ਇਮਾਰਤ ਵਾਲੀ ਲਾਇਬ੍ਰੇਰੀ ਵਿੱਚ ਤੂੰ ਅਮਰੀਕਾ ਤੇ ਇੰਗਲੈਂਡ ਤੋਂ ਆਏ ਸੰਸਾਰ-ਪ੍ਰਸਿੱਧ ਮਾਸਿਕ-ਪੱਤਰਾਂ ਨੂੰ ਪੜ੍ਹਦਾ ਹੈਂ, ਫੇਰ ਰਾਜਾ ਕਿਸ ਗੱਲ ਤੋਂ ਵੱਡੇ ਭਾਗਾਂ ਵਾਲਾ ਹੋਇਆ ਕਰਦਾ ਹੈ ।**

ਬੁੱਧੀ ਦਾ ਵਿਕਾਸ ਹੀ ਹੈ ਜਿਹੜਾ ਮਨੁੱਖ ਨੂੰ ਪਸ਼ੂਆਂ ਨਾਲੋਂ ਨਿਖੇੜਦਾ ਹੈ ਤੇ ਵੱਡਾ ਬਣਾਉਂਦਾ ਹੈ । ਪੂਰਨ ਸਿਆਂ ਇਕ ਰਾਜਧਾਨੀ ਦੇ ਸ਼ਹਿਰ ਦਾ ਸਭ ਤੋਂ ਵੱਡਾ ਗੁਰਦੁਆਰਾ ਤੈਨੂੰ ਬਸੇਰਾ ਕਰਨ ਲਈ ਘਰ ਵਾਂਗ ਮਿਲ ਗਿਆ ਹੈ, ਜਿਸ ਦੇ ਨਾਮ ਬਾਣੀ ਦੇ ਰਸੀਏ ਮਹੰਤ ਸਾਹਿਬ ਵੱਲੋਂ ਤੈਨੂੰ ਓਹੀ ਪਿਆਰ ਤੇ ਸਤਿਕਾਰ ਮਿਲ ਰਿਹਾ ਹੈ ਜੋ ਕਿਸੇ ਪੁੱਤਰ ਨੂੰ ਪਿਓ ਵੱਲੋਂ ਘਰ ਵਿੱਚ ਮਿਲਿਆ ਕਰਦਾ ਹੈ ।

ਮੈਂ ਆਪਣੇ ਦਿਲ ਵਿੱਚ ਖ਼ੁਸ਼ੀਆਂ ਦੇ ਉਬਾਲੇ ਖਾਂਦਾ ਹੋਇਆ ਜਿਊਂਦਾ ਰਿਹਾ ਹਾਂ । ਰੱਬਾ ! ਕੀ ਕੋਈ ਆਦਮੀ ਇਹਨਾਂ ਗੁਰਦੁਆਰਿਆਂ ਨੂੰ ਜੀਵਨ ਅਰਪਣ ਕਰਕੇ ਜੀਵਨ ਦਾ ਵਿਕਾਸ ਕਰਨ ਵਾਲੇ ਸਾਧਨਾਂ ਵੱਲੋਂ ਥੁੜਿਆ ਰਹਿ ਸਕਦਾ ਹੈ? ਜੇ ਮੇਰਾ ਵਿਆਹ ਹੋ ਗਿਆ ਹੁੰਦਾ ਤਾਂ ਨਾ ਮੈਂ ਆਪਣੇ ਸੇਵਾ ਦੇ ਕੰਮਾਂ ਦਾ ਐਨਾ ਖਿਲਾਰਾ ਖਿਲਾਰ ਸਕਦਾ ਸਾਂ ਤੇ ਨਾ ਪੜ੍ਹਾਈ ਨਾਲ

ਮਸਤ ਹੋ ਕੇ ਜੀਅ ਸਕਦਾ ਸਾਂ । ਜਦ ਮੈਂ ਪ੍ਰਾਣੀ-ਮਾਤਰ ਦੀ ਭਲਾਈ ਨਾਲ ਸੰਬੰਧ ਰੱਖਣ ਵਾਲੇ ਅਨੇਕਾਂ ਅੰਗਰੇਜ਼ੀ ਲੇਖ ਪੜ੍ਹਿਆ ਕਰਦਾ ਸਾਂ ਜਿਨ੍ਹਾਂ ਵਿੱਚ ਡਾਕਟਰੀ ਲੇਖ ਵੀ ਹੁੰਦੇ ਸਨ, ਤਾਂ ਮੈਂ ਸੋਚਿਆ ਕਰਦਾ ਸਾਂ ਕਿ ਹੇ ਰੱਬਾ ! ਮੈਨੂੰ ਤਾਂ ਇੰਵ ਜਾਪਦਾ ਹੈ ਕਿ ਤੂੰ ਭਗਤਾਂ ਦੀਆਂ ਸ਼ਕਤੀਆਂ ਦੇ ਵਿਕਾਸ ਲਈ ਉਹਨਾਂ ਨੂੰ ਮੁਫ਼ਤ ਅਜਿਹੇ ਸਾਧਨ ਜੁਟਾਉਣ ਦੀ ਯੋਜਨਾ ਬਣਾਈ ਹੋਈ ਹੈ ਜਿਸ ਨੂੰ ਕੋਈ ਵੱਡੇ ਤੋਂ ਵੱਡਾ ਰਾਜਾ ਵੀ ਆਪਣੇ ਪੁੱਤਰਾਂ-ਧੀਆਂ ਲਈ ਨਹੀਂ ਬਣਾ ਸਕਦਾ । ਮੈਂ ਜਾਣਦਾ ਸਾਂ ਕਿ ਗ਼ਰੀਬ ਰਹਿ ਕੇ ਹੀ ਮੈਂ ਆਤਮਾ ਦੀ ਤ੍ਰਿਪਤੀ ਲਈ ਰੋਗੀਆਂ ਤੇ ਅਪਾਹਿਜਾਂ ਦੀ ਸੇਵਾ ਦੇ ਕਾਰਜ ਕਰ ਸਕਦਾ ਹਾਂ ਤੇ ਦਿਆਲ ਸਿੰਘ ਲਾਇਬ੍ਰੇਰੀ ਵਰਗੀਆਂ ਸ਼ਾਹੀ ਲਾਇਬਰੇਰੀਆਂ ਵਿੱਚ ਦਿਨ ਰਾਤ ਪੜ੍ਹ ਸਕਦਾ ਸਾਂ । ਮੇਰੀ ਬੁੱਧੀ ਤੇ ਹਿਰਦੇ ਦੀਆਂ ਸ਼ਕਤੀਆਂ ਦਾ ਜੋ ਵਿਕਾਸ ਗੁਰਦੁਆਰੇ ਦੇ ਕਥਾ, ਕੀਰਤਨ, ਆਸਾ ਦੀ ਵਾਰ ਦੇ ਕੀਰਤਨ, ਸਤਿਸੰਗ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਨੂੰ ਸੁਣ ਕੇ ਹੋ ਰਿਹਾ ਸੀ ਤੇ ਮੇਰੀ ਬੁੱਧੀ ਦਾ ਜੋ ਵਿਕਾਸ ਲਾਇਬ੍ਰੇਰੀਆਂ ਤੋਂ ਹੋ ਰਿਹਾ ਸੀ ਉਸ ਤੋਂ ਵੱਧ ਕਿਸੇ ਹੋਰ ਬਰਕਤ ਦੀ ਮੈਂ ਰੱਬ ਪਾਸੋਂ ਆਸ ਨਹੀਂ ਕਰ ਸਕਦਾ ਸਾਂ ।

ਇਕ ਦਿਨ ਦੀਵਾਨ ਬਹਾਦਰ ਰਾਜਾ ਨਰਿੰਦਰ ਨਾਥ ਨੂੰ ਦਿਆਲ ਸਿੰਘ ਲਾਇਬਰੇਰੀ ਦੇ ਲਾਗੇ ਸਰ ਗੰਗਾ ਰਾਮ ਪੁੱਤਰ ਰਾਇ ਬਹਾਦਰ ਸੇਵਕ ਰਾਮ ਦੀ ਕੋਠੀ ਵਿੱਚੋਂ ਨਿਕਲਦੇ ਮਿਲ ਪਏ । ਰਾਜਾ ਸਾਹਿਬ ਪੈਦਲ ਸਨ ਤੇ ਇਕੱਲੇ ਸਨ, ਨਾਲ ਕੋਈ ਨੌਕਰ ਨਹੀਂ ਸੀ । ਰਾਜਾ ਸਾਹਿਬ ਦੀ ਉਮਰ ਉਸ ਵੇਲੇ ੬੨ ਕੁ ਸਾਲ ਦੀ ਹੋਵੇਗੀ, ਮੈਂ ਵੀ ਨਾਲ ਤੁਰ ਪਿਆ ਤੇ ਗੱਲ ਛੇੜ ਦਿੱਤੀ । ਰਾਜਾ ਸਾਹਿਬ ਦੀ ਕੋਠੀ ਉਸ ਜਗ੍ਹਾ ਤੋਂ ਡੇਢ ਕੁ ਮੀਲ ਦੀ ਦੂਰੀ ’ਤੇ ਸੀ । ਰਾਜਾ ਸਾਹਿਬ ਦਾ ਪਤਾ ਨਹੀਂ ਇਰਾਦਾ ਪੈਦਲ ਤੁਰਨ ਦਾ ਸੀ ਜਾਂ ਮੇਰੇ ਸਾਥ ਕਰਕੇ ਹੀ ਉਹ ਪੰਜਾਬ ਦੇ ਸਭ ਤੋਂ ਵੱਡੇ ਆਦਮੀ ਹੁੰਦੇ ਹੋਏ ਵੀ ਆਪਣੀ ਕੋਠੀ ਤਕ ਪੈਦਲ ਤੁਰਦੇ ਗਏ । ਮੈਂ ਗੱਲਾਂ ਕਰਦਾ ਹੋਇਆ ਨਾਲ ਤੁਰਦਾ ਗਿਆ ਤੇ ਦੋਵੇਂ ਜਣੇ ਗੱਲਾਂ ਕਰਦੇ ਕੋਠੀ ਪਹੁੰਚ ਗਏ । ਇਹ ਉਹਨਾਂ ਨਾਲ ਮੇਰੀ ਪਹਿਲੀ ਮੁਲਾਕਾਤ ਸੀ । ਰਾਜਾ ਸਾਹਿਬ ਨੇ ਆਪਣੀ ਕੋਠੀ ਸੰਨ ੧੯੨੩ ਦੇ ਲਾਗੇ ੧੬ ਲੱਖ ਰੁਪਏ ਦੇ ਖ਼ਰਚ ਨਾਲ ਬਣਵਾਈ ਸੀ । ਰਾਇ ਬਹਾਦਰ ਨੂੰ ਦਿਲ ਦਾ ਦੌਰਾ ਪਿਆ ਹੋਇਆ ਸੀ । ਮੈਂ ਰਾਜਾ ਸਾਹਿਬ ਨੂੰ ਕਹਿ ਦਿੱਤਾ ਕਿ ਰਾਜਾ ਸਾਹਿਬ ਤੁਸੀਂ ਰਾਇ ਸਾਹਿਬ ਦੀ ਕੋਠੀ ਵਿੱਚੋਂ ਨਿਕਲੇ ਹੋ । ਉਸ ਨੂੰ ਦਿਲ ਦਾ ਦੌਰਾ ਪਿਆ ਹੋਇਆ ਹੈ । ਇਹ ਦਿਨ ਵਿੱਚ ਤਿੰਨ ਵਾਰੀ ਚਾਹ ਪੀਂਦਾ ਹੈ, ਇਸ ਨੂੰ ਦਿਲ ਦਾ ਦੌਰਾ ਕਿਉਂ ਨਾ ਪਵੇ ? ਮੈਂ ਇਹ ਗੱਲ ਕਹਿ ਕੇ ਰਾਜਾ ਸਾਹਿਬ ਨੂੰ ਪੁੱਛਿਆ ਕਿ ਰਾਜਾ ਸਾਹਿਬ ਸਾਡੇ ਦੇਸ਼ ਵਿੱਚ ਚਾਹ ਕਦੋਂ ਆਈ



ਤੇ ਇਸ ਦੇ ਪੀਣ ਦਾ ਰਿਵਾਜ ਦੇਸ਼ ਦੀ ਜਨਤਾ ਵਿੱਚ ਕਦ ਪਿਆ । ਸ਼ਾਇਦ ਉਹਨਾਂ ਨੇ ਮੈਨੂੰ ਇਹ ਉੱਤਰ ਦਿੱਤਾ ਕਿ ਮੇਰਾ ਦਾਦਾ ਤੋ ਚਾਯ ਪੀਤਾ ਥਾ ਪਰ ਮੁਝੇ ਯੇਹ ਪਤਾ ਨਹੀਂ ਕਿ ਇਸ ਕਾ ਦੇਸ਼ ਮੇਂ ਰਿਵਾਜ ਕਬ ਪੈਦਾ ਹੂਆ ।

ਦਿਆਲ ਸਿੰਘ ਲਾਇਬ੍ਰੇਰੀ ਵਿੱਚ ਇੰਗਲੈਂਡ ਦਾ ਇਕ ਅੰਗਰੇਜ਼ੀ ਰਸਾਲਾ ਆਉਂਦਾ ਸੀ ਜਿਹੜਾ ਸ਼ਾਇਦ ਮਾਹਵਾਰੀ ਰਸਾਲਾ ਸੀ । ਉਸ ਵਿੱਚ ਚਾਹ ਦਾ ਇਕ ਲੇਖ ਆ ਗਿਆ ਜਿਸ ਵਿੱਚ ਦੱਸਿਆ ਗਿਆ ਸੀ ਕਿ ਚਾਹ ਦਾ ਰਿਵਾਜ ਕਦੋਂ ਪਿਆ ਤੇ ਸਭ ਤੋਂ ਪਹਿਲਾਂ ਕਿਹੜੇ ਦੇਸ਼ ਵਿੱਚ ਪਿਆ । ਕੁਝ ਦਿਨਾਂ ਮਗਰੋਂ ਰਾਜਾ ਸਾਹਿਬ ਨਾਲ ਮੇਰਾ ਮੇਲ ਲਾਲਾ ਲਾਜਪਤ ਰਾਏ ਦੀ ਕੋਠੀ ਵਿੱਚ ਹੋ ਗਿਆ । ਉਹ ਮੈਨੂੰ ਲਾਜਪਤ ਰਾਏ ਹਾਲ ਦੇ ਬਰਾਂਡੇ ਵਿੱਚ ਮਿਲੇ । ਮੈਂ ਹਾਲ ਦੇ ਉੱਤੇ ਲਾਇਬ੍ਰੇਰੀ ਵਿੱਚ ਪੜ੍ਹਨ ਜਾਣਾ ਸੀ । ਰਾਜਾ ਸਾਹਿਬ ਆਪਣੇ ਹੱਥ ਵਿੱਚ ਹਮੇਸ਼ਾਂ ਇਕ ਛੜੀ ਰੱਖਦੇ ਸਨ । ਉਨ੍ਹਾਂ ਨੇ ਮੇਰੇ ਵੱਲ ਸੋਟੀ ਸਿੱਧੀ ਕਰਕੇ ਬੜੇ ਪਿਆਰ ਨਾਲ ਮੈਨੂੰ ਕਿਹਾ ਕਿ ਕਹਾਂ ਹੈ ਵੋਹ ਕਿਤਾਬ ਜੋ ਤੁਮ ਮੁਝੇ ਲਾ ਕਰ ਦੇਨਾ ਚਾਹਤੇ ਥੇ ? ਮੈਂ ਉੱਤਰ ਦਿੱਤਾ ਕਿ ਰਾਜਾ ਸਾਹਿਬ ਕਿਤਾਬ ਤਾਂ ਮੈਂ ਤੁਹਾਨੂੰ ਲਿਆ ਦਿਆਂਗਾ ਤੇ ਚਾਹ ਦਾ ਲੇਖ ਵੀ ਮੈਨੂੰ ਮਿਲ ਗਿਆ ਹੈ; ਉਹ ਵੀ ਨਕਲ ਕਰਕੇ ਮੈਂ ਲਿਆ ਦਿਆਂਗਾ । ਮੈਂ ਰਾਜਾ ਸਾਹਿਬ ਨਾਲ ਗੱਲ ਕਰਕੇ ਉੱਪਰ ਲਾਇਬ੍ਰੇਰੀ ਵਿੱਚ ਚਲਾ ਗਿਆ । ਲਾਇਬ੍ਰੇਰੀ ਵਿੱਚ ਮੈਂ ਇਹ ਲੇਖ ਪੜ੍ਹਿਆ ਜਿਹੜਾ ਕਿਸੇ ਅੰਗਰੇਜ਼ੀ ਦੇ ਅਖ਼ਬਾਰ ਵਿੱਚ ਸੀ ਕਿ ਫ਼ਰਾਂਸ ਦੇਸ਼ ਦੇ ੬੦,੦੦੦ ਅਧਿਆਪਕਾਂ ਨੇ ਵਿੱਦਿਆ ਮੰਤਰੀ ਨੂੰ ਇਹ ਸੂਚਨਾ ਦੇ ਦਿੱਤੀ ਹੈ ਕਿ ਉਹ ਬੱਚਿਆਂ ਨੂੰ ਜੰਗ ਦੀ ਤਾਲੀਮ ਨਹੀਂ ਦੇਣਗੇ । ਜਦੋਂ ਮੈਂ ਲਾਇਬ੍ਰੇਰੀ ਤੋਂ ਹੇਠਾਂ ਉੱਤਰਿਆ । ਮੈਂ ਉਸ ਵੇਲੇ ਹਾਲ ਕਮਰੇ ਦੇ ਬੂਹੇ ਅੱਗੇ ਕੰਧ ਨਾਲ ਇਕ ਨੋਟਿਸ ਲੱਗਿਆ ਦੇਖਿਆ ਜਿਸ ਵਿੱਚ ਲਿਖਿਆ ਸੀ ਕਿ ਸ਼ਾਮ ਦੇ ਇੰਨੇ ਵਜੇ ਉਸ ਹਾਲ ਵਿੱਚ ਸਾਰੇ ਕਾਲਜਾਂ ਦੇ ਵਿਦਿਆਰਥੀਆਂ ਦੀ ਬਹਿਸ ਹੋ ਰਹੀ ਹੈ ਜਿਸ ਦਾ ਵਿਸ਼ਾ ਹੈ ਕਿ ਅੱਜਕੱਲ੍ਹ ਦਾ ਗੱਭਰੂ ਪਹਿਲੀਆਂ ਪੀੜ੍ਹੀਆਂ ਦੇ ਗੱਭਰੂਆਂ ਨਾਲੋਂ ਵਧੇਰੇ ਗੁਣਾਂ ਵਾਲਾ ਹੈ ਕਿ ਨਹੀਂ । **Is the Modern youth superior to his predecessor ?** ਮੈਂ ਹਾਲ ਵਿੱਚ ਬਹਿਸ ਸੁਣਨ ਲੱਗ ਗਿਆ । ਇਕੱਤ੍ਰਤਾ ਦੀ ਪ੍ਰਧਾਨਗੀ ਡਾਕਟਰ ਨੰਦ ਲਾਲ ਬੈਰਿਸਟਰ ਕਰ ਰਹੇ ਸਨ । ਉਹ ਹਾਈਕੋਰਟ ਦੇ ਬਹੁਤ ਵੱਡੇ ਵਕੀਲ ਸਨ । ਉਹ ਮੋਟਰਕਾਰ ਨਹੀਂ ਰੱਖਦੇ ਸਨ ਬਲਕਿ ਦੋ ਘੋੜਿਆਂ ਵਾਲੀ ਬੱਗੀ ’ਤੇ ਚੜ੍ਹਦੇ ਸਨ । ਉਨ੍ਹਾਂ ਦੀ ਕੋਠੀ ਸਰਦਾਰ ਬਹਾਦਰ ਮਹਿਤਾਬ ਸਿੰਘ ਦੀ ਕੋਠੀ ਦੇ ਨਾਲ ਸੀ ਜਿਹੜੇ ਅਕਾਲੀ ਲੀਡਰ ਹੋਏ ਸਨ । ਬਹਿਸ ਹੁੰਦੀ ਰਹੀ ਪਰ ਕੋਈ ਬੰਦਾ ਗਿਣਤੀ ਮਿਣਤੀ

ਵਾਲੀ ਕੋਈ ਗੱਲ ਨਾ ਦੱਸ ਸਕਿਆ । ਜਿਹੜੇ ਧੜੇ ਨੇ ਇਹ ਸਾਬਤ ਕਰਨਾ ਸੀ ਕਿ ਅੱਜ ਦਾ ਗੱਭਰੂ ਪਿਛਲੇ ਜ਼ਮਾਨੇ ਦੇ ਗੱਭਰੂਆਂ ਨਾਲੋਂ ਵਧੇਰੇ ਗੁਣਾਂ ਵਾਲਾ ਹੈ ਉਸ ਧੜੇ ਦੇ ਮੋਹਰੀ ਨੇ ਇੰਨੀ ਗੱਲ ਮੰਨ ਲਈ ਕਿ ਅੱਜ ਦੇ ਗੱਭਰੂ ਪਿਛਲੇ ਜ਼ਮਾਨੇ ਦੇ ਗੱਭਰੂਆਂ ਨਾਲੋਂ ਘਟੀਆ ਹਨ । ਬਹਿਸ ਵਿੱਚ ਜਿਉਂ-ਜਿਉਂ ਵਿਖਿਆਨ ਹੁੰਦੇ ਗਏ ਮੈਂ ਮਹਿਸੂਸ ਕਰਦਾ ਗਿਆ ਕਿ ਸਾਰੇ ਜਣੇ ਪਾਣੀ ਵਿੱਚ ਲਾਠੀਆਂ ਮਾਰ ਰਹੇ ਹਨ । ਪਰ ਜਦ ਗੱਭਰੂਆਂ ਨੂੰ ਚੰਗੇ ਸਾਬਤ ਕਰਨ ਵਾਲੇ ਆਗੂ ਨੇ ਇਹ ਮੰਨ ਲਿਆ ਕਿ ਪੁਰਾਣੇ ਜ਼ਮਾਨੇ ਦੇ ਮੁਕਾਬਲੇ ਅੱਜ ਦੇ ਗੱਭਰੂ ਘਟੀਆ ਹਨ ਤਾਂ ਮੈਂ ਆਪਣੇ ਹਿਰਦੇ ਦੇ ਜੋਸ਼ ਨੂੰ ਨਾ ਰੋਕ ਸਕਿਆ ਅਤੇ ਮੈਂ ਸਟੇਜ ’ਤੇ ਚਲਾ ਗਿਆ । ਮੇਰੀ ਮੁਸ਼ਕਲ ਉਸ ਵੇਲੇ ਇਹ ਸੀ ਕਿ ਮੈਂ ਅੰਗਰੇਜ਼ੀ ਵਿੱਚ ਉਸ ਵੇਲੇ ਵਿਖਿਆਨ ਨਹੀਂ ਦੇ ਸਕਦਾ ਸਾਂ, ਪਰ ਵਿਚਾਰ ਮੇਰੇ ਸਭ ਤੋਂ ਵਧੀਆ ਸਨ ਜਾਂ ਮੈਂ ਇਹ ਕਹਾਂ ਕਿ ਵਿਚਾਰ ਹੀ ਮੇਰੇ ਕੋਲ ਸਨ ਤਾਂ ਇਹ ਵੀ ਠੀਕ ਹੀ ਹੈ । ਪਰ ਇਹ ਲਿਖਣ ਲੱਗਿਆਂ ਮੈਂ ਝਿਜਕਦਾ ਜ਼ਰੂਰ ਹਾਂ । ਮੈਂ ਸਟੇਜ ’ਤੇ ਜਾ ਕੇ ਕਿਹਾ:

**Sir, I want to speak because the leader of the positive side has deserted his side.**

ਅਰਥਾਤ—ਮੈਂ ਬੋਲਣਾ ਚਾਹੁੰਦਾ ਹਾਂ ਕਿਉਂਕਿ ਹਾਂ ਪੱਖੀ ਧੜੇ ਦੇ ਆਗੂ ਨੇ ਆਪਣੇ ਧੜੇ ਨੂੰ ਪਿੱਠ ਦੇ ਦਿੱਤੀ ਹੈ । ਮੇਰੇ ਇਹ ਬਚਨ ਸੁਣ ਕੇ ਡਾਕਟਰ ਨੰਦ ਲਾਲ ਨੇ ਕਿਹਾ:

**Your name is not on the list of speakers. So I will consult the house.**

ਅਰਥਾਤ—‘ਆਪ ਕਾ ਨਾਮ ਬੋਲਨੇ ਵਾਲੋਂ ਕੀ ਸੂਚੀ ਮੇਂ ਨਹੀਂ ਹੈ ਇਸ ਲੀਏ ਮੁਝੇ ਇਕੱਤ੍ਰਤਾ ਸੇ ਪੂਛਨਾ ਪੜੇਗਾ ਕਿ ਆਪ ਕੋ ਬੋਲਨੇ ਦੀਆ ਜਾਏ ਜਾਂ ਨਾ । ਇਸ ਵੇਲੇ ਮੈਂ ਸਰੋਤਿਆਂ ਦੀ ਇਕੱਤ੍ਰਤਾ ਨੂੰ ਪੁੱਛਦਾ ਹਾਂ ਕਿ ਤੈਨੂੰ ਬੋਲਣ ਦੀ ਆਗਿਆ ਮਿਲੇਗੀ ਕਿ ਨਹੀਂ ।’ ਉਦੋਂ ਮੈਂ ਸ਼ਾਇਦ ਟੁੱਟੇ ਜਿਹੇ ਬੂਟ ਪਾਏ ਹੋਏ ਸਨ, ਕਛਹਿਰਾ ਪਾਇਆ ਹੋਇਆ ਸੀ । ਇਕ ਫਟਿਆ ਕੋਟ ਤੇ ਸਿਰ ’ਤੇ ਮਾੜਾ ਜਿਹਾ ਖੱਦਰ ਦਾ ਪਰਨਾ ਬੱਧਾ ਹੋਇਆ ਸੀ । ਜਦ ਮੈਂ ਅੰਗਰੇਜ਼ੀ ’ਚ ਇਹ ਸ਼ਬਦ ਕਹੇ ਕਿ ਮੈਂ ਅੰਗਰੇਜ਼ੀ ਵਿੱਚ ਵਿਖਿਆਨ ਨਹੀਂ ਦੇ ਸਕਦਾ ਤਾਂ ਮੁੰਡਿਆਂ ਨੇ ਤਾੜੀ ਮਾਰ ਕੇ ਕਿਹਾ ਕਿ ਅਸੀਂ ਸੁਣਨਾ ਹੈ । ਉਨ੍ਹਾਂ ਵਾਸਤੇ ਹੈਰਾਨੀ ਦੀ ਗੱਲ ਸੀ ਕਿ ਪਾਟੇ ਕੱਪੜਿਆਂ ਵਾਲਾ ਨੌਜਵਾਨ ਕਾਲਜਾਂ ਦੇ ਮੁੰਡਿਆਂ ਦੀ ਬਹਿਸ ਵਿੱਚ ਹਿੱਸਾ ਲਵੇ । ਇਹ ਦੇਖਣ ਨੂੰ ਪੜ੍ਹਿਆ ਨਹੀਂ ਜਾਪਦਾ ਫਿਰ ਵੀ ਇਹ ਗੱਲ ਆਖੇ ਕਿ ਮੈਂ ਬੈਰਿਸਟਰ ਦੀ ਗ਼ਲਤੀ ਫੜੀ ਹੈ।



ਮੈਂ ਵਿਖਿਆਨ ਸ਼ੁਰੂ ਕਰ ਦਿੱਤਾ । ਸਭ ਤੋਂ ਪਹਿਲੀ ਗੱਲ ਮੈਂ ਇਹ ਕਹੀ ਕਿ ਚਾਲੀ ਸਾਲ ਮਗਰੋਂ ਦੁਨੀਆਂ ਦੇ ਸਾਰੇ ਮੁਲਕਾਂ ਦਾ ਇਕ ਸਾਂਝਾ ਮੇਲਾ ਅਮਰੀਕਾ ਦੀ ਰਾਜਧਾਨੀ ਦੇ ਸ਼ਹਿਰ ਸ਼ਿਕਾਗੋ ਵਿੱਚ ਹੁੰਦਾ ਹੈ । ਐਤਕੀਂ ਜਿਹੜਾ ਮੇਲਾ ੪੦ ਸਾਲ ਮਗਰੋਂ ਲੱਗਿਆ ਹੈ ਉਸ ਵਿੱਚ ਇਹ ਪਤਾ ਲੱਗਿਆ ਹੈ ਕਿ ੪੦ ਸਾਲਾਂ ਵਿੱਚ ਨੌਜਵਾਨਾਂ ਦਾ ਕੱਦ ਸਵਾ ਇੰਚ ਦੇ ਕਰੀਬ ਵਧਿਆ ।

ਦੁਨੀਆਂ ਭਰ ਦੇ ਨੌਜਵਾਨ ਕੁਝ ਸਾਲਾਂ ਮਗਰੋਂ ਦੁਨੀਆਂ ਦੇ ਕਿਸੇ ਸ਼ਹਿਰ ਵਿੱਚ ਬੁਆਏ ਸਕਾਊਟ ਮੇਲਿਆਂ ਵਿੱਚ ਇਕੱਠੇ ਹੁੰਦੇ ਰਹਿੰਦੇ ਹਨ ਤੇ ਆਪਸ ਵਿੱਚ ਦੋਸਤੀਆਂ ਪਾਉਂਦੇ ਰਹਿੰਦੇ ਹਨ । ਉਨ੍ਹਾਂ ਨੌਜਵਾਨਾਂ ਦੇ ਦੇਸ਼ਾਂ ਦੇ ਜਿਹੜੇ ਕਦੀਮੀ ਵੈਰ-ਵਿਰੋਧ ਚਲੇ ਆ ਰਹੇ ਹੁੰਦੇ ਹਨ ਉਹ ਉਨ੍ਹਾਂ ਨੂੰ ਮਿਟਾ ਰਹੇ ਹਨ । ਮੈਂ ਕਿਹਾ ਕਿ ਜਿਹੜੀ ਇਸ ਸਾਲ ਸਾਰੀ ਦੁਨੀਆਂ ਦੇ ਬੁਆਏ ਸਕਾਊਟਾਂ ਦੀ ਇਕੱਤਰਤਾ ਯੂਰਪ ਦੇ ਕਿਸੇ ਦੇਸ਼ ਵਿੱਚ ਹੋਈ ਹੈ (ਮੈਨੂੰ ਉਸ ਦੇਸ਼ ਦਾ ਨਾਂ ਭੁੱਲ ਗਿਆ ਹੈ), ਉਸ ਵਿੱਚ ੬੦ ਦੇਸ਼ਾਂ ਦੇ ਮੁੰਡੇ ਇਕੱਠੇ ਹੋਏ ਸਨ । ਉਹ ਆਪਣੇ ਦੇਸ਼ਾਂ ਵਿੱਚ ਜਾ ਕੇ ਇਕ ਦੂਜੇ ਨੂੰ ਚਿੱਠੀਆਂ ਲਿਖਣਗੇ ਤੇ ਆਪਣੇ ਪਿਆਰ ਨੂੰ ਕਾਇਮ ਰੱਖਣਗੇ । ਮੈਂ ਕਿਹਾ ਕਿ ਲੜਕੇ ਬੁਆਏ ਸਕਾਊਟ ਦੇ ਮੈਮੋਰੀਅਮ ਵਿੱਚ ਮੇਲਿਆਂ ’ਤੇ ਜਦੋਂ ਇਕੱਠੇ ਹੁੰਦੇ ਹਨ ਤੇ ਨਵੀਆਂ ਮਿੱਤਰਤਾਵਾਂ ਪਾਉਂਦੇ ਹਨ ਤਾਂ ਹੈਰਾਨ ਹੁੰਦੇ ਹਨ ਕਿ ਸਾਡੇ ਬਜ਼ੁਰਗ ਕਿਉਂ ਲੜੇ ਸਨ ਜਦ ਅਸੀਂ ਇਕ ਦੂਜੇ ਨੂੰ ਇੰਨਾ ਪਿਆਰ ਕਰਦੇ ਹਾਂ; ਪਰ ਸਾਡੇ ਬਜ਼ੁਰਗਾਂ ਨੇ ਜੰਗ ਕਿਉਂ ਕੀਤਾ?

(ਜੀਵਨ ਲਹਿਰ ਸਤੰਬਰ ੧੯੭੭ ’ਚੋਂ)

# ਭਾਈ ਤੂੰ ਤਾਂ ਆਪ ਸਾਡੇ (ਮੰਗਤਿਆਂ) ਵਰਗਾ ਹੀ ਹੈਂ

## ਤੈਥੋਂ ਅਸੀਂ ਖਜੂਰਾਂ ਨਹੀਂ ਲੈਣੀਆਂ

**—(ਇਕ ਮੰਗਤੀ ਮਾਈ)**

ਲਾਹੌਰ ਸ਼ਹਿਰ (ਪਾਕਿਸਤਾਨ) ਵਿੱਚ ਇਕ ਸੜਕ ਜਿਸ ਦਾ ਨਾਮ ਮੋਹਨ ਲਾਲ ਰੋਡ ਸੀ, ਉਹ ਗੁਰਦੁਆਰਾ ਡੇਹਰਾ ਸਾਹਿਬ ਤੋਂ ਡੇਢ ਮੀਲ ਦੀ ਦੂਰੀ 'ਤੇ ਹੈ । ਇਹ ਇਲਾਕਾ ਸਕੂਲਾਂ, ਯੂਨੀਵਰਸਿਟੀ, ਅਜਾਇਬ ਘਰ, ਡੀ.ਏ.ਵੀ. ਹਾਈ ਸਕੂਲ, ਕਚਹਿਰੀਆਂ, ਗੌਰਮਿੰਟ ਕਾਲਜ, ਓਰੀਐਂਟਲ ਕਾਲਜ, ਡੀ.ਏ.ਵੀ. ਇੰਡਸਟਰੀਅਲ ਸਕੂਲ, ਸਨਾਤਨ ਧਰਮ ਕਾਲਜ, ਪੰਜਾਬ ਸਰਕਾਰ ਦੇ ਦਫ਼ਤਰ, ਲਾਜਪਤ ਰਾਏ ਹਾਲ, ਕਿਨੈਰਡ ਕਾਲਜ, ਬ੍ਰਹਮ ਮਹਾਂ ਵਿੱਦਿਆਲਾ, ਡੰਗਰਾਂ ਦੇ ਇਲਾਜ ਦਾ ਵੈਟਰਨਰੀ ਕਾਲਜ, ਆਦਿਕ ਦਾ ਬਹੁਤ ਉੱਚੇ ਦਰਜੇ ਦਾ ਇਲਾਕਾ ਹੈ । ਇੱਥੋਂ ਸ਼ਹਿਰ ਦਾ ਸਭ ਤੋਂ ਮਹੱਤਤਾ ਵਾਲਾ ਇਲਾਕਾ ਆਰੰਭ ਹੁੰਦਾ ਸੀ । ਨਾਲ ਹੀ ਵੱਡਾ ਡਾਕਖ਼ਾਨਾ, ਹਾਈਕੋਰਟ, ਵੱਡਾ ਤਾਰ-ਘਰ ਤੇ ਵੱਡੇ-ਵੱਡੇ ਬੈਂਕ ਵੀ ਸਾਰੇ ਇਸ ਇਲਾਕੇ ਵਿੱਚ ਸਨ ।

ਇਸ ਇਲਾਕੇ ਵਿੱਚੋਂ ਮੈਨੂੰ ਅਨੇਕਾਂ ਵਾਰ ਲੰਘਣਾ ਪੈਂਦਾ ਸੀ । ਲੂਲ੍ਹੇ ਨੂੰ ਮੈਂ ਸੰਨ ੧੯੩੮ ਵਿੱਚ ਚੁੱਕਿਆ ਸੀ, ਜਦ ਉਸ ਦੀ ਉਮਰ ਸਾਢੇ ਚਾਰ ਸਾਲ ਦੀ ਸੀ ਤੇ ਮੇਰੀ ਉਮਰ ੩੦ ਸਾਲ ਦੀ ਸੀ । ਸੰਨ ੧੯੪੭ ਤਕ ਲੂਲ੍ਹੇ ਨੂੰ ਮੈਂ ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਸੜਕਾਂ ਉੱਤੇ ੧੪ ਸਾਲ ਆਪਣੀ ਪਿੱਠ 'ਤੇ ਚੁੱਕੀ ਫਿਰਦਾ ਰਿਹਾ । ਕੁਝ ਮਹੀਨੇ ਮੈਂ ਗੁਰਦੁਆਰਾ ਚਮਾਲ੍ਹਾ ਸਾਹਿਬ ਵੀ ਰਿਹਾ ਸਾਂ ਜਿਹੜਾ ਮੋਹਨ ਲਾਲ ਰੋਡ ਦੇ ਨੇੜੇ ਪੈਂਦਾ ਸੀ ਤੇ ਅੱਧ ਮੀਲ ਦੀ ਵਿੱਥ 'ਤੇ ਸੀ । ਉਸ ਸੜਕ 'ਤੇ ਲਾਲਾ ਜਗਤ ਨਰਾਇਣ ਹਿੰਦ ਸਮਾਚਾਰ ਦਾ ਵਿਰਜਾ ਨੰਦ ਪ੍ਰੈੱਸ ਵੀ ਸੀ । ਲਾਲਾ ਜੀ ਦੀ ਪ੍ਰੈੱਸ ਦੇ ਲਾਗੇ ਇਕ ਮੁਸਲਮਾਨ ਗਨੇਰੀਆਂ ਵਾਲੇ ਦੀ ਹੱਟੀ ਸੀ । ਉਹ ਖ਼ਜੂਰਾਂ ਵੀ ਵੇਚਦਾ ਹੁੰਦਾ ਸੀ । ਮੈਂ ਮਿਠਿਆਈ ਕਦੇ ਮੁੱਲ ਲੈ ਕੇ ਨਹੀਂ ਖਾਂਦਾ ਰਿਹਾ । ਜੇ ਭੁੱਖ ਲੱਗਦੀ ਤਾਂ ਮੈਂ ਕਿਸੇ ਵੇਲੇ ਖ਼ਜੂਰ ਮੁੱਲ ਲੈ ਕੇ ਖਾ ਲੈਂਦਾ । ਮਿਠਿਆਈ ਤੋਂ ਮੈਨੂੰ ਸੰਕੋਚ ਵੀ ਸੀ । ਦਾਣੇਦਾਰ ਖੰਡ ਦੇ ਹਾਨੀਕਾਰਕ ਹੋਣ ਦੇ ਕਾਰਨ ਮੈਂ ਗੁੜ ਖਾਣਾ ਹੀ ਚੰਗਾ ਸਮਝਦਾ ਰਿਹਾ ਹਾਂ ।

ਸੰਨ ੧੯੨੭ ਦੇ ਅਖ਼ੀਰ ਵਿੱਚ ਮੈਂ ਇਹ ਫ਼ੈਸਲਾ ਕਰ ਲਿਆ ਸੀ



ਕਿ ਮੈਂ ਕੋਈ ਨੌਕਰੀ ਨਹੀਂ ਕਰਾਂਗਾ ਅਤੇ ਦੇਸ਼ ਵਿੱਚ ਮਹਾਤਮਾ ਗਾਂਧੀ ਦਾ ਇਹ ਪ੍ਰਚਾਰ ਕਰਾਂਗਾ ਕਿ ਲੋਕੀਂ ਹੱਥ ਦਾ ਕੱਤਿਆ ਤੇ ਹੱਥ ਦਾ ਬੁਣਿਆ ਕੱਪੜਾ ਪਹਿਨਣ। ਉਦੋਂ ਮੇਰੀ ਉਮਰ ੨੩ ਸਾਲ ਦੀ ਸੀ । ਮਹਾਤਮਾ ਗਾਂਧੀ ਦਾ ਸਪਤਾਹਿਕ ਅੰਗਰੇਜ਼ੀ ਪਰਚਾ **Young India** ਮੈਂ ਅੱਠ ਮਹੀਨੇ ਪੜ੍ਹਿਆ ਸੀ । ੬ ਫ਼ਰਵਰੀ ੧੯੨੭ ਵਾਲੇ ਦਿਨ ਮੈਂ ਲਾਹੌਰ ਸ਼ਹਿਰ ਦੇ ਮਿਓ ਹਸਪਤਾਲ ਵਿੱਚ ਕੰਪਾਊਂਡਰੀ ਸਿੱਖਣ ਲੱਗਿਆ ਸਾਂ । ਕੰਪਾਊਂਡਰੀ ਦਾ ਕੰਮ ਸਵੇਰ ਵੇਲੇ ੯ ਵਜੇ ਸ਼ੁਰੂ ਹੁੰਦਾ ਸੀ ਤੇ ਦੁਪਹਿਰ ਦੇ ਡੇਢ ਵਜੇ ਸਮਾਪਤ ਹੋ ਜਾਂਦਾ ਸੀ । ਹਫ਼ਤੇ ਵਿੱਚ ਦੋ ਦਿਨ, ਦੁਪਹਿਰ ਦੇ ਢਾਈ ਵਜੇ ਕੰਮ ਸਮਾਪਤ ਹੁੰਦਾ ਸੀ । ਮੈਂ ਆਪਣੇ ਬਚਪਨ ਤੇ ਲੜਕਪਨ ਵਿੱਚ ਦੁੱਧ ਤੇ ਘਿਉ ਵਿੱਚ ਪਲਿਆ ਹੋਇਆ ਬਹੁਤ ਤਕੜਾ ਨੌਜਵਾਨ ਸਾਂ । ਮੇਰੇ ਜੀਵਨ ਵਿੱਚ ਉਤਸ਼ਾਹ ਸੀ । ਮੇਰੇ ਵਿੱਚ ਦਇਆ ਤੇ ਪਿਆਰ ਦਾ ਜਜ਼ਬਾ ਹੜ੍ਹ ਵਾਲਾ ਸੀ । ਦਇਆ ਦੇ ਸੰਸਕਾਰ ਮੇਰੀ ਮਾਤਾ ਨੇ ਮੈਨੂੰ ਮਹਾਂਪੁਰਸ਼ਾਂ ਦੀਆਂ ਦਇਆ ਦੇ ਕਾਰਜਾਂ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਮੇਰੇ ਹਿਰਦੇ ਵਿੱਚ ਪਾਏ ਸਨ । ਪਿਆਰ ਮੈਨੂੰ ਮੇਰੀ ਮਾਂ ਨੇ ਪੂਰਾ ਦਿੱਤਾ ਹੋਇਆ ਸੀ । ਮੇਰੇ ਲਈ ਨਿਚੱਲਾ ਹੋ ਕੇ ਬਹਿਣਾ ਆਸਾਨ ਨਹੀਂ ਸੀ । ਮੇਰੇ ਹਿਰਦੇ ਦੇ ਉਤਸ਼ਾਹ, ਦਇਆ ਤੇ ਪਿਆਰ ਦੇ ਜਜ਼ਬਿਆਂ ਦੀ ਤ੍ਰਿਪਤੀ ਏਸੇ ਸੂਰਤ ਵਿੱਚ ਹੋ ਸਕਦੀ ਸੀ ਕਿ ਮੈਂ ਸੰਸਾਰ ਦੇ ਦੁਖੀ ਜੀਵਾਂ 'ਤੇ ਦਇਆ ਕਰਦਾ ਹੋਇਆ ਤੇ ਉਹਨਾਂ ਨੂੰ ਪਿਆਰ ਕਰਦਾ ਹੋਇਆ ਬਾਲਾਂ ਵਾਂਗ ਹਰ ਵੇਲੇ ਭੁੜਕਦਾ ਫਿਰਦਾ ਰਹਿੰਦਾ । ਮੇਰੇ ਇਹੋ ਜਿਹੇ ਸੰਸਕਾਰ ਹੀ ਮੈਨੂੰ ਇਕ ਮਹਾਨ ਸਿੱਖ ਗੁਰਦਵਾਰੇ ਡੇਹਰਾ ਸਾਹਿਬ ਲੈ ਗਏ ਜਿੱਥੇ ਮੈਨੂੰ ਬੇਆਸਰੇ ਅਪਾਹਿਜਾਂ, ਰੋਗੀਆਂ ਤੇ ਹੋਰ ਅਨੇਕ ਪ੍ਰਕਾਰ ਦੇ ਲੋੜਵੰਦ ਪ੍ਰਾਣੀਆਂ ਦੇ ਕਾਰਜਾਂ ਨੂੰ ਕਰਦਿਆਂ ਹੋਇਆਂ ਬਾਲਾਂ ਵਾਂਗ ਸਾਰਾ ਦਿਨ ਭੁੜਕਦਿਆਂ ਰਹਿ ਕੇ ਉਹਨਾਂ ਦੀ ਸੇਵਾ ਦੇ ਕਾਰਜਾਂ ਨੂੰ ਕਰਨ ਦਾ ਅਵਸਰ ਮਿਲਿਆ :-

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।**<br>
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।**<br>
**ਗੋਲਾ ਮੁਲ ਖਰੀਦੁ ਕਾਰੇ ਜੋਵਣਾ ।**<br>
**ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ ।**<br>
**ਪੀਹਣਿ ਹੋਇ ਜਦੀਦ ਪਾਣੀ ਢੋਵਣਾ ।**<br>
**ਪਖੇ ਦੀ ਤਾਗੀਦ ਪਗ ਮਲਿ ਧੋਵਣਾ ।**

**ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ ।**
**ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ ।**
**ਚੰਦ ਮੁਮਾਰਖਿ ਈਦ ਪੁਗਿ ਖਲੋਵਣਾ ॥੧੮॥**

(ਵਾਰ ਤੀਜੀ ਭਾਈ ਗੁਰਦਾਸ ਜੀ)

ਵਾਹਿਗੁਰੂ ਦੀ ਅਪਾਰ ਕਿਰਪਾ ਹੋਈ ਕਿ ਮਿਓ ਹਸਪਤਾਲ ਦੇ ਲਾਗੇ ਦਿਆਲ ਸਿੰਘ ਲਾਇਬ੍ਰੇਰੀ ਸੀ ਜਿਹੜੀ ਸਾਰਾ ਦਿਨ ਖੁੱਲ੍ਹੀ ਰਹਿੰਦੀ ਸੀ । ਹਸਪਤਾਲ ਵਿੱਚੋਂ ਨਿਕਲ ਕੇ ਮੈਂ ਉਸ ਲਾਇਬ੍ਰੇਰੀ ਵਿੱਚ ਜਾ ਵੜਦਾ । ਉਸ ਲਾਇਬ੍ਰੇਰੀ ਵਿੱਚ ਮਹਾਤਮਾ ਗਾਂਧੀ ਦਾ ਸਪਤਾਹਿਕ ਅਖ਼ਬਾਰ **Young India** ਵੀ ਆਉਂਦਾ ਸੀ । ਮੈਂ ਉਸ ਅਖ਼ਬਾਰ ਨੂੰ ਪੜ੍ਹਨ ਲੱਗ ਪਿਆ । ਉਸ ਅਖ਼ਬਾਰ ਦਾ ਇਕੱਲਾ-ਇਕੱਲਾ ਸ਼ਬਦ ਮੇਰੇ ਹਿਰਦੇ ਵਿੱਚ ਉੱਤਰਦਾ ਰਿਹਾ ਸੀ ਤੇ ਮੈਨੂੰ ਉਸ ਦੇ ਲੇਖਾਂ ਤੋਂ ਆਪਣੀ ਉਸ ੨੩ ਸਾਲ ਦੀ ਉਮਰ ਵਿੱਚ ਦੇਸ਼ ਸੇਵਾ ਲਈ ਜੀਵਨ ਅਰਪਣ ਕਰਨ ਦਾ ਰਾਹ ਮਿਲ ਗਿਆ । ਨਵੇਂ ਪਰਚੇ ਨੂੰ ਮੈਂ ਸਾਰਾ ਹਫ਼ਤਾ ਉਡੀਕਦਾ ਰਹਿੰਦਾ ਸਾਂ । ਮੈਨੂੰ ਤਨਖ਼ਾਹ ਤਾਂ ਮਿਲਦੀ ਨਹੀਂ ਸੀ । ਬਿਨਾਂ ਤਨਖ਼ਾਹ ਤੋਂ ਮੈਂ ਕੰਮ ਸਿੱਖਦਾ ਸਾਂ । ਇਕ ਬੰਦਾ ਸ: ਸੰਗਤ ਸਿੰਘ ਮੈਨੂੰ ੫ ਰੁਪਏ ਮਹੀਨਾ ਸਹਾਇਤਾ ਕੰਮ ਸਿੱਖਣ ਲਈ ਦਿੰਦਾ ਸੀ । ਉਹ ਡਿਸਟ੍ਰਿਕਟ ਬੋਰਡ ਦਾ ਇੰਜੀਨੀਅਰ ਸੀ । ਮੇਰੀ ਮਾਂ ਤਾਂ ਵਿਚਾਰੀ ੧੦ ਰੁਪਏ ਮਹੀਨੇ 'ਤੇ ਭਾਂਡੇ ਮਾਂਜਣ ਦੀ ਨੌਕਰੀ ਕਰਦੀ ਸੀ, ਪਰ ਫਿਰ ਵੀ ਮੈਂ ਆਪਣੇ ੫ ਰੁਪਏ ਦੇ ਵਜੀਫ਼ੇ ਵਿੱਚੋਂ ਹਰ ਹਫ਼ਤੇ **Young India** ਪਰਚੇ ਦੀਆਂ ਦੋ ਕਾਪੀਆਂ ਮੁੱਲ ਲੈ ਲਿਆ ਕਰਦਾ ਸਾਂ, ਤਾਂ ਜੋ ਮੈਂ ਡਾਕਟਰਾਂ ਨੂੰ ਉਹ ਪਰਚਾ ਮੁਫ਼ਤ ਪੜ੍ਹਾਉਣ ਲਈ ਦੇ ਸਕਾਂ । ਮੈਂ ਇਕ ਬਾਲ ਵਾਲੇ ਹਿਰਦੇ ਨਾਲ ਉਸ ਉਮਰ ਵਿੱਚ ਦੇਸ਼-ਉਸਾਰੀ ਦੇ ਸੇਵਾ ਦੇ ਕੰਮਾਂ ਲਈ ਭੁੜਕਦਾ ਫਿਰਦਾ ਰਿਹਾ ਕਰਦਾ ਸਾਂ । ਮੈਂ ਡਾਕਟਰਾਂ ਨੂੰ ਪਰਚਾ ਪੜ੍ਹਨ ਲਈ ਦਿੰਦਾ ਸਾਂ ਤਾਂ ਜੋ ਉਹਨਾਂ ਨੂੰ ਵੀ ਪਤਾ ਲੱਗੇ ਕਿ ਦੇਸ਼ ਦੇ ਹਾਲਾਤ ਕੀ ਹਨ । ਪ੍ਰਸਿੱਧ ਡਾਕਟਰ ਸੰਤ ਰਾਮ 'ਢੱਲ' ਨੂੰ ਵੀ ਮੈਂ ਉਹ ਪਰਚਾ ਪੜ੍ਹਨ ਲਈ ਦਿਆ ਕਰਦਾ ਸਾਂ । ਕੰਪਾਉਂਡਰੀ ਦਾ ਕਿੱਤਾ ਵੀ ਮੈਂ ਬੇਆਸਰੇ ਰੋਗੀਆਂ ਦੀ ਸੇਵਾ ਵਿੱਚ ਜੀਵਨ ਲਾਉਣ ਲਈ ਸਿੱਖ ਰਿਹਾ ਸਾਂ, ਪਰ ੮ ਮਹੀਨਿਆਂ ਵਿੱਚ ਉਸ ਪਰਚੇ ਨੂੰ ਪੜ੍ਹਣ ਤੋਂ ਮੈਂ ਇਹ ਫ਼ੈਸਲਾ ਕਰ ਲਿਆ ਸੀ ਕਿ ਹੁਣ ਮੈਨੂੰ ਇਹ ਕੰਮ ਸਿੱਖਣਾ ਛੱਡ ਦੇਣਾ ਚਾਹੀਦਾ ਹੈ ਤੇ ਦੇਸ਼ ਵਿੱਚ ਗਾਂਧੀ ਦੇ ਖ਼ਿਆਲਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ । ਗਾਂਧੀ ਜੀ ਦੀ ਜਿਸ ਗੱਲ ਨੇ ਮੈਨੂੰ ਜਕੜਿਆ ਉਹ ਉੜੀਸਾ ਪ੍ਰਾਂਤ ਦੇ ਹਾਲਾਤ ਸਨ ਜੋ ਉਹਨਾਂ ਨੇ ਉਸ ਪ੍ਰਾਂਤ ਦਾ ਦੌਰਾ ਕਰਦਿਆਂ ਲਿਖੇ ਸਨ । ਗਾਂਧੀ ਜੀ ਉਹਨਾਂ ਦਿਨਾਂ ਵਿੱਚ ਸਾਰੇ ਦੇਸ਼ਾਂ ਦਾ ਦੌਰਾ ਕਰ ਰਹੇ ਸਨ ।



ਉੜੀਸਾ ਦੇ ਹਾਲਾਤ ਬਾਰੇ ਉਹਨਾਂ ਨੇ ਲਿਖਿਆ ਕਿ ਉੜੀਸਾ ਦੇ ਪਿੰਡਾਂ ਦੇ ਬੰਦਿਆਂ ਦੇ ਸਰੀਰ ਗ਼ਰੀਬੀ ਨਾਲ ਹੱਡੀਆਂ ਦੇ ਪਿੰਜਰ ਬਣ ਚੁੱਕੇ ਹਨ ਤੇ ਪਿੰਡ ਗੋਬਰ ਦੇ ਢੇਰ । ਉਹਨਾਂ ਨੇ ਇਹ ਵੀ ਲਿਖਿਆ ਕਿ ਪਿੰਡਾਂ ਦੇ ਲੋਕ ਬਾਸੀ ਰੋਟੀ ਉਸ ਗੰਦੇ ਲੂਣ ਦੀ ਚੁੱਟਕੀ ਨਾਲ ਖਾਂਦੇ ਹਨ ਜਿਸ ਨੂੰ ਅਸੀਂ ਵੇਖਣਾ ਵੀ ਪਸੰਦ ਨਹੀਂ ਕਰਦੇ । ਉਹਨਾਂ ਦੇ ਹੇਠ ਲਿਖੇ ਅੰਗਰੇਜ਼ੀ ਦੇ ਸ਼ਬਦ ਮੈਨੂੰ ਹੁਣ ਤਕ ਯਾਦ ਹਨ:

**The villagers were reduced to mere skeltons and the villages to dung heaps. They copper coins with their bony fingers.**

ਸਾਰੇ ਦੇਸ਼ ਦਾ ਦੌਰਾ ਕਰਦੇ ਹੋਏ ਗਾਂਧੀ ਜੀ ਉਹਨਾਂ ਦਿਨਾਂ ਵਿੱਚ ਰਾਸ਼ਟਰੀ ਅੰਦੋਲਨ ਲਈ ਤਿਲਕ ਸਵਰਾਜ ਫੰਡ ਦੇ ਨਾਮ ਤੇ ਇਕ ਕਰੋੜ ਰੁਪਿਆ ਇਕੱਠਾ ਕਰ ਰਹੇ ਸਨ । ਇਸੇ ਕਾਰਜ ਲਈ ਉਹਨਾਂ ਨੂੰ ਪਿੰਡਾਂ ਵਿੱਚ ਜਾਣਾ ਪੈਂਦਾ ਸੀ । ਉਹਨਾਂ ਨੇ ਲਿਖਿਆ ਕਿ ਪੇਂਡੂ ਬੰਦਿਆਂ ਨੇ ਉਹਨਾਂ ਨੂੰ ਆਪਣੀਆਂ ਹੱਡੀਆਂ ਦਿਸ ਰਹੀਆਂ ਉਂਗਲੀਆਂ ਨਾਲ ਤਿਲਕ ਸਵਰਾਜ ਫੰਡ ਲਈ ਤਾਂਬੇ ਦੇ ਸਿੱਕੇ ਦਾਨ ਵਿੱਚ ਦਿੱਤੇ ਅਰਥਾਤ ਉਹ ਚਾਂਦੀ ਦੇ ਰੁਪਏ ਤਾਂ ਦੇ ਨਾ ਸਕੇ ਕੇਵਲ ਪੈਸਾ-ਪੈਸਾ ਦੋ ਪੈਸੇ ਹੀ ਦੇ ਸਕੇ ।

ਉਹਨਾਂ ਦਿਨਾਂ ਵਿੱਚ ੬੦ ਕਰੋੜ ਰੁਪਏ ਦਾ ਕੱਪੜਾ ਇੰਗਲੈਂਡ ਤੋਂ ਹਿੰਦੁਸਤਾਨ ਨੂੰ ਹਰ ਸਾਲ ਆਉਂਦਾ ਸੀ । ਗਾਂਧੀ ਜੀ ਨੇ ਲਿਖਿਆ ਕਿ ਜਿਹੜਾ ਕੱਪੜਾ ਭਾਰਤ ਦੇਸ਼ ਵਿੱਚ ਵਲਾਇਤ ਤੋਂ ਆਉਂਦਾ ਹੈ ਜਾਂ ਭਾਰਤ ਦੇ ਕਾਰਖ਼ਾਨਿਆਂ ਵਿੱਚ ਬਣਦਾ ਹੈ ਉਹੀ ਦੇਸ਼ ਵਿੱਚ ਬੇਕਾਰੀ ਫੈਲਾਉਂਦਾ ਹੈ—ਤੇ ਖ਼ਾਸ ਤੌਰ 'ਤੇ ਪਿੰਡਾਂ ਦੇ ਬੰਦੇ ਉਹਨਾਂ ਦੋਹਾਂ ਕਿਸਮਾਂ ਦੇ ਕੱਪੜਿਆਂ ਦੀ ਵਿਕਰੀ ਤੋਂ ਉਪਜੀ ਹੋਈ ਬੇਕਾਰੀ ਦੇ ਕਾਰਨ ਭੁੱਖੇ ਮਰ ਰਹੇ ਹਨ । ਉਹਨਾਂ ਖ਼ਿਆਲਾਂ ਤੋਂ ਹੀ ਮੈਂ ਕੰਪਾਉਂਡਰੀ ਦਾ ਕੰਮ ਵਿੱਚੇ ਛੱਡ ਦਿੱਤਾ ਸੀ । ਚਾਰ ਮਹੀਨੇ ਉਸ ਕੰਮ ਨੂੰ ਸਿੱਖਣ ਲਈ ਬਾਕੀ ਰਹਿੰਦੇ ਸਨ ।

## The Story of My Experiments with Truth.

ਆਪਣਾ ਦਸਵੀਂ ਜਮਾਤ ਦਾ ਇਮਤਿਹਾਨ ਦੇਣ ਦੇ ਨਾਲ ਸੰਨ ੧੯੨੪ ਵਿੱਚ ਜਾਂ ਸੰਨ ੧੯੨੫ ਵਿੱਚ ਮੈਂ ਇਕ ਇਸ਼ਤਿਹਾਰ ਕਿਸੇ ਕੰਧ 'ਤੇ ਲੱਗਿਆ ਪੜ੍ਹਿਆ ਜਿਹੜਾ ਕੌਮੀ ਵਿਦਿਆਲੇ ਵੱਲੋਂ ਸੀ । ਇਹ ਵਿਦਿਆਲਾ ਬਰੈਡਲਾ ਹਾਲ ਵਿੱਚ ਚਲਦਾ ਰਿਹਾ ਸੀ । ਉਸੇ ਥਾਂ 'ਤੇ ਸੂਬੇ ਦੀ ਕਾਂਗਰਸ ਦਾ ਦਫ਼ਤਰ ਸੀ । ਉਸ ਵਿਦਿਆਲੇ ਨੂੰ ਕਾਂਗਰਸ ਨੇ ਖੋਲ੍ਹਿਆ ਸੀ । ਉਸ ਇਸ਼ਤਿਹਾਰ ਵਿੱਚ ਲਿਖਿਆ ਸੀ ਕਿ ਜਿਹੜਾ ਨੌਜਵਾਨ ਉਸ ਸਕੂਲ ਵਿੱਚ ਦੇਸ਼ ਸੇਵਾ ਦੀ

ਵਿਦਿਆ ਪ੍ਰਾਪਤ ਕਰਨ ਲਈ ਦਾਖ਼ਲ ਹੋਣਾ ਚਾਹੇ ਉਹ ਦਾਖ਼ਲ ਹੋ ਸਕਦਾ ਹੈ । ਮੈਂ ਬਰੈਡਲਾ ਹਾਲ ਨੂੰ ਗਿਆ । ਉੱਥੇ ਦਫ਼ਤਰ ਦੇ ਸਕੱਤਰ ਡਾਕਟਰ ਪਰਸਰਾਮ ਸਨ ਜਿਹੜੇ ਸ਼ਾਇਦ ਫਿਰੋਜ਼ਪੁਰ ਦੇ ਸਨ, ਉਹਨਾਂ ਨੇ ਦਾਹੜੀ ਰੱਖੀ ਹੋਈ ਸੀ ਤੇ ਸਿਰ ਦੇ ਕੇਸਾਂ ਨੂੰ ਉਹ ਪਿੱਛੇ ਸੁੱਟ ਕੇ ਵਾਹ ਕੇ ਰੱਖਦੇ ਸਨ । ਉਹ ਸਨਾਤਨ ਧਰਮੀ ਨੇਤਾ ਸਨ, ਮੱਥੇ ਉੱਤੇ ਤਿਲਕ ਲਾਉਂਦੇ ਸਨ । ਮੇਰੇ ਪੁੱਛਣ 'ਤੇ ਮੈਨੂੰ ਉਹਨਾਂ ਨੇ ਉੱਤਰ ਦਿੱਤਾ ਕਿ ਸਕੂਲ ਬੰਦ ਹੋ ਚੁੱਕਾ ਹੈ । ਦਫ਼ਤਰ ਵਿੱਚ ਦੋ ਅੰਗਰੇਜ਼ੀ ਪੁਸਤਕਾਂ ਦੇ ਪਤਾ ਨਹੀਂ ਢੇਰ ਲੱਗੇ ਹੋਏ ਸਨ ਜਾਂ ਅਲਮਾਰੀਆਂ ਭਰੀਆਂ ਹੋਈਆਂ ਸਨ, ਜਿਨ੍ਹਾਂ ਨੂੰ ਮੈਂ ਵੇਖਿਆ । ਮੇਰੇ ਜਾਣ ਉੱਤੇ ਡਾਕਟਰ ਸਾਹਿਬ ਨੇ ਕਾਮਰੇਡ ਰਾਮਕਿਸ਼ਨ ਨੂੰ ਆਵਾਜ਼ ਮਾਰ ਕੇ ਬੁਲਾਇਆ ਸੀ ਜਿਹੜਾ ਉਸ ਸਮੇਂ ਉੱਥੇ ਸ਼ਾਇਦ ਦਫ਼ਤਰੀ ਜਾਂ ਰਿਕਾਰਡ ਕੀਪਰ ਸੀ, ਪਤਾ ਨਹੀਂ ਉਹਨਾਂ ਉਸ ਨੂੰ ਮਾਰਸ਼ਲ ਲਾਅ ਦੀਆਂ ਰਿਪੋਰਟਾਂ ਲਿਆਉਣ ਲਈ ਜਾਂ ਕੋਈ ਹੋਰ ਗੱਲ ਆਖੀ । ਪਤਾ ਨਹੀਂ ਉਹਨਾਂ ਕਿਤਾਬਾਂ ਨੂੰ ਲੋਕਾਂ ਤਕ ਪਹੁੰਚਾਉਣ ਦਾ ਖ਼ਿਆਲ ਮੈਨੂੰ ਆਪਣੇ ਆਪ ਆਇਆ ਜਾਂ ਡਾਕਟਰ ਸਾਹਿਬ ਨੇ ਮੈਨੂੰ ਇਹ ਗੱਲ ਕਹੀ ਸੀ । ਕਾਮਰੇਡ ਰਾਮਕਿਸ਼ਨ ਦੇਸ਼ ਦੀ ਵੰਡ ਪਿੱਛੋਂ ਪੰਜਾਬ ਦਾ ਮੁੱਖ-ਮੰਤਰੀ ਵੀ ਬਣਿਆ ।

ਬਰੈਡਲਾ ਹਾਲ ਵਿੱਚ ਮੈਨੂੰ ਸ: ਬਾਬੂ ਸਿੰਘ ਦੇ ਦਰਸ਼ਨ ਵੀ ਹੋਏ ਸਨ । ਉਹ ਮੇਰਾ ਮਿੱਤਰ ਬਣ ਗਿਆ ਸੀ । ਉਸ ਨੇ ਕੌਮੀ ਵਿਦਿਆਲੇ ਤੋਂ ਬੀ.ਏ. ਪਾਸ ਕੀਤੀ ਸੀ ਤੇ ਉਹ 'ਸਿਵਿਲ ਨਾ ਫੁਰਮਾਨੀ' ਦੇ ਮੋਰਚਿਆਂ ਵਿੱਚ ਕੈਦਾਂ ਕੱਟਦਾ ਰਹਿੰਦਾ ਸੀ ਤੇ ਗੌਰਮਿੰਟ ਦੀ ਨਿਗਾਹ ਵਿੱਚ ਸੀ । ਫਿਰ ਉਹ ਓਰੀਐਂਟਲ ਕਾਲਜ ਵਿੱਚ ਪਤਾ ਨਹੀਂ ਗਿਆਨੀ ਜਾਂ ਵਿਦਵਾਨੀ ਪਾਸ ਕਰਨ ਲਈ ਦਾਖ਼ਲ ਹੋ ਗਿਆ ਸੀ । ਉਹ ਇਕ ਸੱਚਾ-ਸੁੱਚਾ ਤੇ ਸਿਦਕੀ ਸਿੱਖ ਨੌਜਵਾਨ ਸੀ । ਉਹ ਮੇਰਾ ਪੱਕਾ ਦੋਸਤ ਬਣ ਗਿਆ ਸੀ । ਮਾਰਸ਼ਲ ਲਾਅ ਦੀਆਂ ਰਿਪੋਰਟਾਂ ਨੂੰ ਮੈਂ ਵੇਚਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਵਿਕਦੀਆਂ ਨਹੀਂ ਸਨ । ਨਾਲੇ ਮੈਂ ਉਸ ਵੇਲੇ ਲਾਹੌਰ ਸ਼ਹਿਰ ਵਿੱਚ ਨਵਾਂ-ਨਵਾਂ ਗਿਆ ਸਾਂ । ਉਸ ਵੇਲੇ ਮੈਨੂੰ ਕੋਈ ਸਮਾਜਿਕ ਗਿਆਨ ਨਹੀਂ ਹੋਇਆ ਸੀ ਤੇ ਨਾ ਹੀ ਲਿਖੇ ਪੜ੍ਹੇ ਹਲਕਿਆਂ ਵਿੱਚ ਮੇਰਾ ਜਾਣ ਆਉਣ ਹੀ ਆਰੰਭ ਹੋਇਆ ਸੀ । ਉਹਨਾਂ ਪੁਸਤਕਾਂ ਵਿੱਚੋਂ ਸ਼ਾਇਦ ਇਕ ਪੁਸਤਕ ਜਲ੍ਹਿਆਂ ਵਾਲੇ ਬਾਗ਼ ਵਿੱਚ ਗੋਲੀ ਚੱਲਣ ਬਾਰੇ ਸੀ । ਬਾਬੂ ਸਿੰਘ ਮੈਨੂੰ ਭਾਈ ਪਰਮਾਨੰਦ ਜੀ ਪਾਸ ਵੀ ਲੈ ਗਿਆ ਸੀ, ਕਿਉਂਕਿ ਉਹ ਕੌਮੀ ਕਾਲਜ ਦੇ ਇਤਿਹਾਸ ਦੇ ਪ੍ਰੋਫ਼ੈਸਰ ਰਹੇ ਸਨ । ਭਾਈ ਪਰਮਾਨੰਦ ਦੇਸ਼ ਦੇ ਬਹੁਤ ਵੱਡੇ ਨੇਤਾਵਾਂ ਵਿੱਚੋਂ ਸਨ । ਉਹ ਸਿੱਖ-ਪੰਥ ਦੇ ਮਹਾਨ ਸ਼ਹੀਦ ਭਾਈ ਮਤੀਦਾਸ ਦੇ ਖ਼ਾਨਦਾਨ ਵਿੱਚੋਂ ਸਨ । ਉਹ ਦੇਸ਼



ਦੇ ਵੱਡੇ ਇਤਿਹਾਸਕਾਰ ਸਨ । ਉਹ ਮੈਨੂੰ ਆਦਰ ਦੇਣ ਲੱਗ ਪਏ ਸਨ । ਉਹਨਾਂ ਦਾ ਜੀਵਨ ਤਿਆਗ ਦਾ ਜੀਵਨ ਸੀ । ਉਹ ਬਹੁਤ ਉੱਚੇ ਦਰਜੇ ਦੇ ਆਦਮੀ ਸਨ । ਬਾਬੂ ਸਿੰਘ ਕੋਈ ਕੰਮ ਨਹੀਂ ਕਰਦਾ ਸੀ । ਉਸ ਦੇ ਹਿਰਦੇ ਵਿੱਚ ਦੇਸ਼ ਭਗਤੀ ਦੀ ਧੁਨ ਸਮਾਈ ਹੋਈ ਸੀ । ਮੈਂ ਉਸ ਨੂੰ ਬਰੈਡਲਾ ਹਾਲ ਮਿਲਣ ਜਾਣ ਲੱਗ ਪਿਆ ਸਾਂ । ਬਰੈਡਲਾ ਹਾਲ ਡੇਹਰਾ ਸਾਹਿਬ ਤੋਂ ਦੋ ਕੁ ਮੀਲ ਦੀ ਦੂਰੀ 'ਤੇ ਸੀ ।

ਦੇਸ਼ ਦੇ ਨੌਜਵਾਨਾਂ ਨੇ ਇਕ **'ਨੌਜਵਾਨ ਭਾਰਤ ਸਭਾ'** ਬਣਾਈ ਹੋਈ ਸੀ । ਸ: ਭਗਤ ਸਿੰਘ ਵੀ ਉਸ ਸਭਾ ਦਾ ਮੈਂਬਰ ਸੀ । ਸ: ਭਗਤ ਸਿੰਘ ਵੀ ਬਾਬੂ ਸਿੰਘ ਦਾ ਮਿੱਤਰ ਸੀ । ਉਹ ਮਿਲਣ ਲਈ ਬਾਬੂ ਸਿੰਘ ਪਾਸ ਆਇਆ ਕਰਦਾ ਸੀ । ਭਗਤ ਸਿੰਘ ਨੂੰ ਮੇਰੇ ਬਾਰੇ ਪਤਾ ਲੱਗ ਚੁੱਕਾ ਸੀ ਕਿ ਮੈਂ ਵੀ ਬਾਬੂ ਸਿੰਘ ਦਾ ਦੋਸਤ ਹਾਂ । ਇਕ ਜਾਂ ਦੋ ਵਾਰੀ ਅਸੀਂ ਤਿੰਨੇ ਮੰਜੇ 'ਤੇ ਇਕੱਠੇ ਬੈਠੇ ਵੀ ਸਾਂ । ਭਗਤ ਸਿੰਘ ਪਾਸ ਰੈਲੇ ਮਾਰਕਾ ਬਾਈਸਿਕਲ ਸੀ, ਪਰ ਉਹ ਬਾਈਸਿਕਲ ਨੂੰ ਸਾਫ਼ ਨਹੀਂ ਰੱਖਦਾ ਸੀ । ਮੈਂ ਬਾਬੂ ਸਿੰਘ ਨੂੰ ਕਿਹਾ ਸੀ ਕਿ ਉਹ ਭਗਤ ਸਿੰਘ ਨੂੰ ਪੁੱਛੇ ਕਿ ਜਦ ਭਗਤ ਸਿੰਘ ਮੈਨੂੰ ਵੇਖਦਾ ਹੈ ਤਾਂ ਉਹ ਮੈਨੂੰ ਸਤਿਕਾਰ ਕਿਉਂ ਨਹੀਂ ਦਿੰਦਾ । ਭਗਤ ਸਿੰਘ ਨੇ ਸੰਨ ੧੯੨੯ ਨੂੰ ਅਪ੍ਰੈਲ ਦੇ ਮਹੀਨੇ ਵਿੱਚ ਦਿੱਲੀ ਅਸੈਂਬਲੀ ਵਿੱਚ ਬੰਬ ਚਲਾ ਦਿੱਤਾ ਸੀ ਤੇ ਗ੍ਰਿਫ਼ਤਾਰ ਹੋ ਗਿਆ ਸੀ । ਬਾਬੂ ਸਿੰਘ ਨੂੰ ਸ਼ਾਇਦ ਮੈਂ ਇਹ ਵੀ ਕਿਹਾ ਹੋਵੇ ਕਿ ਉਹ ਭਗਤ ਸਿੰਘ ਨੂੰ ਆਖੇ ਕਿ ਉਹ ਸਾਈਕਲ ਨੂੰ ਸਾਫ਼ ਰੱਖਿਆ ਕਰੇ ।

ਬਾਬੂ ਸਿੰਘ ਨੂੰ ਰੋਟੀ ਦੀ ਔਕੜ ਸੀ । ਮੇਰੀ ਮਾਂ ਡੇਹਰਾ ਸਾਹਿਬ ਦੇ ੯੦ ਸਾਲ ਦੇ ਬਜ਼ੁਰਗ ਮਹੰਤ ਸਾਹਿਬ ਭਾਈ ਸਾਹਿਬ ਭਾਈ ਕਿਸ਼ਨ ਸਿੰਘ ਜੀ ਦੀ ਸੇਵਾ-ਸੰਭਾਲ ਵਿੱਚ ਰਹਿੰਦੀ ਸੀ । ਬਾਬੂ ਸਿੰਘ ਮੇਰੀ ਮਾਂ ਪਾਸੋਂ ਦੋਨੋਂ ਵੇਲੇ ਪ੍ਰਸ਼ਾਦਾ ਲਿਜਾਣ ਲੱਗ ਗਿਆ ਸੀ । ਸ਼ਾਇਦ ਮੈਂ ਭਾਈ ਸਾਹਿਬ ਤੇਜਾ ਸਿੰਘ ਮਹੰਤ ਸਾਹਿਬ ਪਾਸੋਂ ਉਸ ਨੂੰ ਪ੍ਰਸ਼ਾਦਾ ਲੈ ਜਾਣ ਦੀ ਆਗਿਆ ਦੁਆ ਦਿੱਤੀ ਸੀ।

ਜੈਸਾ ਕਿ ਮੈਂ ਦੱਸਿਆ ਹੈ ਕਿ ਮੈਂ ਦੇਸ਼-ਉਧਾਰ ਲਈ ਪੁਸਤਕਾਂ ਤੇ ਅਖ਼ਬਾਰਾਂ ਰਾਹੀਂ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨਾ ਸੀ, ਪਰ ਮੈਨੂੰ ਪੈਸਾ ਤਾਂ ਕਿਧਰੋਂ ਨਹੀਂ ਮਿਲਣਾ ਸੀ । ਪ੍ਰਸ਼ਾਦਾ ਦੋਵੇਂ ਵੇਲੇ ਗੁਰਦੁਆਰਾ ਡੇਹਰਾ ਸਾਹਿਬ ਤੋਂ ਮਿਲ ਜਾਣਾ ਸੀ ਹੋਰ ਤਾਂ ਕੁਝ ਨਹੀਂ । ਲੂਲ੍ਹੇ ਨੂੰ ਮੈਂ ਆਪਣੀ ੩੦ ਸਾਲ ਦੀ ਉਮਰ ਵਿੱਚ ਆਪਣੀ ਸੰਭਾਲ ਵਿੱਚ ਲਿਆ ਸੀ । ਉਸ ਦੇ ਆਉਣ ਤੋਂ ਪਹਿਲਾਂ ਦਾ ਗੁਰਦੁਆਰਾ ਡੇਹਰਾ ਸਾਹਿਬ ਦਾ ੧੦ ਸਾਲ ਦਾ ਜੀਵਨ ਮੈਂ ਲੰਗਰੋਂ ਪ੍ਰਸ਼ਾਦਾ ਛਕ ਕੇ ਗੁਜ਼ਾਰਿਆ । ਸਵੇਰ ਵੇਲੇ ਮੈਂ ਲੋਕਾਂ ਦੇ ਘਰਾਂ ਤੋਂ

ਰਿੜਕੀ ਲੱਸੀ ਮੰਗ ਲੈਂਦਾ; ਜੇ ਮਿਲ ਗਈ ਤਾਂ ਮਿਲ ਗਈ ਨਾ ਮਿਲੀ ਤਾਂ ਨਾ ਸਹੀ । ਮੁੱਲ ਚੀਜ਼ ਲੈ ਕੇ ਖਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ, ਕਿਉਂਕਿ ਪੈਸਾ ਕਿੱਥੋਂ ਆਉਣਾ ਸੀ । ਮੈਂ ਜਿੱਥੇ ਬੈਠਦਾ ਸਾਂ ਗਾਂਧੀ ਦੇ ਵਿਚਾਰਾਂ ਤੇ ਖ਼ਾਸ ਕਰਕੇ ਖੱਦਰ ਦਾ ਪ੍ਰਚਾਰ ਕਰਦਾ ਸਾਂ ।

ਮੈਂ ਦੇਖਿਆ ਕਰਦਾ ਸਾਂ ਕਿ ਬੁੱਢੇ ਮਰਦ-ਇਸਤਰੀਆਂ ਤੇ ਲੂਲ੍ਹੇ-ਲੰਗੜੇ, ਲੋਕਾਂ ਤੋਂ ਹੱਥ ਅੱਡ ਕੇ ਦਾਨ ਮੰਗਿਆ ਕਰਦੇ ਸਨ; ਪਰ ਅਨੇਕਾਂ ਲੋਕ ਉਹਨਾਂ ਨੂੰ ਘਿਰਣਾ ਨਾਲ ਕਹਿ ਦਿੱਤਾ ਕਰਦੇ ਸਨ ਕਿ "ਮੁਆਫ਼ ਕਰੋ ਬਾਬਾ"। ਮੈਂ ਤਾਂ ਹਿਰਦੇ ਦੀ ਭਾਰੀ ਕੋਮਲਤਾ ਨਾਲ ਪਲਿਆ ਸਾਂ । ਇਸ ਲਈ ਮੈਂ ਤਾਂ ਹਰ ਬੰਦੇ ਦੇ ਰੂਪ ਵਿੱਚ ਰੱਬ ਨੂੰ ਦੇਖਣਾ ਸੀ । ਉਸ ਕੋਮਲਤਾ ਨਾਲ ਪਲੇ ਹੋਏ ਨੂੰ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਪਿਆਰੇ ਲੱਗਦੇ ਗਏ ਜਿਹੜੇ ਮੇਰੇ ਹਿਰਦੇ ਵਿੱਚ ਵੱਸਦੇ ਗਏ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਬੰਦੇ ਲਈ ਜੋ ਸਤਿਕਾਰ ਦਰਸਾਇਆ ਗਿਆ ਹੈ ਉਹ ਉਸ ਮਹਾਨ ਗ੍ਰੰਥ ਦੇ ਹੇਠ ਲਿਖੇ ਸ਼ਬਦ ਵਿੱਚ ਹੈ :-

**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥੧੩੦॥**

**(ਅੰਗ ੧੩੮੪)**

**ਸ਼ੇਖ ਸਾਅਦੀ ਦਾ ਕਥਨ ਹੈ :-**

**ਦਿਲ ਬਦਸਤ ਆਵਰ ਕਿ ਹਜੇ ਅਕਬੂਰ ਅਸਤ ।**

ਕਿਸੇ ਬੰਦੇ ਦੇ ਦਿਲ ਨੂੰ ਹੱਥ ਵਿੱਚ ਕਰ ਲੈ ਸਭ ਤੋਂ ਵੱਡਾ ਹੱਜ (ਤੀਰਥ) ਇਹੋ ਹੈ ।

ਮੈਂ ਸੋਚਿਆ ਕਿ ਮੈਂ ਤਾਂ ਪੈਸਾ ਕਮਾਉਣਾ ਕੋਈ ਨਹੀਂ, ਪਰ ਮੰਗਤਿਆਂ ਨੇ ਮੇਰੇ ਪਾਸੋਂ ਹੱਥ ਅੱਡ ਕੇ ਪੈਸੇ ਮੰਗਣੇ ਹਨ । ਮੇਰੀ ਜੇਬ ਵਿੱਚ ਪੈਸਾ ਹੋਣਾ ਕੋਈ ਨਹੀਂ, ਪਰ ਮੈਂ ਤਾਂ ਹਰ ਮੰਗਤੇ ਦੇ ਰੂਪ ਵਿੱਚ ਰੱਬ ਦੇਖਣਾ ਹੈ । ਮੈਥੋਂ ਤਾਂ ਕਿਸੇ ਮੰਗਤੇ ਨੂੰ ਘਿਰਣਾ ਨਾਲ "ਮੁਆਫ਼ ਕਰੋ ਬਾਬਾ" ਸ਼ਬਦ ਕਹੇ ਨਹੀਂ ਜਾਣੇ । ਇਹ ਵੀ ਲੰਮੀ ਗੱਲ ਹੋਵੇਗੀ ਕਿ ਮੈਂ ਜੇ ਕਿਸੇ ਮੰਗਤੇ ਨੂੰ ਸਮਝਾਵਾਂ ਕਿ ਮੈਂ ਕਮਾਉਂਦਾ ਕੁਝ ਨਹੀਂ ਤੇ ਗਾਂਧੀ ਦਾ ਪ੍ਰਚਾਰ ਕਰਦਾ ਹਾਂ । ਸੋ, ਮੈਂ ਇਹ ਹੀ ਸੋਚਿਆ ਕਿ ਮੈਂ ਕੱਪੜੇ ਪਹਿਨਣੇ ਛੱਡ ਦਿਆਂ ਤੇ ਇਕ ਨਿਰਧਨ ਬੰਦੇ ਦੀ ਸ਼ਕਲ ਬਣਾ ਲਵਾਂ, ਤਾਂ ਜੋ ਮੇਰੇ ਅੱਗੇ ਕੋਈ ਮੰਗਤਾ ਪੈਸੇ ਲਈ ਹੱਥ ਅੱਡੇ ਹੀ ਨਾ । ਮੈਂ ਕੇਵਲ ਕਛਹਿਰਾ ਤੇ ਪੱਗ ਪਹਿਨਣ ਲੱਗ ਪਿਆ । ਪੱਗ ਵੀ ਕੋਈ ਲੰਮੀ ਪੱਗ ਨਹੀਂ ਹੁੰਦੀ ਸੀ ਬਲਕਿ ਖੱਦਰ ਦਾ ਪਰਨਾ ਹੀ ਬੱਧਾ ਹੁੰਦਾ ਸੀ । ਮੈਂ ਚਮੜੇ ਦੀ ਜੁੱਤੀ ਸੰਨ ੧੯੨੮ ਵਿੱਚ ਪਾਉਣੀ ਛੱਡ ਦਿੱਤੀ ਸੀ ਕਿਉਂਕਿ ਚਮੜਾ ਬੁੱਚੜਖ਼ਾਨਿਆਂ ਤੋਂ ਆਉਂਦਾ ਹੈ । ਬੁੱਚੜਖ਼ਾਨਿਆਂ ਬਾਰੇ ਮੈਂ ਪੜ੍ਹਿਆ



ਸੀ ਕਿ ਡੰਗਰਾਂ 'ਤੇ ਗਰਮ ਪਾਣੀ ਛਿੜਕ-ਛਿੜਕ ਕੇ ਬੈਂਤਾਂ ਮਾਰ-ਮਾਰ ਕੇ ਕੁਰਮ ਦਾ ਚਮੜਾ ਬਣਦਾ ਹੈ । ਮੈਂ ਪੰਜਾਹ ਸਾਲ ਲੱਕੜ ਦੀਆਂ ਖੜਾਵਾਂ ਪਾ ਕੇ ਰੱਖੀਆਂ ਹਨ । ਖੜਾਵਾਂ ਬਰਸਾਤ ਵਿੱਚ ਚਿੱਕੜ ਨਾਲ ਭਰ ਕੇ ਗਿੱਲੀਆਂ ਹੋ ਜਾਂਦੀਆਂ ਹਨ । ਸਰਦੀਆਂ ਦੀਆਂ ਬਰਸਾਤਾਂ ਵਿੱਚ ਮੈਨੂੰ ਜ਼ੁਕਾਮ ਖਾਂਦਾ ਰਿਹਾ ਹੈ, ਪਰ ਮੈਂ ਚਮੜੇ ਦੀ ਜੁੱਤੀ ਨਹੀਂ ਪਾਈ । ਚਮੜੇ ਦੀ ਜੁੱਤੀ ਛੱਡ ਕੇ ਮੇਰਾ ਬਚਾਅ ਵੀ ਹੋ ਗਿਆ ਹੈ, ਕਿਉਂਕਿ ਮੈਂ ਰੇਲਵੇ ਸਟੇਸ਼ਨਾਂ ਦੇ ਮੁਸਾਫ਼ਰਖ਼ਾਨਿਆਂ ਵਾਂਗ ੫੦-੧੦੦ ਬੰਦਿਆਂ ਵਿੱਚ ਦਿਨ-ਰਾਤ ਦਾ ਸਮਾਂ ਕੱਟਦਾ ਰਿਹਾ ਹਾਂ । ਖੜਾਵਾਂ ਨੂੰ ਚੁੱਕਦਾ ਕੋਈ ਨਹੀਂ । ਮੇਰੀ ਢਾਈ-ਢਾਈ ਰੁਪਏ ਵਾਲੀ ਪੈਨਸਿਲ ਰੋਜ਼ ਇਕ ਅੱਧੀ ਚੋਰੀ ਹੋ ਜਾਂਦੀ ਹੈ । ਚਾਕੂ ਮੇਰੇ ਕੋਲ ਦੋ ਚਾਰ ਦਿਨ ਮਸਾਂ ਹੀ ਕੱਢਦਾ ਹੈ । ਇਕ ਵੇਰਾਂ ਮੈਂ ਘੜੀ ਲਈ ਸੀ ਜਿਸ ਨੂੰ ਮੇਰੇ ਬੈਠਿਆਂ ਮੇਰੇ ਸਾਹਮਣੇ ਹੱਥ ਦੀ ਸਫ਼ਾਈ ਨਾਲ ਕੋਈ ਚੁੱਕ ਕੇ ਲੈ ਗਿਆ, ਪੰਜ ਸੱਤ ਦਿਨ ਹੀ ਉਹ ਘੜੀ ਮੇਰੇ ਕੋਲ ਰਹੀ ਸੀ । ਮੈਂ ਖਾਣ-ਪੀਣ ਵਾਸਤੇ ਲੋਹੇ ਦਾ ਬਾਟਾ ਰੱਖਦਾ ਹਾਂ । ਜੇ ਪਿੱਤਲ ਦਾ ਬਾਟਾ ਰੱਖਣ ਵਾਲਾ ਹੁੰਦਾ ਤਾਂ ਪ੍ਰਤੀ-ਦਿਨ ਇਕ ਬਾਟਾ ਚੋਰੀ ਹੋਣਾ ਸੀ । ੨੫ ਰੁਪਏ ਦਾ ਕਰਮੰਡਲ ਮੈਂ ਕਿੱਥੋਂ ਲਿਆਉਂਦਾ ।

**ਲਾਹੌਰ ਸ਼ਹਿਰ ਵਿੱਚ ਰਹਿੰਦਿਆਂ ਸੰਨ ੧੯੩੭ ਦੇ ਲਾਗੇ ਇਕ ਦਿਨ ਮੈਂ ਜਲੰਧਰ ਦੇ ਰੋਜ਼ਾਨਾ ਅਖ਼ਬਾਰ ਹਿੰਦ ਸਮਾਚਾਰ ਦੇ ਮਾਲਕ ਲਾਲਾ ਜਗਤ ਨਰਾਇਣ ਦੇ ਪ੍ਰੈੱਸ ਦੇ ਬਾਜ਼ਾਰ ਮੋਹਨ ਲਾਲਾ ਰੋਡ ਦੀ ਦੁਕਾਨ ਤੋਂ ਖ਼ਜੂਰਾਂ ਮੁੱਲ ਲਈਆਂ । ਜਿਸ ਵੇਲੇ ਮੈਂ ਖ਼ਜੂਰਾਂ ਖਾ ਰਿਹਾ ਸਾਂ । ਉਸ ਵੇਲੇ ਮੈਂ ਇਕ ਮੰਗਤੀ ਮਾਈ ੪-੫ ਸਾਲ ਦੇ ਬੱਚੇ ਨੂੰ ਲੈ ਕੇ ਤੁਰੀ ਜਾਂਦੀ ਵੇਖੀ । ਮੈਂ ਬੱਚੇ ਨੂੰ ਖ਼ਜੂਰਾਂ ਦੇਣ ਲੱਗਾ ਤਾਂ ਬੁੱਢੀ ਮੰਗਤੀ ਨੇ ਕਿਹਾ—**

***"ਨਹੀਂ ਭਾਈ! ਅਸੀਂ ਤੇਰੇ ਤੋਂ ਖ਼ਜੂਰਾਂ ਨਹੀਂ ਲੈਣੀਆਂ, ਤੂੰ ਤਾਂ ਆਪ ਸਾਡੇ ਵਰਗਾ ਹੈਂ ।"***

ਮੇਰੀ ਪਿੱਠ 'ਤੇ ਸਦਾ ਲੂਲ੍ਹਾ ਚੜ੍ਹਿਆ ਹੁੰਦਾ ਸੀ । ਲੂਲ੍ਹੇ ਨੂੰ ਮੈਂ ਉਸਦੀ ੧੮ ਸਾਲ ਦੀ ਉਮਰ ਤਕ ੧੪ ਸਾਲ ਤਕ ਪਿੱਠ 'ਤੇ ਚੁੱਕਿਆ ਹੈ ਤੇ ਅਨੇਕਾਂ ਵਾਰ ੮-੮ ਮੀਲ ਉਸ ਨੂੰ ਚੁੱਕ ਕੇ ਮੈਨੂੰ ਤੁਰਨਾ ਪੈਂਦਾ ਸੀ । ਘੰਟਿਆਂ ਬੱਧੀ ਮੈਂ ਉਸ ਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਸਾਹਮਣੇ ਸੰਗਤ ਅੱਗੇ ਲੈ ਕੇ ਖੜ੍ਹਾ ਰਹਿੰਦਾ ਸਾਂ ਤੇ ਕਦੇ-ਕਦੇ ਇਕ ਅਮੀਰ ਆਦਮੀ ਲਾਲਾ ਬਾਲਕ ਰਾਮ ਦੀ ਦਵਾਈਆਂ ਦੀ ਦੁਕਾਨ ਅੱਗੇ ਖੜ੍ਹਾ ਰਹਿੰਦਾ ਸਾਂ, ਕਿਉਂਕਿ ਉਹ ਰਾਤ ਦੇ ਨੌਂ ਸਵਾ ਨੌਂ ਵਜੇ ਦੁਕਾਨ ਤੋਂ ਬਾਹਰ ਨਿਕਲਿਆ ਕਰਦਾ ਸੀ । ਉਸ ਪਾਸੋਂ ਅਨੇਕਾਂ ਬੰਦਿਆਂ ਨੂੰ ਦਾਨ ਦਿਵਾਇਆ ਕਰਦਾ ਸਾਂ । ਆਪਣੇ ਬੁਢਾਪੇ ਬਾਰੇ ਮੈਂ ਸੋਚਿਆ ਕਰਦਾ ਸਾਂ ਕਿ ਉਹ ਲਾਲਾ ਹੀ ਮੇਰਾ ਸਹਾਇਕ ਹੋਵੇਗਾ । ਉਹ

ਬੜਾ ਰਹਿਮ ਦਿਲ ਸੀ ਤੇ ਉਸ ਦੀ ਪਤਨੀ ਵੀ ਰਹਿਮ ਦਿਲ ਸੀ । ਇਕ ਵਾਰੀ ਮੈਂ ਕਿਸੇ ਗ਼ਰੀਬ ਨੂੰ ਉਸ ਪਾਸੋਂ ਗਊ ਦਵਾ ਦਿੱਤੀ ਸੀ । ਮੈਨੂੰ ਕੀ ਪਤਾ ਸੀ ਕਿ ਗੁਰਦਵਾਰਾ ਡੇਹਰਾ ਸਾਹਿਬ ਦੀਆਂ ਸੰਗਤਾਂ ਤੇ ਸ਼ਹਿਰ ਦੇ ਹੋਰ ਧਰਮੀ ਬੰਦੇ ਜਿਹੜੇ ਮੈਨੂੰ ਲੂਲ੍ਹੇ ਨੂੰ ਚੁੱਕੀ ਫਿਰਦੇ ਨੂੰ ਦੇਖਦੇ ਹੁੰਦੇ ਸਨ ਉਹ ਸਾਰੇ ਮੇਰੀ ਸਹਾਇਤਾ ਲਈ ਮੇਰੇ ਸਿਰ 'ਤੇ ਖੜ੍ਹੇ ਹੋ ਜਾਣਗੇ ਤੇ ਸੰਨ ੧੯੪੭ ਦੀ ਵੰਡ ਪਿੱਛੋਂ ਗੁਰੂ ਕੀ ਨਗਰੀ ਅੰਮ੍ਰਿਤਸਰ ਪੁੱਜਣ ਉੱਤੇ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਾਹਿਬਾਨ ਵੀ ਮੇਰੇ ਸਿਰ 'ਤੇ ਖੜ੍ਹੇ ਹੋ ਜਾਣਗੇ, ਜਿਹਨਾਂ ਵਿੱਚੋਂ ਸਿੰਘ ਸਾਹਿਬ ਅੱਛਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸਾਧੂ ਸਿੰਘ ਜੀ ਭੌਰਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਜੋ ਅੱਜਕੱਲ੍ਹ ਸ੍ਰੀ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਤੋਂ ਰਿਟਾਇਰ ਹੋ ਚੁੱਕੇ ਹਨ । ਜਥੇਦਾਰ ਸਿੰਘ ਸਾਹਿਬ ਕਿਰਪਾਲ ਸਿੰਘ ਜੀ ਹੈੱਡ-ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ, ਮੇਰੇ ਸਿਰ 'ਤੇ ਖੜ੍ਹੇ ਹੋ ਜਾਣਗੇ ।

-ਭਗਤ ਪੂਰਨ ਸਿੰਘ

(ਜੀਵਨ ਲਹਿਰ ਸਤੰਬਰ ੧੯੭੮ 'ਚੋਂ)



**ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੇ ਬੂਹੇ ਤੋਂ ਲਾਵਾਰਸੀ ਦੀ ਹਾਲਤ ਵਿੱਚ ਚੁੱਕੇ ਗਏ**

# ਲੂਲ੍ਹੇ ਬੱਚੇ ਦੀ ਸੇਵਾ-ਸੰਭਾਲ ਕਿਸ ਢੰਗ ਨਾਲ ਹੋ ਰਹੀ ਹੈ

-ਭਗਤ ਪੂਰਨ ਸਿੰਘ

ਪਿਛਲੇ ਮਹੀਨੇ ਦੇ ਪਰਚੇ* 'ਜੀਵਨ ਲਹਿਰ' ਵਿੱਚ ਦੋ ਤਸਵੀਰਾਂ ਦਿੱਤੀਆਂ ਗਈਆਂ ਹਨ । ਇਨ੍ਹਾਂ ਦੋਹਾਂ ਬਾਰੇ ਹੋਰ ਕੁਝ ਲਿਖਣ ਦੀ ਲੋੜ ਸੀ । ਇਕ ਤਸਵੀਰ ਲੂਲ੍ਹੇ ਦੀ ਸੀ ਜਿਸ ਨੂੰ ੪੩ ਸਾਲਾਂ ਤੋਂ ਪਹਿਲਾਂ ਮੈਂ ਉਸਦੇ ਬਚਪਨ ਦੇ ਸਮੇਂ ਤੋਂ ਸਾਂਭ ਰਿਹਾ ਹਾਂ । ਮੈਂ ਆਪਣੀ ਮਾਂ ਦਾ ਇਕੱਲਾ ਪੁੱਤ ਸਾਂ। ਮੇਰੀ ਮਾਂ ਨੇ ਮੈਨੂੰ ਦਿਨ-ਰਾਤ ਪਿਆਰ ਦੀਆਂ ਲੋਰੀਆਂ ਦੇ ਦੇ ਕੇ ਸਾਂਸ-ਸਾਂਸ ਰੱਬ ਪਾਸੋਂ ਮੇਰੀਆਂ ਸੁੱਖਾਂ ਸੁੱਖ ਕੇ ਪਾਲਿਆ । ਜਿੰਨਾ ਵੱਧ ਤੋਂ ਵੱਧ ਪਿਆਰ ਕੋਈ ਮਾਂ ਕਿਸੇ ਬੱਚੇ ਨੂੰ ਦੇ ਸਕਦੀ ਹੈ (ਜਿਹੜੀ ਸਭ ਤੋਂ ਵੱਡੀ ਕਿਰਪਾ ਵਾਹਿਗੁਰੂ ਦੀ ਮਨੁੱਖਾ ਜਨਮ 'ਤੇ ਹੁੰਦੀ ਹੈ) ਓਨਾ ਵੱਧ ਤੋਂ ਵੱਧ ਪਿਆਰ ਮੇਰੀ ਮਾਂ ਨੇ ਮੈਨੂੰ ਦਿੱਤਾ । **ਈਸਾ ਮਸੀਹ ਦਾ ਕਥਨ ਹੈ "ਤੇਰਾ ਸਵਰਗ ਤੇਰੀ ਮਾਤਾ ਦੇ ਚਰਨਾਂ ਵਿੱਚ ਹੈ ।" ਪਲੈਟੋ ਫ਼ਿਲਾਸਫ਼ਰ ਦਾ ਕਥਨ ਹੈ :-**

**I Know not upon what a sensible man should employ himself than upon his son.**

ਅਰਥਾਤ ਕੋਈ ਮਾਪਾ ਆਪਣਾ ਵੱਧ ਤੋਂ ਵੱਧ ਧਿਆਨ ਕਿਸ ਕੰਮ ਵੱਲ ਦੇਵੇ ਤੇ ਵੱਧ ਤੋਂ ਵੱਧ ਕਿਹੜੇ ਕੰਮ ਵਿੱਚ ਉਹ ਰੁੱਝੇ,ਇਸ ਦਾ ਉੱਤਰ ਇਹੀ ਹੈ ਕਿ ਉਹ ਵੱਧ ਤੋਂ ਵੱਧ ਧਿਆਨ ਆਪਣੇ ਪੁੱਤਰ ਦੀ ਪਾਲਣਾ ਵੱਲ ਦੇਵੇ ਤਾਂ ਜੋ ਉਸ ਦੀ ਉਹ ਇਕ ਆਦਰਸ਼ ਮਨੁੱਖ ਦੀ ਘਾੜਤ ਘੜ ਸਕੇ । ਮੇਰੀ ਮਾਤਾ ਨੇ ਮੈਨੂੰ ਅੰਨ੍ਹਾ ਪਿਆਰ ਦਿੱਤਾ ਸੀ । ਮੇਰੇ ਬਿਨਾਂ ਉਸ ਨੂੰ ਕੁਝ ਨਜ਼ਰ ਨਹੀਂ ਆਉਂਦਾ ਸੀ । ਮੈਨੂੰ ਉਹ ਆਪਣੇ ਪਿਆਰ ਨਾਲ ਤੇ ਆਪਣੇ ਜੀਵਨ ਦੀ ਰੱਬ ਤੋਂ ਉਸ ਨੂੰ ਮਿਲੀ ਹੋਈ ਵੱਡੀ ਤੋਂ ਵੱਡੀ ਦਾਤ ਦੇ ਤੌਰ 'ਤੇ ਹਰ ਪਲ ਆਪਣੇ ਮਨ ਵਿੱਚ ਵਸਾ ਕੇ ਰੱਖਦੀ ਸੀ—ਤੇ ਰੱਬ ਨੂੰ ਹਰ ਵੇਲੇ ਇਸ ਲਈ ਦਿਲ ਵਿੱਚ ਵਸਾ ਕੇ ਰੱਖਦੀ ਸੀ ਤਾਂ ਜੋ ਉਹ ਹਰ ਵੇਲੇ ਉਹਦੇ ਸਿਰ 'ਤੇ ਮਿਹਰ ਦਾ ਹੱਥ ਰੱਖੇ ਤੇ ਮੈਨੂੰ ਹਰ ਵੇਲੇ ਆਪਣੀ ਵੱਧ ਤੋਂ ਵੱਧ ਬਰਕਤਾਂ ਨਾਲ ਵੱਡਾ ਹੋਣ ਦੇਵੇ । ਕਿਸੇ ਅੰਗਰੇਜ਼ ਵਿਦਵਾਨ ਬੀਬੀ ਦਾ ਕਥਨ ਹੈ :-

*ਭਾਵ ਅਗਸਤ ੧੯੭੭ ਦੇ ਪਰਚੇ ਜੀਵਨ ਲਹਿਰ ਵਿੱਚ

**In our Children we live over and project ourselves into the future.**

ਅਰਥਾਤ ਅਸੀਂ ਆਪਣੇ ਬੱਚਿਆਂ ਵਿੱਚ ਆਪਣਾ ਬਚਪਨ ਮੁੜ ਕੇ ਜਿਉਂਦੇ ਹਾਂ ਤੇ ਆਪਣੇ ਆਪ ਨੂੰ ਉਹਨਾਂ ਰਾਹੀਂ ਦੁਨੀਆਂ ਵਿੱਚ ਜਿਉਂਦੇ ਛੱਡ ਜਾਂਦੇ ਹਾਂ ।

ਲੂਲ੍ਹੇ ਬੱਚੇ ਨੂੰ ਮੈਂ ਸੰਨ ੧੯੩੪ ਦੀ ਸਰਦੀਆਂ ਦੀ ਰੁੱਤ ਵਿੱਚ ਉਸ ਵੇਲੇ ਚੁੱਕਿਆ ਸੀ ਜਦੋਂ ਉਸ ਨੂੰ ਧਰਤੀ 'ਤੇ ਗੋਡੇ ਮੂਧੇ ਮਾਰੀ ਬੈਠੇ ਨੂੰ ਬਦਹਜ਼ਮੀ ਦੀ ਹਾਲਤ ਵਿੱਚ ਟੱਟੀ ਦੀਆਂ ਢੇਰੀਆਂ ਲਾਉਂਦੇ ਦੋ ਦਿਨ ਹੋ ਚੁੱਕੇ ਸਨ । ਉਸ ਤੋਂ ਪਿੱਛੋਂ ਮੈਂ ਉਸ ਨੂੰ ੧੪ ਸਾਲ ਇਕੱਲੇ ਨੇ ਪਾਲਿਆ । ਇਕੱਲਾ ਹੋਣ ਦੇ ਕਾਰਨ ਲਾਹੌਰ ਸ਼ਹਿਰ ਵਿੱਚ ਮੈਂ ਉਸ ਨੂੰ ਆਪਣੀ ਗੋਦੀ ਤੇ ਪਿੱਠ ਉੱਤੇ ਆਮ ਤੌਰ 'ਤੇ ਮੀਲਾਂ ਦੇ ਮੀਲ ਚੁੱਕੀ ਫਿਰਿਆ ਕਰਦਾ ਸਾਂ । ਲੂਲ੍ਹੇ ਨੂੰ ਪਾਲਦਿਆਂ ਹੋਇਆਂ ਇਹ ਗੱਲ ਹਰ ਵੇਲੇ ਮੇਰੇ ਦਿਲ ਵਿੱਚ ਚੇਤੇ ਰਹਿੰਦੀ ਸੀ ਕਿ ਜਿਹੜਾ ਲੂਲ੍ਹਾ ਆਪਣੇ ਆਪ ਆਪਣੀ ਟੱਟੀ ਧੋ ਨਹੀਂ ਸਕਦਾ ਤੇ ਪਿਸ਼ਾਬ ਵੀ ਨਹੀਂ ਕਰ ਸਕਦਾ ਜਿਹੜਾ ਖਾਣ, ਪੀਣ, ਕੱਪੜਾ ਪਹਿਨਣ, ਕੱਪੜਾ ਉਤਾਰਨ, ਮੰਜੇ 'ਤੇ ਚੜ੍ਹਨ ਉਤਰਨ, ਆਦਿ ਦੀ ਕੋਈ ਕਿਰਿਆ ਨਹੀਂ ਕਰ ਸਕਦਾ ਸੀ ਉਸ ਨੂੰ ਮੇਰੇ ਬੁਢਾਪੇ ਵਿੱਚ ਜਾਂ ਮੇਰੇ ਮਰਨ ਤੋਂ ਪਿੱਛੋਂ ਕੌਣ ਸੰਭਾਲੇਗਾ । ਇਸ ਲਈ ਮੈਂ ਦੋ ਮੁੰਡਿਆਂ ਦੀ ਪੜ੍ਹਾਈ ਦਾ ਖ਼ਰਚ ਜਨਤਾ ਪਾਸੋਂ ਉਗਰਾਹ ਕੇ ਇਕੱਠਾ ਕਰ ਕਰ ਕੇ ਕਈ ਸਾਲ ਦਿੱਤਾ । ਇਕ ਵਿਦਿਆਰਥੀ ਨੂੰ ਮੈਂ ਦਸਵੀਂ ਤੇ ਗਿਆਨੀ ਪਾਸ ਕਰਾਈ, ਉਸ ਨੂੰ ਮੈਂ ਢਾਈ ਸਾਲ ਪੜ੍ਹਾਈ ਦਾ ਖ਼ਰਚ ਦਿੱਤਾ ਤੇ ਇਕ ਨੂੰ ਮੈਂ ਸੱਤ ਸਾਲ ਖ਼ਰਚ ਦਿੱਤਾ; ਉਸ ਨੂੰ ਵੀ ਮੈਂ ਦਸਵੀਂ ਜਮਾਤ ਪਾਸ ਕਰਾਈ ਤੇ ਗਿਆਨੀ ਵੀ ਪਾਸ ਕਰਾਈ । ਉਹ ਦੋਵੇਂ ਮੁੰਡੇ ਭਰਾ ਸਨ, ਬਹੁਤ ਨੇਕ ਤੇ ਗੁਰਮੁਖ ਸਨ । ਉਹ ਬਹੁਤ ਨੇਕ ਭਗਤ ਮਾਂ-ਬਾਪ ਦੇ ਪੁੱਤਰ ਸਨ । ਮੈਂ ਦੋ ਲੜਕਿਆਂ ਨੂੰ ਪੜ੍ਹਾਉਣ ਤੋਂ ਬਿਨਾਂ ਲੂਲ੍ਹੇ ਦੇ ਭਵਿੱਖ ਦੀ ਸੇਵਾ-ਸੰਭਾਲ ਬਾਰੇ ਹੋਰ ਕੋਈ ਜੁਗਤ ਸੋਚ ਨਹੀਂ ਸਕਦਾ ਸਾਂ । ਮੈਨੂੰ ਮੇਰੇ ਇਕ ਬੈਰਿਸਟਰ ਦੋਸਤ ਨੇ ਕਿਹਾ ਸੀ ਕਿ ਪੂਰਨ ਸਿੰਘਾ, ਮਰਨਾ ਤਾਂ ਆਖ਼ਿਰ ਲੂਲ੍ਹੇ ਨੇ ਰੁਲ ਕੇ ਹੀ ਹੈ; ਉਹ ਤੇਰੇ ਬੁਢਾਪੇ ਵਿੱਚ ਰੁਲ ਕੇ ਮਰ ਜਾਵੇਗਾ, ਤੂੰ ਇਸ ਨੂੰ ਬਚਪਨ ਵਿੱਚ ਰੁਲ ਕੇ ਕਿਉਂ ਨਹੀਂ ਮਰਨ ਦਿੱਤਾ? ਕਿਉਂਕਿ ਬਚਪਨ ਵਿੱਚ ਇਸ ਦੀ ਜਾਨ ਛੇਤੀ ਤੇ ਸੁਖਾਲੀ ਨਿਕਲ ਜਾਣੀ ਸੀ । ਵੱਡਾ ਹੋ ਕੇ ਇਸ ਦੀ ਜਾਨ ਔਖੀ ਨਿਕਲੇਗੀ । ਲੂਲ੍ਹੇ ਦੀ ਸੰਭਾਲ ਬਾਰੇ ਮੈਂ ਲਿਖਿਆ



ਹੈ ਕਿ ਇਹ ਰਾਜਿਆਂ ਦੇ ਪੁੱਤਰਾਂ ਵਾਂਗ ਸੰਭਾਲਿਆ ਜਾ ਰਿਹਾ ਹੈ ।

ਰਾਜਾ ਸ਼ਬਦ ਨੂੰ ਲਿਖਣ ਲੱਗਿਆਂ ਮੈਂ ਬਹੁਤ ਸੋਚ ਵਿਚਾਰ ਕੀਤੀ ਸੀ ਕਿ ਰਾਜਾ ਸ਼ਬਦ ਲਿਖਾਂ ਕਿ ਨਾ ਲਿਖਾਂ । ਬਹੁਤ ਚਿਰ ਸੋਚ ਸੋਚ ਕੇ ਮੇਰੇ ਮਨ ਨੇ ਇਹੀ ਗੱਲ ਮੰਨੀ ਕਿ ਇਹ ਸ਼ਬਦ ਲਿਖ ਦਿੱਤਾ ਜਾਵੇ; ਪਰ ਇਸ ਸ਼ਬਦ ਤੋਂ ਇਕ ਭੁਲੇਖਾ ਪੈਣ ਦਾ ਡਰ ਸੀ । ਇਹ ਤਸਵੀਰ ਅਸੀਂ ਅਖ਼ੀਰਲੇ ਸਫ਼ੇ 'ਤੇ ਦਿੱਤੀ ਹੈ, ਜੇਕਰ ਤਸਵੀਰ ਦੇਣ ਵੇਲੇ ਕੁਝ ਪੰਨਿਆਂ ਦੀ ਗੁੰਜਾਇਸ਼ ਪਿਛਲੇ ਪਰਚੇ ਵਿੱਚ ਹੁੰਦੀ ਜੋ ਮੈਂ ਹੁਣ ਲਿਖ ਰਿਹਾ ਹਾਂ, ਤਾਂ ਉਹ ਪਿਛਲੇ ਪਰਚੇ ਵਿੱਚ ਹੀ ਲਿਖ ਦਿੱਤਾ ਜਾਂਦਾ ।

ਸਤਨਾਮ ਸਿੰਘ ੫੧ ਰੁਪਏ ਦਾ ਖੱਦਰ ਦਾ ਕੱਪੜਾ ਮੇਰੇ ਲਈ ਪਹਿਨਣ ਨੂੰ ਪਿਛਲੀਆਂ ਸਰਦੀਆਂ ਵਿੱਚ ਲਿਆਇਆ ਸੀ । ਕੱਪੜਾ ਦੇਣ ਲੱਗਿਆਂ ਉਸ ਦਾ ਮਨ ਭਰ ਆਇਆ ਸੀ ਤੇ ਕਹਿਣ ਲੱਗਾ ਕਿ ਭਗਤ ਜੀ ਤੁਸਾਂ ਸਾਨੂੰ ਪੁੱਤਰਾਂ ਵਾਂਗ ਪੜ੍ਹਾਇਆ ਸੀ, ਅਸੀਂ ਤੁਹਾਡਾ ਦੇਣਾ ਨਹੀਂ ਦੇ ਸਕਦੇ । ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਸਨ । ਸਤਨਾਮ ਸਿੰਘ ਦਾ ਬਹੁਤ ਛੋਟਾ ਜਿਹਾ ਮਕਾਨ ਹੈ; ਉਹ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਦੇ ਲਾਗੇ ਰਹਿੰਦਾ ਹੈ । ਲੂਲ੍ਹੇ ਨੂੰ ਟੱਟੀ ਫਿਰਾਨ ਲਈ ਕੰਬੋਡ ਵੱਲ ਚੁੱਕ ਕੇ ਲਿਜਾਣਾ ਪੈਂਦਾ ਹੈ । ਉਸ ਨੂੰ ਜਿੱਥੇ ਵੀ ਲਿਜਾਣਾ ਹੋਵੇ ਚੁੱਕ ਕੇ ਲਿਜਾਣਾ ਪੈਂਦਾ ਹੈ । ਇਕੱਲਾ ਬੰਦਾ ਉਸਨੂੰ ਟੱਟੀ ਨਹੀਂ ਫਿਰਾ ਸਕਦਾ । ਟੱਟੀ ਫਿਰਨ ਵੇਲੇ ਲੂਲ੍ਹੇ ਪਾਸ ਤਿੰਨ ਆਦਮੀ ਖੜ੍ਹੇ ਹੁੰਦੇ ਹਨ । ਇਕ ਕੰਪਾਊਂਡਰ, ਇਕ ਸਫ਼ਾਈ ਮਜ਼ਦੂਰ ਤੇ ਇਕ ਸੇਵਾਦਾਰ । ਕੰਪਾਊਂਡਰ ਇਸ ਲਈ ਖਲੋਤਾ ਹੁੰਦਾ ਹੈ ਕਿ ਜੇ ਉਸਨੂੰ ਟੱਟੀ ਨਾ ਆਵੇ ਤਾਂ ਅਨੀਮੇ ਨਾਲ ਉਸਦੀ ਟੱਟੀ ਬਾਹਰ ਕੱਢ ਦਿੱਤੀ ਜਾਵੇ । ਸੇਵਾਦਾਰ ਨੇ ਉਸ ਨੂੰ ਕੰਬੋਡ 'ਤੇ ਫੜ ਕੇ ਰੱਖਿਆ ਹੁੰਦਾ ਹੈ ਤਾਂ ਜੋ ਉਹ ਡਿੱਗ ਨਾ ਪਵੇ ਤੇ ਸਫ਼ਾਈ ਮਜ਼ਦੂਰ ਨੇ ਉਸ ਦੇ ਟੱਟੀ ਨਾਲ ਲਿੱਬੜੀ ਥਾਂ ਨੂੰ ਧੋਣਾ ਹੁੰਦਾ ਹੈ । ਸਤਿਨਾਮ ਸਿੰਘ ਦੇ ਦੋ ਪੁੱਤਰ ਹਨ । ਇਕ ਅਮਰੀਕਾ ਵਿੱਚ ਡਾਕਟਰੀ ਕਰਦਾ ਹੈ ਤੇ ਦੂਜਾ ਸਰਕਾਰੀ ਨੌਕਰੀ ਵਿੱਚ ਇੰਜੀਨੀਅਰ ਹੈ, ਜਿਸ ਦੀਆਂ ਬਦਲੀਆਂ ਹੁੰਦੀਆਂ ਰਹਿੰਦੀਆਂ ਹਨ । ਉਹ ਸਤਨਾਮ ਦੇ ਘਰ ਕਿਵੇਂ ਰਹਿ ਸਕਦੇ ਹਨ । ਸਤਨਾਮ ਸਿੰਘ ਦੀ ਵਹੁਟੀ ਕਿਸੇ ਸਕੂਲ ਦੀ ਅਧਿਆਪਕਾ ਹੈ ਤੇ ਉਹ ਘਰੋਂ ਸਾਰਾ ਦਿਨ ਗ਼ੈਰ-ਹਾਜ਼ਰ ਰਹਿੰਦੀ ਹੈ । ਇਸ ਲਈ ਸਤਨਾਮ ਸਿੰਘ ਲੂਲ੍ਹੇ ਦੀ ਸੇਵਾ ਸੰਭਾਲ ਨਹੀਂ ਕਰ ਸਕਦਾ ਸੀ ।

ਹਰਨਾਮ ਸਿੰਘ ਦੇ ਘਰ ਵੀ ਬਹੁਤ ਥੋੜ੍ਹੀ ਜਗ੍ਹਾ ਹੈ । ਹਰਨਾਮ ਸਿੰਘ

ਵੀ ਦਿਨ ਦੇ ਵੇਲੇ ਸਾਰਾ ਦਿਨ ਘਰੋਂ ਬਾਹਰ ਰਹਿੰਦਾ ਹੈ ਤੇ ਉਸ ਦੇ ਪੁੱਤਰ ਵੀ ਸਾਰਾ ਦਿਨ ਘਰੋਂ ਬਾਹਰ ਰਹਿੰਦੇ ਹਨ । ਹਰਨਾਮ ਸਿੰਘ ਦੇ ਘਰ ਕਿਹੜੀ ਬੀਬੀ ੪੦ ਸਾਲਾਂ ਦੇ ਲੂਲ੍ਹੇ ਨੂੰ ਨੰਗਿਆਂ ਕਰਾ ਕੇ ਟੱਟੀ ਫਿਰਾ ਸਕਦੀ ਸੀ ਤੇ ਉਸ ਨੂੰ ਨੁਹਾ ਸਕਦੀ ਸੀ; ਕਿਹੜੀਆਂ ਬੀਬੀਆਂ ਉਸ ਨੂੰ ਚੁੱਕ ਕੇ ਘਰ ਵਿੱਚ ਟੱਟੀ ਫਿਰਾਣਗੀਆਂ ਜਾਂ ਨਹਾਉਣਗੀਆਂ ?

ਫਿਰ ਲੂਲ੍ਹਾ ਰੌਣਕ ਵਿੱਚ ਰਹਿਣਾ ਚਾਹੁੰਦਾ ਹੈ । ਪਿੰਗਲਵਾੜੇ 'ਚ ਤਾਂ ਰੌਣਕ ਹਰ ਵੇਲੇ ਲੱਗੀ ਰਹਿੰਦੀ ਹੈ । ਉਹ ਪਿੰਗਲਵਾੜੇ ਦੀ ਡਿਓਢੀ ਵਿੱਚ ਸਭ ਦੇ ਲਾਂਘੇ ਦੀ ਥਾਂ 'ਤੇ ਬੈਠਦਾ ਹੈ ਜਿੱਥੋਂ ਦਾਨੀ ਤੇ ਸੇਵਾਦਾਰ ਹਰ ਵੇਲੇ ਲੰਘਦੇ ਰਹਿੰਦੇ ਹਨ ਤੇ ਉਸ ਦਾ ਦਿਲ ਲੱਗਾ ਰਹਿੰਦਾ ਹੈ । ਇਸ ਲਈ ਨਾ ਸਤਨਾਮ ਸਿੰਘ ਲੂਲ੍ਹੇ ਨੂੰ ਸੰਭਾਲ ਸਕਦਾ ਸੀ ਤੇ ਨਾ ਹਰਨਾਮ ਸਿੰਘ । ਪਰ ਮੈਂ ਤਾਂ ਸੱਤ ਸਾਲ ਲੂਲ੍ਹੇ ਨੂੰ ਪਿੱਠ ਉੱਤੇ ਚੁੱਕ ਕੇ ਮੀਲਾਂ ਦੇ ਮੀਲ ਲੋਕਾਂ ਦੇ ਬੂਹੇ ਅੱਗੇ ਨਾਵਾਕਫ਼ ਸਵਾਲੀ ਬਣ ਕੇ ਉਹਨਾਂ ਲਈ ਦਾਨ ਇਕੱਠਾ ਕਰਦਾ ਰਿਹਾ ਸਾਂ । ਰੱਬ ਨੂੰ ਮੈਂ ਲੂਲ੍ਹੇ ਲਈ ਇਕ ਪਿਉ ਵਾਂਗ ਖੇਚਲਾਂ ਕਰਨ ਦੇ ਸਾਰੇ ਸਬੂਤ ਦੇ ਦਿੱਤੇ ਸਨ, **ਪਰ ਰੱਬ ਮੈਨੂੰ ਸਾਲਾਂ ਬੱਧੀ ਲੂਲ੍ਹੇ ਦੀ ਸੇਵਾ ਕਰਦੇ ਨੂੰ ਵੇਖ ਕੇ ਉਹਦੇ ਭਵਿੱਖ ਲਈ ਵਿਦਿਆਰਥੀਆਂ ਦੀ ਪੜ੍ਹਾਈ ਲਈ ਘਰ-ਘਰ ਦਾਨ ਮੰਗਦੇ ਨੂੰ ਵੇਖ ਕੇ ਹੱਸਦਾ ਰਿਹਾ ਹੋਵੇਗਾ ਤੇ ਕਹਿੰਦਾ ਰਿਹਾ ਹੋਵੇਗਾ ਕਿ ਪੂਰਨ ਸਿੰਘਾ ਤੈਨੂੰ ਕੀ ਪਤਾ ਹੈ ਕਿ ਮੇਰੀ ਮੁੱਠੀ ਵਿੱਚ ਤੇਰੇ ਤੇ ਲੂਲ੍ਹੇ ਲਈ ਕੀ ਲੁਕਿਆ ਹੋਇਆ ਹੈ । ਰੱਬ ਕਹਿੰਦਾ ਹੋਵੇਗਾ ਕਿ ਜੋ ਕੁਝ ਭਗਤਾਂ ਲਈ ਮੈਂ ਆਪਣੀ ਮੁੱਠੀ ਵਿੱਚ ਲੁਕਾ ਕੇ ਰੱਖਦਾ ਹਾਂ ਓਹ ਸਭ ਕੁਝ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਧਰਮ ਗ੍ਰੰਥਾਂ ਵਿੱਚ ਲਿਖ ਚੁੱਕਾ ਹਾਂ;** ਪਰ ਲੋਕਾਂ ਨੂੰ ਉਨ੍ਹਾਂ ਸ਼ਬਦਾਂ ਦੀ ਪੂਰੀ ਸਮਝ ਨਹੀਂ ਆਉਂਦੀ । ਜੇ ਸਮਝ ਆਉਂਦੀ ਹੈ ਤਾਂ ਉਸ ਦਾ ਉਨ੍ਹਾਂ ਸ਼ਬਦਾਂ 'ਤੇ ਭਰੋਸਾ ਨਹੀਂ ਬੱਝਦਾ । ਮੱਥਾ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਸਭ ਟੇਕਦੇ ਹਨ ਪਰ ਉਨ੍ਹਾਂ ਨੂੰ ਯਕੀਨ ਨਹੀਂ ਆਉਂਦਾ ਕਿ ਰੱਬ ਭਗਤਾਂ ਨੂੰ ਏਨੀਆਂ ਦਾਤਾਂ ਦੇ ਸਕਦਾ ਹੈ । ਰੱਬ ਨੇ ਇਸ ਹਿਸਾਬ ਨਾਲ ਲੂਲ੍ਹੇ ਦੀ ਸੰਭਾਲ ਦਾ ਪ੍ਰਬੰਧ ਕੀਤਾ ਹੈ ਕਿ ਜਦੋਂ ਲੂਲ੍ਹੇ ਦਾ ਅਨੀਮਾ ਹੁੰਦਾ ਹੈ ਤਾਂ ਡਾਕਟਰ ਤੇ ਤਿੰਨ ਸੇਵਾਦਾਰ ਉਸ ਪਾਸ ਹੁੰਦੇ ਹਨ । ਟੱਟੀ ਫਿਰਾਉਣ ਦੇ ਵੇਲੇ ਵੀ ਇਕ ਡਾਕਟਰ, ਸਫ਼ਾਈ ਮਜ਼ਦੂਰ ਤੇ ਸੇਵਾਦਾਰ ਤਿੰਨ ਜਣੇ ਹੁੰਦੇ ਹਨ । ਡਾਕਟਰ ਲੂਲ੍ਹੇ ਦੇ ਦੰਦਾਂ ਨੂੰ ਰੋਜ਼ ਸਾਫ਼ ਕਰਦਾ ਹੈ । ਲੂਲ੍ਹੇ ਦੀ ਟੱਟੀ ਵੀ ਸੇਵਾਦਾਰ ਧੋਂਦਾ ਹੈ । ਉਸ ਨੂੰ ਮੁਨਾਸਬ ਖ਼ੁਰਾਕ ਮਿਲਦੀ ਹੈ ਤਾਂ ਜੋ ਉਸ ਨੂੰ ਕਬਜ਼ੀ ਨਾ ਹੋ ਜਾਵੇ । ਉਸ ਦੇ ਪਿੰਡੇ ਦੀ, ਕੇਸਾਂ ਦੀ ਤੇ ਕੱਪੜਿਆਂ ਦੀ ਪੂਰੀ-ਪੂਰੀ ਸਫ਼ਾਈ ਰੱਖੀ



ਜਾਂਦੀ ਹੈ । ਇਹਨਾਂ ਸਾਰੀਆਂ ਬਰਕਤਾਂ ਕਰਕੇ ਮੈਂ ਲਿਖਿਆ ਹੈ ਕਿ ਲੂਲ੍ਹੇ ਦੀ ਸੰਭਾਲ ਰਾਜਿਆਂ ਦੇ ਪੁੱਤਰਾਂ ਵਾਂਗ ਹੁੰਦੀ ਹੈ । ਚਾਰ-ਚਾਰ ਸੇਵਾਦਾਰ ਉਸ ਦੇ ਅਨੀਮਾ ਹੋਣ ਵੇਲੇ ਉਸ ਦੇ ਪਾਸ ਹੁੰਦੇ ਹਨ । ਉਹ ਲੂਲ੍ਹੇ ਦੇ ਵਾਸਤੇ ਨਹੀਂ ਰੱਖੇ ਗਏ ਹੁੰਦੇ, ਉਹ ਸਾਰੀ ਸੰਸਥਾ ਵਾਸਤੇ ਹੁੰਦੇ ਹਨ । ਪਰ ਲੂਲ੍ਹੇ ਦਾ ਅਨੀਮਾ ਕਰਨ ਵੇਲੇ ਜਾਂ ਨਹਾਉਣ ਵੇਲੇ ਉਸ ਨੂੰ ਉਹ ਮਿਲ ਤਾਂ ਜਾਂਦੇ ਹੀ ਹਨ । ਇਸ ਲਈ, ਉਸ ਦੀ ਸੇਵਾ ਲਈ ਇਕ ਡਾਕਟਰ ਤੇ ਤਿੰਨ-ਤਿੰਨ ਸੇਵਾਦਾਰ ਵਰਤੇ ਜਾਂਦੇ ਹਨ । ਉਸ ਦੀ ਸੇਵਾ ਨੂੰ ਸਨਮੁੱਖ ਰੱਖ ਕੇ ਮੈਂ ਲਿਖਿਆ ਸੀ ਕਿ ਲੂਲ੍ਹੇ ਦੀ ਸੇਵਾ ਰਾਜਿਆਂ ਦੇ ਪੁੱਤਰਾਂ ਵਾਂਗ ਹੋ ਰਹੀ ਹੈ । ਰਾਜਿਆਂ ਦੇ ਪੁੱਤਰਾਂ ਦਾ ਭਾਵ ਮੇਰਾ ਇਹ ਨਹੀਂ ਸੀ ਕਿ ਉਹ ਮਹਿਲਾਂ ਵਿੱਚ ਰਹਿੰਦਾ ਹੈ ਜਾਂ ਉਸ ਦੇ ਹੇਠਾਂ ਕੋਈ ਮਖ਼ਮਲ ਦੇ ਕੱਪੜਿਆਂ ਦੀਆਂ ਚਾਦਰਾਂ ਵਿਛੀਆਂ ਹੋਈਆਂ ਹਨ ਜਾਂ ਚਾਂਦੀ ਸੋਨੇ ਦੇ ਪਲੰਘ ਹਨ ਜਾਂ ਉਸਨੂੰ ਮੋਟਰਕਾਰਾਂ ਤੇ ਬੱਘੀਆਂ ਦੀ ਸੈਰ ਕਰਾਈ ਜਾਂਦੀ ਹੈ, ਅਜਿਹੀ ਕੋਈ ਗੱਲ ਨਹੀਂ । ਰਾਜਿਆਂ ਦੇ ਪੁੱਤਰਾਂ ਵਾਲੇ ਸ਼ਬਦ ਲਿਖ ਕੇ ਮੈਂ ਰੱਬ ਦਾ ਵੱਧ ਤੋਂ ਵੱਧ ਸ਼ੁਕਰਾਨਾ ਕਰਨ ਦਾ ਯਤਨ ਕੀਤਾ ਹੈ । ਮੈਂ ਜੋ ਕੁਝ ਸੋਚਿਆ ਸੀ ਉਹ ਦੋ ਮੁੰਡਿਆਂ ਦੀ ਪੜ੍ਹਾਈ ਸੀ । ਇਸ ਤੋਂ ਵੱਧ ਮੈਂ ਹੋਰ ਕੁਝ ਨਹੀਂ ਸੋਚ ਸਕਦਾ ਸਾਂ । ਇਸ ਲਈ ਜੇਕਰ ਪਿੰਗਲਵਾੜਾ ਹੋਂਦ ਵਿੱਚ ਨਾ ਆਉਂਦਾ ਤਾਂ ਲੂਲ੍ਹੇ ਨੂੰ ਨਾ ਸਤਨਾਮ ਸਿੰਘ ਸੰਭਾਲ ਸਕਦਾ ਸੀ ਤੇ ਨਾ ਹਰਨਾਮ ਸਿੰਘ । ਰੱਬ ਨੂੰ ਲੂਲ੍ਹੇ ਲਈ ਵੱਖਰਾ ਸੋਚਣਾ ਪਿਆ ਤੇ ਉਹਦੇ ਲਈ ਇਕ ਬਹੁਤ ਵੱਡੀ ਸੰਸਥਾ ਬਣਾਉਣੀ ਪਈ । ਪਿੰਗਲਵਾੜੇ ਦਾ ਇਕ ਲੱਖ ਦਸ ਹਜ਼ਾਰ ਰੁਪਏ ਤੋਂ ਵੱਧ ਮਾਹਵਾਰ ਖ਼ਰਚ ਹੈ । ਇਹ ਖ਼ਰਚ ਸਾਡਾ ਪੂਰਾ ਹੋ ਰਿਹਾ ਹੈ, ਭਾਵੇਂ ਬਚਦਾ ਕੁਝ ਨਹੀਂ । ਪਰ ਏਨੀ ਆਮਦਨ ਦਾ ਹੋਣਾ ਕੋਈ ਮਾਮੂਲੀ ਗੱਲ ਨਹੀਂ । ਇਹ ਰੱਬ ਦੀ ਆਪਣੀ ਦੇਣ ਹੈ ਤੇ ਲੂਲ੍ਹੇ ਲਈ ਰੱਬ ਦੀ ਉਚੇਚੀ ਬਖ਼ਸ਼ਿਸ਼ ਹੈ । ਇਹ ਰਾਜਿਆਂ ਦਿਆਂ ਘਰਾਂ ਦੀਆਂ ਸਹੂਲਤਾਂ ਨਾਲੋਂ ਘੱਟ ਨਹੀਂ । **ਪਿੰਗਲਵਾੜਾ ਰੱਬ ਦੀ ਮੁੱਠੀ ਵਿੱਚ ਉਸ ਦਿਨ ਵੜ ਗਿਆ ਸੀ ਜਿਸ ਦਿਨ ਮੈਂ ਗੁਰੂ ਅਰਜਨ ਦੇਵ ਦੇ ਗੁਰਦੁਆਰੇ ਡੇਹਰਾ ਸਾਹਿਬ ਦੀ ਧਰਤੀ ਤੋਂ ਲੂਲ੍ਹੇ ਨੂੰ ਚੁੱਕਿਆ ਸੀ । ਇਹ ਸਭ ਕੁਝ ਗੁਰਦੁਆਰਾ ਡੇਹਰਾ ਸਾਹਿਬ ਦੀ ਸੱਤਾ ਨੇ ਕਰਾਇਆ ਹੈ, ਜਿਹੜੀ ਇਹਨਾਂ ਮਹਾਨ ਧਰਮ ਅਸਥਾਨਾਂ ਦੇ ਦਰਾਂ ਵਿੱਚ ਛੁਪੀ ਰਹਿੰਦੀ ਹੈ ।**

(ਜੀਵਨ ਲਹਿਰ ਸਤੰਬਰ ੧੯੭੭ 'ਚੋਂ)

## ਭਾਰਤ ਦੀ ਪੁਰਾਣੀ ਸੱਭਿਅਤਾ ਵਿੱਚ

# ਸੇਵਾ ਤੇ ਉਪਕਾਰ ਦੀ ਭਾਵਨਾ ਦਾ ਸਥਾਨ

## ਭਗਤ ਪੂਰਨ ਸਿੰਘ

ਮੈਂ ਇਕ ਪਿੰਡ ਦੇ ਸਨਾਤਨ ਧਰਮੀ ਹਿੰਦੂ ਘਰਾਣੇ ਵਿੱਚ ਪੈਦਾ ਹੋਇਆ ਤੇ ਪਿੰਡ ਵਿੱਚ ਹੀ ਪਲਿਆ ਸਾਂ । ਮੇਰੇ ਮਾਤਾ ਪਿਤਾ ਧਰਮ ਗ੍ਰੰਥਾਂ ਨੂੰ ਮੰਨਣ ਵਾਲੇ ਤੇ ਉਹਨਾਂ ਨੂੰ ਪੂਜਣ ਵਾਲੇ ਸਨ । ਮਹਾਂਭਾਰਤ ਤੇ ਸ੍ਰੀਮਦ ਭਾਗਵਤ ਪੁਰਾਣ ਜੈਸੇ ਧਰਮ ਗ੍ਰੰਥਾਂ ਦੀ ਕਥਾ ਨੂੰ ਸੁਣਨਾ ਉਹ ਬਹੁਤ ਵੱਡਾ ਮਹਾਤਮ ਸਮਝਦੇ ਸਨ । ਹਰਿਦੁਆਰ ਤੇ ਰਿਸ਼ੀਕੇਸ਼ ਦੇ ਤੀਰਥਾਂ ’ਤੇ ਜਾਣ ਦੀ ਉਹਨਾਂ ਨੂੰ ਤਾਂਘ ਲੱਗੀ ਰਹਿੰਦੀ ਸੀ । ਗੰਗਾ ਜਲ ਦੀ ਭਰੀ ਹੋਈ ਬੋਤਲ ਘਰ ਵਿੱਚ ਰੱਖ ਕੇ ਉਹ ਗੰਗਾ ਜੀ ਨਾਲ ਹਰ ਵੇਲੇ ਦਾ ਜਿਉਂਦਾ ਸੰਬੰਧ ਬਣਾ ਕੇ ਰੱਖਦੇ ਸਨ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਮੰਨਦੇ ਸਨ । ਜਦ ਮੈਂ ਆਪਣੀ ਮਾਂ ਦੇ ਪੇਟ ਵਿੱਚ ਸਾਂ ਤਾਂ ਮੇਰੇ ਮਾਤਾ ਪਿਤਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਕਰਨ ਵੀ ਆਏ ਸਨ । ਮੇਰੀ ਮਾਂ ਜਪੁ ਜੀ ਸਾਹਿਬ ਦੇ ਪਾਠ ਦੀਆਂ ਪੌੜੀਆਂ ਜ਼ਬਾਨੀ ਯਾਦ ਕਰਦੀ ਰਹਿੰਦੀ ਸੀ ।

ਹਿੰਦੂ ਸ਼ਾਸਤਰਾਂ ਵਿੱਚ ਰੁੱਖ ਲਾਉਣ ਦੀ ਭਾਰੀ ਮਹਿਮਾ ਬਿਆਨ ਕੀਤੀ ਗਈ ਹੈ । ਅਨੇਕਾਂ ਹਿੰਦੂ ਮਰਦ ਤੇ ਇਸਤਰੀਆਂ ਸਵੇਰ ਵੇਲੇ ਪਿੱਪਲ ਦੇ ਰੁੱਖ ਨੂੰ ਪਾਣੀ ਦੇਂਦੇ ਵੇਖੇ ਜਾਂਦੇ ਹਨ । ਪਿੱਪਲ, ਬਰੋਟਾ ਤੇ ਨਿੰਮ, ਤਿੰਨਾਂ ਰੁੱਖਾਂ ਦੀ ਸਾਂਝੀ ਤ੍ਰਿਬੈਣੀ ਦਾ ਬੜਾ ਮਹਾਤਮ ਦੱਸਿਆ ਗਿਆ ਹੈ ।

ਜਦੋਂ ਮੈਂ ਜੰਮਿਆਂ ਤਾਂ ਸਾਡੇ ਘਰ ਵਿੱਚ ਅਮੀਰੀ ਸੀ । ਮੇਰੀ ਨੌਂ ਸਾਲ ਦੀ ਉਮਰ ਵਿੱਚ ਗ਼ਰੀਬੀ ਆ ਗਈ ਸੀ । ਮੇਰੀ ਮਾਂ ਨੇ ਰੁੱਖਾਂ ਦੀਆਂ ਦੋ ਜਾਂ ਤਿੰਨ ਤ੍ਰਿਬੈਣੀਆਂ ਪਿੰਡ ਦੇ ਸਾਂਝੇ ਮੈਦਾਨ ਵਿੱਚ ਲਾਈਆਂ ਸਨ । ਇਹਨਾਂ ਨੂੰ ਉਹ ਹਰ ਰੋਜ਼ ਪਾਣੀ ਦੇਂਦੀ ਸੀ । ਪਿੱਪਲ ਦੇ ਤਿੰਨ ਰੁੱਖ ਮੇਰੀ ਮਾਂ ਨੇ ਮੇਰੇ ਬਾਪ ਦੇ ਬਣਵਾਏ ਤਲਾਬ ਦੇ ਕੰਢਿਆਂ ’ਤੇ ਲਾਏ ਸਨ । ਸਾਡਾ ਘਰ ਬਹੁਤ ਵੱਡਾ ਘਰ ਸੀ, ਜਿਸ ਵਿੱਚ ਅੱਠਾਂ ਜਮਾਤਾਂ ਦਾ ਮਿਡਲ ਸਕੂਲ ਖੁੱਲ੍ਹ ਸਕਦਾ ਸੀ । ਕਿਉਂਕਿ ਰੁੱਖ, ਗੱਡਾ, ਬੈਲ, ਗਊ, ਘੋੜੀਆਂ, ਸਭ ਕੁਝ ਲਈ ਥਾਂ ਦੀ ਲੋੜ ਸੀ ।

ਮੇਰੇ ਬਾਪ ਨੇ ਸਾਡੇ ਮਕਾਨ ਬਣਾਉਣ ਲਈ ਇੱਟਾਂ ਦਾ ਆਵਾ (ਭੱਠਾ) ਲਾਇਆ ਸੀ । ਮੇਰੇ ਬਾਪ ਦਾ ਨਾਂ ਸ਼ਿਬੂ ਮੱਲ ਸੀ । ਤਲਾਅ ਸ਼ਿਬੂ ਦਾ ਤਲਾਅ ਕਹਾਉਂਦਾ ਸੀ ਤੇ ਇੱਟਾਂ ਦਾ ਆਵਾ (ਭੱਠਾ) ਸ਼ਿਬੂ ਦਾ ਆਵਾ ਕਹਾਉਂਦਾ ਸੀ ।



ਮੈਂ ਆਪਣੇ ਜਨਮ ਤੋਂ ਪਿੱਛੋਂ ਆਪਣੀ ਬਾਰਾਂ ਸਾਲ ਦੀ ਉਮਰ ਤਕ ਆਪਣੇ ਪਿੰਡ ਵਿੱਚ ਰਿਹਾ । ਉਸ ਤੋਂ ਪਿੱਛੋਂ ਫਿਰ ਮੈਂ ਖੰਨਾ ਕਸਬੇ ਵਿੱਚ ਪੜ੍ਹਨ ਲੱਗ ਪਿਆ ਸਾਂ, ਜਿੱਥੇ ਮੈਂ ਸੱਤ ਸਾਲ ਤਕ ਬੋਰਡਿੰਗ ਹਾਊਸ ਵਿੱਚ ਰਿਹਾ । **ਮੇਰੀ ਮਾਂ ਪਿੰਡ ਵਿੱਚ ਤਿੰਨ ਰੁੱਖਾਂ ਦੀ ਕੋਈ ਨਾ ਕੋਈ ਤ੍ਰਿਬੈਣੀ ਲਾਉਂਦੀ ਰਹਿੰਦੀ ਸੀ । ਜਿੰਨਾ ਚਿਰ ਮੈਂ ੧੨ ਸਾਲ ਦੀ ਉਮਰ ਤਕ ਪਿੰਡ ਵਿੱਚ ਰਿਹਾ ਓਨਾ ਚਿਰ ਮੈਨੂੰ ਮੇਰੀ ਮਾਂ ਆਪਣੇ ਨਾਲ ਲੈ ਕੇ ਤ੍ਰਿਬੈਣੀ ਨੂੰ ਪਾਣੀ ਪੁਆਇਆ ਕਰਦੀ ਸੀ ਤੇ ਜਦੋਂ ਕਸਬਾ ਖੰਨੇ ਤੋਂ ਸਕੂਲ ਦੇ ਬੋਰਡਿੰਗ ਵਿੱਚ ਰਹਿੰਦਾ ਹੋਇਆ ਅੱਠੀ ਦਿਨੀਂ ਘਰ ਆਇਆ ਕਰਦਾ ਸਾਂ, ਤਾਂ ਵੀ ਉਹ ਰੁੱਖਾਂ ਤੇ ਤ੍ਰਿਬੈਣੀ ਨੂੰ ਪਾਣੀ ਪਾਉਣ ਲਈ ਆਪਣੇ ਨਾਲ ਮੈਨੂੰ ਲਾਇਆ ਕਰਦੀ ਸੀ ਤੇ ਮੈਂ ਖੂਹ ਵਿੱਚੋਂ ਡੋਲ ਨਾਲ ਪਾਣੀ ਕੱਢ ਕੇ ਤੇ ਡੋਲਣੀ ਭਰਕੇ ਰੁੱਖਾਂ ਨੂੰ ਪਾਣੀ ਪਾਇਆ ਕਰਦਾ ਸਾਂ ।**

ਅਮਰੀਕਨ ਵਿਦਵਾਨ **Somachar** ਦੀ ਲਿਖੀ ਹੋਈ ਉਸ ਦੀ ਨਵੀਂ ਪੁਸਤਕ **‘Small is beautiful’** ਦਾ ਦੁਨੀਆਂ ਵਿੱਚ ਚਰਚਾ ਹੋ ਰਿਹਾ ਹੈ । ਉਸ ਵਿੱਚ ਸੋਮਾਚਰ ਨੇ ਲਿਖਿਆ ਹੈ ਕਿ ਜੇਕਰ ਭਾਰਤ ਦੇ ਬੰਦੇ ਮਹਾਤਮਾ ਬੁੱਧ ਦੇ ਦੱਸੇ ਉਪਦੇਸ਼ ਮੰਨ ਲੈਂਦੇ ਕਿ ਹਰੇਕ ਆਦਮੀ ਆਪਣੇ ਜੀਵਨ ਵਿੱਚ ਪੰਜ ਰੁੱਖ ਲਾਵੇ, ਤਾਂ ਭਾਰਤ ਮੀਂਹ ਨਾ ਪੈਣ ਦੀਆਂ ਔੜਾਂ ਤੋਂ ਬਚਿਆ ਰਹਿੰਦਾ, ਜ਼ਮੀਨ ਦੇ ਖੁਰਨ ਤੋਂ ਬਚਿਆ ਰਹਿੰਦਾ, ਬਾਲਣ ਅਤੇ ਇਮਾਰਤੀ ਲੱਕੜਾਂ ਦੀ ਥੁੜ ਤੋਂ ਬਚਿਆ ਰਹਿੰਦਾ । ਬਾਲਣ ਦੀ ਬਹੁਤਾਤ ਦੇ ਕਾਰਨ ਗੋਬਰ ਵੀ ਸਾਡੇ ਤੋਂ ਬਚਿਆ ਰਹਿੰਦਾ ਜਿਹੜਾ ਖਾਦ ਰੂਪ ਵਿੱਚ ਖੇਤ ਦੀ ਜਾਨ ਹੁੰਦਾ ਹੈ ਤੇ ਜਿਸ ਤੋਂ ਬਿਨਾਂ ਖੇਤ ਫ਼ਸਲ ਪੈਦਾ ਕਰਨ ਦੇ ਯੋਗ ਨਹੀਂ ਰਹਿ ਜਾਂਦਾ ਤੇ ਧਰਤੀ ਬਰਬਾਦ ਹੋ ਜਾਂਦੀ ਹੈ ।

**ਮੇਰੀ ਮਾਤਾ ਨੂੰ ਰੁੱਖਾਂ ਦੀ ਤ੍ਰਿਬੈਣੀਆਂ ਲਾਉਣ ਦੀ ਪ੍ਰੇਰਨਾ ਉਹਨਾਂ ਸੰਤਾਂ, ਭਗਤਾਂ ਤੇ ਪੰਡਤਾਂ ਤੋਂ ਹੋਈ ਜਿਹੜੇ ਧਰਮ ਗ੍ਰੰਥਾਂ ਨੂੰ ਪੜ੍ਹਨ ਵਾਲੇ ਜਾਂ ਸੁਣਨ ਵਾਲੇ ਸਨ । ਭਾਰਤ ਦੀ ਨਵੀਂ ਸੱਭਿਅਤਾ ਵਾਲੇ ਬੰਦੇ ਭਾਰਤ ਦੇ ਧਰਮ ਗ੍ਰੰਥਾਂ ਵੱਲੋਂ ਪਿੱਠ ਫੇਰ ਕੇ ਕੁਰਾਹੇ ਪੈ ਕੇ ਤਬਾਹੀ ਵੱਲ ਜਾ ਰਹੇ ਹਨ ।**

## ਸਮਾਜ ਨੂੰ ਉੱਚਾ ਚੁੱਕਣ ਲਈ

# ਵਿਦਵਾਨਾਂ ਦਾ ਕਰਤੱਵ

### -ਭਗਤ ਪੂਰਨ ਸਿੰਘ

ਜੇਕਰ ਤੁਸੀਂ ਪੜ੍ਹੇ ਲਿਖੇ ਬੰਦੇ ਹੋ, ਸ਼ਾਇਦ ਤੁਹਾਡੇ ਪਾਸ ਯੂਨੀਵਰਸਿਟੀ ਦੀ ਡਿਗਰੀ ਵੀ ਹੋਵੇ, ਤਾਂ ਤੁਹਾਡਾ ਕਰਤੱਵ ਹੈ ਕਿ ਤੁਸੀਂ ਆਪਣੀ ਵਿੱਦਿਆ ਉਹਨਾਂ ਬੰਦਿਆਂ ਨੂੰ ਵੰਡੋ ਜਿਹੜੇ ਅਨਪੜ੍ਹ ਹਨ । ਤੁਸਾਂ ਜੋ ਆਪਣੀ ਵਿੱਦਿਆ ਪ੍ਰਾਪਤ ਕੀਤੀ ਹੈ ਉਹ ਤਾਂ ਕੇਵਲ ਉਨ੍ਹਾਂ ਬੰਦਿਆਂ ਦੇ ਸਿਰਾਂ ਉੱਤੇ ਹੀ ਪ੍ਰਾਪਤ ਕੀਤੀ ਹੈ ਜਿਹਨਾਂ ਦੇ ਭਰੇ ਹੋਏ ਟੈਕਸਾਂ ਨਾਲ ਉਹ ਕਾਲਜ (ਵਿੱਦਿਆਲੇ) ਚੱਲਦੇ ਹਨ, ਜਿਨ੍ਹਾਂ ਕਾਲਜਾਂ ਵਿੱਚ ਵਿਦਿਆਰਥੀ ਬਣ ਕੇ ਤੁਸਾਂ ਵਿੱਦਿਆ ਪ੍ਰਾਪਤ ਕੀਤੀ ਹੋਈ ਹੈ । ਇਹ ਤੁਹਾਡਾ ਕਰਤੱਵ ਹੈ ਕਿ ਤੁਸੀਂ ਉਨ੍ਹਾਂ ਕਿਰਸਾਨਾਂ ਅਤੇ ਕਾਮਿਆਂ ਦੇ ਵਿਚਕਾਰ ਸਾਇੰਸ, ਇਤਿਹਾਸ, ਅਰਥ-ਸ਼ਾਸਤਰ, ਰਾਜਨੀਤੀ ਤੇ ਹੋਰਨਾਂ ਅਨੇਕਾਂ ਵਿਸ਼ਿਆਂ ਦਾ ਗਿਆਨ ਵੰਡੋ ਜਿਨ੍ਹਾਂ ਕਿਰਸਾਨਾਂ ਦੀਆਂ ਘਾਲਾਂ ਨਾਲ ਉਹ ਪਦਾਰਥ ਅਤੇ ਵਸਤਾਂ ਪੈਦਾ ਹੋਈਆਂ, ਜਿਨ੍ਹਾਂ ਵਸਤਾਂ ਨੂੰ ਵਰਤ ਕੇ ਤੁਸੀਂ ਪਲੇ ਅਤੇ ਪੜ੍ਹੇ ਹੋ, ਜਿਨ੍ਹਾਂ ਵਸਤਾਂ ਦੀ ਕਿਰਪਾ ਨਾਲ ਉਹ ਕਾਲਜ ਬਣੇ ਅਤੇ ਚੱਲ ਰਹੇ ਹਨ ਜਿਨ੍ਹਾਂ ਕਾਲਜਾਂ ਵਿੱਚ ਤੁਸੀਂ ਪੜ੍ਹੇ ਹੋ । ਵਿੱਦਿਆ ਅਥਵਾ ਗਿਆਨ ਵਿੱਚ ਇਹ ਇਕ ਵਿਲਕਸ਼ਣ ਸਿਫ਼ਤ ਹੁੰਦੀ ਹੈ ਕਿ ਜਦੋਂ ਇਹ ਹੋਰਨਾਂ ਬੰਦਿਆਂ ਨੂੰ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਦੇਣ ਵਾਲੇ ਪਾਸੋਂ ਇਹ ਘਟਦੀ ਨਹੀਂ ਹੁੰਦੀ । ਜੇਕਰ ਤੁਸੀਂ ਹੋਰਨਾਂ ਬੰਦਿਆਂ ਨੂੰ ਵਿੱਦਿਆ ਸਿਖਾਓਗੇ ਤਾਂ ਫੇਰ ਇਹ ਤੁਹਾਡੇ ਹਿਰਦਿਆਂ ਅੰਦਰ ਨਾ ਕੇਵਲ ਤਾਜ਼ੀ ਰਿਹਾ ਕਰਦੀ ਹੈ ਬਲਕਿ ਚਮਕਦੀ-ਦਮਕਦੀ ਵੀ ਰਿਹਾ ਕਰਦੀ ਹੈ । **ਅੱਜ ਮਨੁੱਖ ਜਾਤੀ ਦੀ ਸਭ ਤੋਂ ਵੱਡੀ ਲਾਹਨਤ ਅਗਿਆਨਤਾ ਹੈ । ਜਿਵੇਂ ਸਮੁੰਦਰ ਦੀਆਂ ਕਾਲੀਆਂ ਤੈਹਾਂ ਵਿੱਚ ਵੱਡੇ-ਵੱਡੇ ਜਾਨਵਰ ਨਹੀਂ ਲੱਭਦੇ, ਤਿਵੇਂ ਹੀ ਅਗਿਆਨੀ ਪੁਰਸ਼ਾਂ ਦੇ ਵਿਚਕਾਰ ਅਗਾਂਹ ਵਧੂ ਲਹਿਰਾਂ ਨਾ ਉੱਠ ਸਕਦੀਆਂ ਹਨ ਅਤੇ ਨਾ ਹੀ ਉਹ ਵਧ ਫੁੱਲ ਸਕਿਆ ਕਰਦੀਆਂ ਹਨ । ਵਹਿਮ ਅਤੇ ਰੱਬ ਦੇ ਨਾਮ ਉੱਤੇ ਠੱਗੀ ਕੇਵਲ ਅਗਿਆਨਤਾ ਦੇ**



**ਵਾਯੂਮੰਡਲ ਵਿੱਚ ਹੀ ਚੱਲ ਅਤੇ ਵਧ ਫੁੱਲ ਸਕਿਆ ਕਰਦੀ ਹੈ; ਜਿਵੇਂ ਬਿਮਾਰੀ ਦੇ ਕੀਟਾਣੂ ਉਹਨਾਂ ਮਕਾਨਾਂ ਅੰਦਰ ਹੀ ਵਧ ਫੁੱਲ ਸਕਿਆ ਕਰਦੇ ਹਨ ਜਿਹੜੇ ਧਰਤੀ ਦੇ ਅੰਦਰ ਵੜੇ ਹੁੰਦੇ ਹਨ, ਜਿਹਨਾਂ ਮਕਾਨਾਂ ਅੰਦਰ ਇਹਨਾਂ ਕੀਟਾਣੂਆਂ ਨੂੰ ਨਾਸ਼ ਕਰਨ ਵਾਲੀ ਸੂਰਜ ਦੀ ਧੁੱਪ ਨਹੀਂ ਪੁੱਜ ਸਕਿਆ ਕਰਦੀ ਹੈ, ਤਿਵੇਂ ਹੀ ਵਹਿਮ ਅਤੇ ਰੱਬ ਦੇ ਨਾਮ ਉੱਤੇ ਠੱਗੀ ਵੀ ਕੇਵਲ ਉਨ੍ਹਾਂ ਲੋਕਾਂ ਦੇ ਵਿਚਕਾਰ ਹੀ ਫਲ ਸਕਿਆ ਕਰਦੀ ਹੈ ਜਿਹੜੇ ਅਗਿਆਨੀ ਹੋਣ। ਪੱਤੇਬਾਜ ਰਾਜਨੀਤੀ ਦਾਨਾਂ ਦੇ ਰੌਲੇ ਅਤੇ ਜ਼ੁਲਮ ਕੇਵਲ ਉਨ੍ਹਾਂ ਸ਼ਹਿਰੀਆਂ ਦੇ ਵਿਚਕਾਰ ਹੀ ਸਫਲ ਹੋ ਸਕਿਆ ਕਰਦੇ ਹਨ ਜਿਨ੍ਹਾਂ ਨੂੰ ਅਰਥ-ਸ਼ਾਸਤਰ, ਰਾਜਨੀਤੀ ਅਤੇ ਇਤਿਹਾਸ ਦੀ ਵਾਕਫ਼ੀਅਤ ਨਾ ਹੋਵੇ । ਵਿੱਦਿਆ ਤੋਂ ਬਿਨਾਂ ਪਰਜਾ-ਤੰਤਰ ਦਾ ਲੋਕ-ਰਾਜ ਦੁਸ਼ਟਾਂ ਦਾ ਬੇਸਮਝ ਲੋਕਾਂ ਉੱਤੇ ਰਾਜ ਹੀ ਹੁੰਦਾ ਹੈ।**

ਅਵਗੁਣਾਂ ਭਰੀ ਵਿੱਦਿਆ ਦੁਨੀਆਂ ਦੇ ਦੇਸ਼ਾਂ ਵਿਚਕਾਰ ਹੋਣ ਵਾਲੇ ਜੰਗਾਂ ਦਾ ਇਕ ਕਾਰਣ ਹੈ । ਸਮਾਜਿਕ ਜੀਵਨ ਦੀ ਚੰਚਲਤਾ, ਹੋਛਾਪਣ ਅਤੇ ਗੰਦੇ ਦਿਲ-ਪਰਚਾਵਿਆਂ ਦਾ ਮੁਕਾਬਲਾ ਅਤੇ ਰੋਕ ਕੇਵਲ ਚੰਗੀ ਵਿੱਦਿਆ ਦੁਆਰਾ ਹੀ ਕੀਤਾ ਜਾ ਸਕਦਾ ਹੈ । ਕਿਉਂਕਿ, ਕੇਵਲ ਵਿੱਦਿਆ ਹੀ ਉਹ ਇਕੋ ਇਕ ਸਾਧਨ ਹੈ ਜਿਹੜੀ ਕਿ ਕੱਲੀ ਦੀ ਕੱਲੀ ਲੋਕਾਂ ਨੂੰ ਆਪਣਾ ਵਿਹਲ ਦਾ ਸਮਾਂ ਸੱਭਿਆਚਾਰੀ ਬੰਦਿਆਂ ਵਾਂਗ ਬਤੀਤ ਕਰਨ ਲਈ ਸਿੱਖਿਆ ਦੇ ਸਕਦੀ ਹੈ । ਸੋ, ਉੱਪਰ ਲਿਖੀਆਂ ਦਲੀਲਾਂ ਅਨੁਸਾਰ ਇਹ ਗੱਲ ਸਾਬਤ ਹੈ ਕਿ ਮਜ਼ਹਬ, ਰਾਜਨੀਤੀ, ਕੋਮਲ-ਕਲਾ ਅਤੇ ਇਖ਼ਲਾਕ ਦਾ ਭਵਿੱਖਤ ਕਾਲ (ਆਉਣ ਵਾਲਾ ਸਮਾਂ) ਕੇਵਲ ਸ਼ਹਿਰੀ ਅਤੇ ਪੇਂਡੂ ਕਾਮਿਆਂ ਦੀ ਸਿੱਖਿਆ ਉੱਤੇ ਹੀ ਨਿਰਭਰ ਹੈ । ਜੇਕਰ ਤੁਸੀਂ ਕੁਝ ਵਿੱਦਿਆ ਪ੍ਰਾਪਤ ਕੀਤੀ ਹੋਈ ਹੈ ਤਾਂ ਤੁਸੀਂ ਇਸ ਵਿੱਦਿਆ ਨੂੰ ਅਗਿਆਨੀ ਸਾਥੀ ਸ਼ਹਿਰੀਆਂ ਨੂੰ ਵੰਡਣ ਦਾ ਯਤਨ ਕਰੋ । ਭਾਵੇਂ ਤੁਸੀਂ ਸੋਸ਼ਲਿਸਟ ਸਕੂਲਾਂ ਅਤੇ ਜਮਾਤਾਂ ਅੰਦਰ ਉਸਤਾਦਾਂ ਦੇ ਤੌਰ 'ਤੇ ਹੱਲ ਕਰੋ ਅਤੇ ਚਾਹੇ ਤੁਸੀਂ ਅਖ਼ਬਾਰਾਂ ਨੂੰ ਛੋਟੇ ਲੇਖ ਲਿਖ ਕੇ ਜਾਂ ਛੋਟੇ ਪੈਂਫਲਿਟ ਅਤੇ ਟਰੈਕਟ ਛਾਪ ਕੇ, ਚਾਹੇ ਜਨਤਾ ਅੱਗੇ ਲੈਕਚਰ ਦੇ ਕੇ ਅਤੇ ਚਾਹੇ ਕਿਸੇ ਕਿਸੇ ਥਾਂ ਉੱਤੇ ਵਿੱਦਿਆ ਦਾ ਵਿਚਾਰ ਕਰਨ ਅਤੇ ਪੜ੍ਹਨ ਵਾਲੇ ਬੰਦਿਆਂ ਦੇ ਜਥੇ ਅਥਵਾ ਸਭਾਵਾਂ ਬਣਾ ਕੇ ਵਿੱਦਿਆ ਦਾ ਪ੍ਰਚਾਰ ਕਰੋ । ਜੇਕਰ ਕੋਈ ਬੰਦਾ ਯੂਨੀਵਰਸਿਟੀ ਦੀ ਜਾਂ ਕਿਸੇ ਸਕੂਲ ਦੀ ਡਿਗਰੀ ਲੈ ਕੇ ਸਾਧਾਰਣ ਬੰਦਿਆਂ ਨੂੰ ਵਿੱਦਿਆ ਦੇਣ ਦੇ ਕਰਤੱਵ ਤੋਂ ਗ਼ਫ਼ਲਤ

ਕਰਦਾ ਹੈ ਤਾਂ ਉਹ ਕੇਵਲ ਸਵਾਰਥੀ ਲਹੂ ਪੀਣਾ ਕੀੜਾ ਹੀ ਹੈ ਜਿਹੜਾ ਕਿ ਆਪਣੀ ਵਿੱਦਿਆ ਦੀ ਸਨਦ ਦਾ ਅਧਿਕਾਰੀ ਹੀ ਨਹੀਂ ਹੈ। ਅਜਿਹੇ ਬੰਦੇ ਜਾਂ ਇਸਤਰੀ ਨੂੰ ਤੁਰੰਤ ਕਿਸੇ ਐਸੀ ਸਭਾ ਅਥਵਾ ਲਹਿਰ ਦਾ ਮੈਂਬਰ ਬਣ ਜਾਣਾ ਚਾਹੀਦਾ ਹੈ ਜਿਹੜੀ ਕਿ ਆਮ ਜਨਤਾ ਦੇ ਵਿਚਕਾਰ ਵਿੱਦਿਆ ਦਾ ਪ੍ਰਚਾਰ ਕਰਦੀ ਹੋਵੇ ਅਤੇ ਉਸ ਸਭਾ ਦੀ ਉਸ ਨੂੰ (ਤਨ, ਮਨ ਅਤੇ ਧਨ ਨਾਲ) ਕਿਸੇ ਨਾ ਕਿਸੇ ਢੰਗ ਨਾਲ ਸੇਵਾ ਵੀ ਕਰਨੀ ਚਾਹੀਦੀ ਹੈ।

(ਲਾਲਾ ਹਰਦਿਆਲ ਜੀ ਦੀ ਪ੍ਰਸਿੱਧ ਪੁਸਤਕ "ਹਿੰਟਸ ਫਾਰ ਸੈਲਫ ਕਲਚਰ" ਆਤਮ ਬੋਧ ਵਿੱਚੋਂ ਧੰਨਵਾਦ ਸਹਿਤ!)

ਲਾਹੌਰ ਸ਼ਹਿਰ ਵਿੱਚ ਲਾਜਪਤ ਰਾਏ ਭਵਨ ਵਿੱਚ ਦੁਆਰਕਾ ਦਾਸ ਲਾਇਬ੍ਰੇਰੀ ਸੀ। ਉਹ ਲਾਇਬ੍ਰੇਰੀ ਲਾਲਾ ਲਾਜਪਤ ਰਾਏ ਨੇ ਬਣਾਈ ਸੀ। ਮੈਂ ਗੁਰੂਦਤ ਭਵਨ ਦੀ ਵੈਦਿਕ ਲਾਇਬ੍ਰੇਰੀ ਵਿੱਚ ਵੀ ਜਾਇਆ ਕਰਦਾ ਸਾਂ, ਸਰਦਾਰ ਦਿਆਲ ਸਿੰਘ ਮਜੀਠੀਏ ਦੀ 'ਦਿਆਲ ਸਿੰਘ ਲਾਇਬ੍ਰੇਰੀ' ਵਿੱਚ ਵੀ ਤੇ ਦੁਆਰਕਾ ਦਾਸ ਲਾਇਬ੍ਰੇਰੀ ਵਿੱਚ ਵੀ। ਸ਼ਹਿਰ ਵਿੱਚ ਲਾਇਬ੍ਰੇਰੀਆਂ ਹੋਰ ਵੀ ਸਨ, ਜਿਵੇਂ ਕਿ ਸਰ ਗੰਗਾ ਰਾਮ ਲਾਇਬ੍ਰੇਰੀ, ਟੈਕਸਟ ਬੁੱਕ ਦੀ ਲਾਇਬ੍ਰੇਰੀ ਤੇ ਪਬਲਿਕ ਲਾਇਬ੍ਰੇਰੀ। ਇਨ੍ਹਾਂ ਲਾਇਬ੍ਰੇਰੀਆਂ ਦੀ ਯਾਤਰਾ ਵੀ ਮੈਂ ਕਦੀ ਕਦੀ ਕਰਿਆ ਕਰਦਾ ਸਾਂ। ਦੁਆਰਕਾ ਦਾਸ ਲਾਇਬ੍ਰੇਰੀ ਵਿੱਚ ਭਾਰਤ ਦੇ ਪ੍ਰਸਿੱਧ ਮਾਸਿਕ ਅੰਗਰੇਜ਼ੀ ਪੱਤਰ 'ਮਾਡਰਨ ਰੀਵੀਊ' ਦੀਆਂ ਪੁਰਾਣੀਆਂ ਫਾਈਲਾਂ ਸਨ। ਸੰਨ ੧੯੦੮ ਜਾਂ ੧੯੦੮ ਦੇ ਨੇੜੇ ਦੇ 'ਮਾਡਰਨ ਰੀਵੀਊ' ਦੇ ਕਿਸੇ ਪਰਚੇ ਵਿੱਚ ਮੈਂ ਇਕ ਲੇਖ ਸੰਤ ਨਿਹਾਲ ਸਿੰਘ ਦਾ ਦੇਖਿਆ ਸੀ ਜਿਹੜਾ ਕਿ ਜਾਪਾਨ ਦੇਸ਼ ਬਾਰੇ ਸੀ। ਉਸ ਲੇਖ ਵਿੱਚ ਦੱਸਿਆ ਗਿਆ ਸੀ ਕਿ ਜਾਪਾਨ ਦੇਸ਼ ਨੇ ਇਹ ਫ਼ੈਸਲਾ ਕੀਤਾ ਹੈ ਕਿ ਦੇਸ਼ ਵਿੱਚ ਕੋਈ ਅਨਪੜ੍ਹ ਟੱਬਰ ਨਾ ਰਹਿ ਜਾਵੇ ਤੇ ਕਿਸੇ ਟੱਬਰ ਵਿੱਚ ਕੋਈ ਅਨਪੜ੍ਹ ਬੰਦਾ ਨਾ ਰਹਿ ਜਾਵੇ। ਏਸ ਮਨੋਰਥ ਨੂੰ ਮੁੱਖ ਰੱਖ ਕੇ ਜਾਪਾਨ ਦੇ ਹਰ ਇਕ ਲਿਖੇ ਪੜ੍ਹੇ ਬੰਦੇ ਦੇ ਜ਼ੁੰਮੇਂ ਇਹ ਕੰਮ ਲਾਇਆ ਗਿਆ ਕਿ ਉਹ ਪੰਜ ਅਨਪੜ੍ਹ ਬੰਦਿਆਂ ਨੂੰ ਵਿਹਲਾ ਸਮਾਂ ਕੱਢ ਕੇ ਮੁਫ਼ਤ ਪੜ੍ਹਾਵੇ।

ਸਾਡੇ ਦੇਸ਼ ਵਿੱਚ ਜਿੱਥੇ ਪਰਜਾ-ਤੰਤਰ ਦੀ ਰੱਖਿਆ ਲਈ ਹਰੇਕ ਬੰਦੇ ਦਾ ਪੜ੍ਹਿਆ ਲਿਖਿਆ ਹੋਣਾ ਏਸ ਲਈ ਜ਼ਰੂਰੀ ਹੈ ਕਿ ਹਰੇਕ ਬੰਦੇ ਨੂੰ ਆਪਣੀ ਵੋਟ ਦੀ ਰਾਜਸੀ ਮਹੱਤਤਾ ਦਾ ਪਤਾ ਲੱਗ ਜਾਵੇ, ਤਾਂ ਕਿ ਦੇਸ਼ ਦੇ



ਬੰਦੇ ਜ਼ਾਤ-ਬਰਾਦਰੀ, ਮਜ਼ਹਬ, ਯਾਰੀ-ਦੋਸਤੀ, ਡਰ ਜਾਂ ਕਿਸੇ ਲਾਲਚ ਦੇ ਕਾਰਨ ਭੈੜੇ ਬੰਦਿਆਂ ਨੂੰ ਅਸੈਂਬਲੀਆਂ ਤੇ ਪਾਰਲੀਮੈਂਟ ਵਿੱਚ ਚੁਣ ਕੇ ਪਰਜਾ-ਤੰਤਰ ਨੂੰ ਤਬਾਹ ਨਾ ਕਰ ਦੇਣ; ਓਥੇ ਦੇਸ਼ ਦੀ ਉੱਨਤੀ ਲਈ ਵੀ ਹਰੇਕ ਬੰਦੇ ਦਾ ਲਿਖਣ ਪੜ੍ਹਨ ਜੋਗਾ ਹੋਣਾ ਜ਼ਰੂਰੀ ਹੈ, ਤਾਂ ਕਿ ਉਹ ਅਖ਼ਬਾਰਾਂ ਅਤੇ ਪੁਸਤਕਾਂ ਦੁਆਰਾ ਇਹ ਗੱਲ ਜਾਣ ਸਕੇ ਕਿ ਸਾਡੇ ਦੇਸ਼ ਦੀ ਗ਼ਰੀਬੀ, ਰੋਗ ਅਤੇ ਬੇਕਾਰੀ ਆਦਿਕ ਮਸਲੇ ਕੀ ਕੀ ਹਨ ਤੇ ਕਿਸ ਢੰਗ ਨਾਲ ਉਹ ਮਸਲੇ ਸਰਕਾਰ ਦੇ ਉਪਰਾਲਿਆਂ 'ਚ ਮਿਲਵਰਤਨ ਦੇ ਕੇ ਤੇ ਉਸਦੇ ਵਿਅਕਤੀਗਤ ਉੱਦਮ ਨਾਲ ਹੱਲ ਹੋ ਸਕਦੇ ਹਨ। ਸਾਡੇ ਦੇਸ਼ ਦੇ ਬੰਦਿਆਂ ਨੂੰ ਵੀ ਜਨਤਾ 'ਚੋਂ ਪਚਾਸੀ ਫ਼ੀ ਸਦੀ ਅਨਪੜ੍ਹਤਾ ਨੂੰ ਦੂਰ ਕਰਨ ਲਈ ਜਾਪਾਨ ਦੇਸ਼ ਦੀ ਮਿਸਾਲ ਆਪਣੇ ਸਾਹਮਣੇ ਰੱਖਣੀ ਚਾਹੀਦੀ ਹੈ। ਇਲਾਕਾਈ ਜ਼ਬਾਨਾਂ ਦਾ ਗਿਆਨ ਕੰਮ ਦੇ ਸਕਦਾ ਹੈ।

(ਜੀਵਨ ਲਹਿਰ ਦਸੰਬਰ ੧੯੭੮ ਵਿੱਚੋਂ)

# ਸੜਕ ’ਤੇ ਪਈਆਂ ਵਸਤਾਂ ਬਾਰੇ ਇਕ ਵਿਦਵਾਨ ਸ਼ਹਿਰੀ ਨੂੰ ਕੀ ਸੋਚਣਾ ਚਾਹੀਦਾ ਹੈ ਤੇ ਕੀ ਕਰਨਾ ਚਾਹੀਦਾ ਹੈ ?

**-ਭਗਤ ਪੂਰਨ ਸਿੰਘ**

੨੧ ਫ਼ਰਵਰੀ ੧੯੭੮ ਦੀ ਰਾਤ ਮੈਂ ਗੁਰਦੁਆਰਾ ਕਲਗੀਧਰ ਲੁਧਿਆਣਾ ਸ਼ਹਿਰ ਵਿਖੇ ਕੱਟੀ । ਮੈਂ ਛੇ ਕੁ ਵਜੇ ਗੁਰਦਵਾਰਿਓਂ ਬਾਹਰ ਨਿਕਲ ਕੇ ਨਾਲ ਦੀ ਵੱਡੀ ਸੜਕ ’ਤੇ ਗਿਆ ਜਿਹੜੀ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ । ਮੇਰੀ ਆਦਤ ਹੈ ਕਿ ਮੈਂ ਤੁਰਦਿਆਂ ਹੋਇਆਂ ਰੋੜਾ, ਸ਼ੀਸ਼ਾ, ਖੁਰੀ, ਮੇਖ, ਕੇਲੇ ਦੇ ਛਿੱਲੜ, ਟੱਟੀ ਤੇ ਗੋਬਰ ਆਦਿ ਸੜਕ ਉੱਤੇ ਪਈਆਂ ਹੋਈਆਂ ਵਸਤਾਂ ਨੂੰ ਚੁੱਕਦਾ ਰਿਹਾ ਕਰਦਾ ਹਾਂ । ਟੱਟੀ, ਗੋਬਰ ਨੂੰ ਚੁੱਕ ਕੇ ਤਾਂ ਮੈਂ ਕੂੜੇ ਦੇ ਉਸ ਢੇਰ ’ਤੇ ਧਰ ਦਿੰਦਾ ਹਾਂ ਜਿਸ ਨੇ ਖੇਤਾਂ ਨੂੰ ਜਾਣਾ ਹੁੰਦਾ ਹੈ, ਪੱਥਰ ਦੇ ਰੋੜੇ ਨੂੰ ਰੋੜਿਆਂ ਦੇ ਉਸ ਢੇਰ ’ਤੇ ਸੁੱਟਿਆ ਕਰਦਾ ਹਾਂ ਜਿਹੜੇ ਸੜਕ ਦੇ ਬਣਨ ਵਿੱਚ ਵਰਤੇ ਜਾਂਦੇ ਹਨ; ਪਰ ਉਹਨਾਂ ਰੋੜਿਆਂ ਦਾ ਢੇਰ ਹਰ ਜਗ੍ਹਾ ਨਹੀਂ ਹੁੰਦਾ। ਇਸ ਲਈ, ਪੱਥਰ ਦੇ ਰੋੜੇ ਨੂੰ ਮੈਂ ਆਪਣੇ ਲੋਹੇ ਦੇ ਬਾਟੇ ਵਿੱਚ ਪਾ ਲਿਆ ਕਰਦਾ ਹਾਂ ਅਤੇ ਜਿੱਥੇ ਕਿਤੇ ਉਹਨਾਂ ਰੋੜਿਆਂ ਦਾ ਢੇਰ ਮਿਲੇ ਉੱਥੇ ਉਹਨਾਂ ਨੂੰ ਸੁੱਟ ਦਿਆ ਕਰਦਾ ਹਾਂ, ਨਹੀਂ ਤਾਂ ਪੱਥਰ ਦੇ ਰੋੜੇ ਲੋਹੇ ਦੇ ਬਾਟੇ ਵਿੱਚ ਪਏ ਹੋਏ ਪਿੰਗਲਵਾੜੇ ਲਿਆਂਦੇ ਜਾਇਆ ਕਰਦੇ ਹਨ । ਮੈਂ ਇੱਟਾਂ ਚੁੱਕਣ ਲੱਗ ਪਿਆ, ਸ਼ੀਸ਼ੇ ਵੀ ਚੁੱਕੇ । ਇਕ ਰਿਕਸ਼ੇ ਵਾਲੇ ਨੂੰ ਮੈਂ ਕਿਹਾ ਕਿ ਗੁਰਦਵਾਰੇ ਨੂੰ ਚੱਲ ਮੈਂ ਸਟੇਸ਼ਨ ਨੂੰ ਜਾਣਾ ਹੈ । ਉਸ ਨੇ ਉੱਤਰ ਦਿੱਤਾ ਕਿ ਗੁਰਦੁਆਰੇ ਅੱਗੇ ਰਿਕਸ਼ੇ ਹੁੰਦੇ ਹਨ, ਮੈਨੂੰ ਨਾ ਲੈ ਕੇ ਜਾਓ । ਮੇਰਾ ਗੁਰਦੁਆਰੇ ਤਕ ਕਿਰਾਇਆ ਪਵੇਗਾ । ਗੁਰਦੁਆਰਾ ਤਾਂ ਲਾਗੇ ਹੀ ਸੀ । ਅਸਲ ਵਿੱਚ ਉਹ ਰਿਕਸ਼ੇ ਵਾਲਾ ਮੇਰੇ ਨਾਲ ਜਾਣਾ ਹੀ ਨਹੀਂ ਚਾਹੁੰਦਾ ਸੀ, ਉਸ ਨੇ ਮੈਨੂੰ ਰੋੜੇ ਆਦਿ ਚੁੱਕਣ ਕਾਰਨ ਪਾਗਲ ਸਮਝਿਆ ਸੀ । ਮੈਂ ਰੋੜੇ, ਇੱਟਾਂ, ਸ਼ੀਸ਼ੇ ਚੁੱਕੀ ਗਿਆ । ਐਨੇ ਨੂੰ ਇਕ ਹੋਰ ਰਿਕਸ਼ੇ ਵਾਲਾ ਆ ਗਿਆ । ਉਸ ਨੇ ਵੀ ਮੈਨੂੰ ਰੋੜੇ ਚੁੱਕਦੇ ਨੂੰ ਵੇਖਿਆ । ਉਸ ਨੂੰ ਟੈਲੀਫ਼ੋਨ ਦੇ ਦਫ਼ਤਰ ਜਾਣ ਨੂੰ ਕਿਹਾ । ਮੈਂ ਦਿੱਲੀ ਟੈਲੀਫ਼ੋਨ ਕਰਨਾ ਚਾਹੁੰਦਾ ਸਾਂ । ਉਸ ਨੇ ਮੈਨੂੰ ਕਿਹਾ ਕਿ ਮੈਂ ਇਕ ਰੁਪਿਆ ਲਵਾਂਗਾ ਜੋ ਉਸ ਨੂੰ ਮੈਂ ਦੇਣਾ ਕਰ ਲਿਆ ਪਰ ਜਦ ਉਹ ਤੁਰਿਆ ਤਾਂ ਮੈਂ ਦੇਖਿਆ ਕਿ ਸੜਕ ਦੇ ਵਿਚਕਾਰ ਚੋਖੀ ਸਾਰੀ ਟੱਟੀ ਪਈ ਹੈ ਜਿਹੜੀ ਕੁੱਤੇ ਦੀ ਹੋ ਸਕਦੀ ਸੀ । ਮੈਂ ਉਸ ਨੂੰ ਕਿਹਾ ਕਿ ਮੈਂ ਟੱਟੀ ਚੁੱਕਦਾ ਹਾਂ ਤੂੰ



ਖਲੋਤਾ ਰਹੁ, ਜਿੰਨਾ ਸਮਾਂ ਵੱਧ ਲੱਗੇਗਾ ਮੈਂ ਤੈਨੂੰ ਓਨੇ ਪੈਸੇ ਹੋਰ ਦੇ ਦਿਆਂਗਾ । ਉਹ ਖਲੋ ਗਿਆ । ਟੱਟੀ ਚੁੱਕਣ ਨੂੰ ਸਮਾਂ ਤਾਂ ਲੱਗਣਾ ਹੀ ਸੀ । ਟੱਟੀ ਪਤਲੀ ਸੀ ਤੇ ਜ਼ਿਆਦਾ ਸੀ । ਮੇਰੇ ਪਾਸ ਉਸ ਵੇਲੇ ਮੇਰਾ ਲੋਹੇ ਦਾ ਬਾਟਾ ਨਹੀਂ ਸੀ ਜਿਸ ਨੂੰ ਮੈਂ ਆਮ ਤੌਰ ’ਤੇ ਹਰ ਵੇਲੇ ਨਾਲ ਰੱਖਦਾ ਹਾਂ, ਨਾ ਹੀ ਕੋਈ ਫਹੁੜਾ ਸੀ, ਜਿਸ ਨਾਲ ਸਫ਼ਾਈ ਮਜ਼ਦੂਰ ਟੱਟੀ ਚੁੱਕਦਾ ਹੈ । ਮੈਂ ਆਲੇ ਦੁਆਲਿਓਂ ਘਾਹ ਫੂਸ ਚੁੱਕ ਕੇ ਟੱਟੀ ਨੂੰ ਚੁੱਕਣਾ ਸੀ । ਫਿਰ ਮੈਂ ਟੱਟੀ ਵਾਲੇ ਥਾਂ ਨੂੰ ਵੀ ਰਗੜ ਕੇ ਸਾਫ਼ ਕਰਨਾ ਸੀ ਤਾਂ ਜੋ ਉਸ ਦੀ ਕੋਈ ਲਾਗ ਧਰਤੀ ’ਤੇ ਨਾ ਰਹਿ ਜਾਵੇ । ਅਜਿਹਾ ਕਰਨ ਲਈ ਮੈਨੂੰ ਤਿੰਨ ਕੁ ਵਾਰ ਲਾਗੇ ਤੋਂ ਘਾਹ ਫੂਸ ਚੁੱਕਣਾ ਪਿਆ । ਰਿਕਸ਼ੇ ਵਾਲਾ ਮੈਨੂੰ ਬਿਨਾਂ ਦੱਸੇ ਚਲਾ ਗਿਆ । ਉਸ ਨੇ ਵੀ ਸਮਝਿਆ ਕਿ ਇਹ ਪਾਗਲ ਹੈ । ਸੜਕ ਉੱਤੇ ੧੫-੨੦ ਮਿੰਟ ਲੱਗ ਚੁੱਕੇ ਸਨ । ਕੁਝ ਸ਼ੀਸ਼ੇ ਸੜਕ ਉੱਤੋਂ ਚੁੱਕ ਕੇ ਮੈਂ ਦੋਹਾਂ ਸੜਕਾਂ ਦੇ ਵਿਚਕਾਰ ਵਾਲੀ ਬੰਨੀ ’ਤੇ ਲੱਗੇ ਹੋਏ ਟੈਲੀਫ਼ੋਨ ਦੇ ਖੰਭੇ ਨਾਲ ਧਰ ਦਿੱਤੇ ਸਨ । ਐਨੇ ਨੂੰ ਇਕ ਟਾਂਗੇ ਵਾਲਾ ਆ ਗਿਆ । ਉਸਨੇ ਮੈਥੋਂ ਜੋ ਕੁਝ ਟੈਲੀਫ਼ੋਨ ਦੇ ਦਫ਼ਤਰ ਨੂੰ ਜਾਣ ਲਈ ਮੰਗਿਆ, ਮੈਂ ਦੇਣਾ ਕਰ ਲਿਆ । ਮੈਂ ਉਸ ਨੂੰ ਕਿਹਾ ਕਿ ਮੈਂ ਸ਼ੀਸ਼ੇ ਚੁੱਕ ਲਵਾਂ । ਮੈਂ ਟੈਲੀਫ਼ੋਨ ਦੇ ਖੰਭੇ ਤੋਂ ਸ਼ੀਸ਼ੇ ਚੁੱਕਣ ਲੱਗਿਆ । ਐਨੀ ਗੱਲ ਤੋਂ ਹੀ ਉਸ ਨੇ ਕਿਹਾ ਕਿ ਮੈਂ ਤੈਨੂੰ ਨਹੀਂ ਲਿਜਾ ਸਕਦਾ । ਉਸ ਨੇ ਵੀ ਮੈਨੂੰ ਪਾਗਲ ਸਮਝਿਆ । ਫਿਰ ਮੈਂ ਇਕ ਹੋਰ ਰਿਕਸ਼ੇ ਵਾਲੇ ਨੂੰ ਕਿਹਾ ਕਿ ਤੂੰ ਮੈਨੂੰ ਤਾਰ ਘਰ ਲੈ ਚੱਲ, ਪਰ ਉਸ ਨੇ ਆਖਿਆ ਕਿ ਤੂੰ ਸੜਕ ਉੱਤੋਂ ਰੋੜੇ ਚੁੱਕ ਰਿਹਾ ਹੈਂ, ਤੂੰ ਤਾਂ ਮਸਤਾਨਾ ਹੈਂ ਤੇ ਤੂੰ ਮੈਨੂੰ ਪੈਸੇ ਥੋੜਾ ਦੇਣੇ ਹਨ? ਮੈਂ ਉਸ ਨੂੰ ਪੰਜ ਰੁਪਏ ਪੇਸ਼ਗੀ ਫੜਾ ਦਿੱਤੇ । ਰਸਤੇ ਵਿੱਚ ਮੈਂ ਰੋੜਾ, ਮੇਖ ਚੁੱਕਣਾ ਹੀ ਸੀ । ਅਸੀਂ ਗੁਰਦੁਆਰੇ ਤੋਂ ਬਾਹਰ ਰਿਕਸ਼ੇ ਪਰ ਸਮਾਨ ਲੱਦਣਾ ਸੀ, ਇਸ ਲਈ ਰਿਕਸ਼ੇ ਵਾਲੇ ਨੇ ਸੜਕ ਦੇ ਕੰਢੇ ਖੜ੍ਹਾ ਹੋਣਾ ਹੀ ਸੀ । ਪੰਜ ਕੁ ਸਿੰਘ ਗੁਰਦੁਆਰੇ ਤੋਂ ਬਾਹਰ ਆਏ ਜਿਹੜੇ ਜੋੜਿਆਂ ਦੀ ਸੇਵਾ ਕਰਕੇ ਨਿਕਲੇ ਸਨ, ਉਹਨਾਂ ਸਾਰਿਆਂ ਮੈਨੂੰ ਫ਼ਤਹਿ ਬੁਲਾਈ । ਮੈਂ ਉਹਨਾਂ ਨੂੰ ਪੁੱਛ-ਪੁੱਛ ਕੇ ਇਸ਼ਤਿਹਾਰ ਤੇ ਟਰੈਕਟ ਦੇਣ ਲੱਗ ਪਿਆ ਕਿ ਕਿਹੜੀ-ਕਿਹੜੀ ਜਮਾਤ ਵਿੱਚ ਉਹਨਾਂ ਦੇ ਬੱਚੇ ਪੜ੍ਹਦੇ ਹਨ । ਉਸ ਹਿਸਾਬ ਨਾਲ ਮੈਂ ਉਹਨਾਂ ਨੂੰ ਕਿਤਾਬਚੇ ਦੇਣ ਲੱਗ ਪਿਆ । ਉਹਨਾਂ ਕਿਹਾ ਕਿ ਕੱਲ੍ਹ ਪਿੰਗਲਵਾੜੇ ਦਾ ਸੇਵਾਦਾਰ ਸੁਰਜੀਤ ਸਿੰਘ ‘ਰਾਹੀ’ ਦੋ ਦਿਨ ਗੁਰਦੁਆਰੇ ਰਿਹਾ ਹੈ ਤੇ ਉਹ ਸਾਨੂੰ ਇਸ਼ਤਿਹਾਰ ਤੇ ਟਰੈਕਟ ਵੰਡਦਾ ਰਿਹਾ ਹੈ । ਉਹਨਾਂ ਨੇ ਮੈਨੂੰ ਦੁੱਧ ਛਕਣ ਲਈ ਵੀ ਕਿਹਾ । ਦੁੱਧ ਉਹਨਾਂ ਨੇ ਨਾਲ ਲੱਗਦਾ ਰਿਕਸ਼ੇ ਵਾਲੇ ਨੂੰ ਵੀ ਛਕਾ ਦਿੱਤਾ । ਮੈਂ ਤੇ ਸੇਵਾਦਾਰ ਰਿਕਸ਼ੇ ਵਿੱਚ ਬੈਠ ਕੇ ਰੇਲਵੇ ਸਟੇਸ਼ਨ ਨੂੰ ਗਏ ।

ਰਸਤੇ ਵਿੱਚ ਅਸੀਂ ਮੇਖਾਂ, ਖੁਰੀਆਂ, ਕੇਲੇ ਦੇ ਛਿੱਲੜ, ਲੋਹੇ ਦੇ ਟੁੱਕੜੇ ਤੇ ਪੱਥਰ ਦੇ ਰੋੜੇ ਚੁੱਕਦੇ ਗਏ । ਰਿਕਸ਼ੇ ਵਾਲੇ ਨੇ ਸਟੇਸ਼ਨ 'ਤੇ ਜਾ ਕੇ ਮੈਨੂੰ ਕਿਹਾ ਕਿ ਮੇਰਾ ਵੀ ਇਕ ਰੁਪਿਆ ਲਵੋ ਤੇ ਲੰਗਰ ਵਿੱਚ ਪਾ ਦੇਣਾ । ਮੈਂ ਸੋਚਿਆ ਕਿ ਰਿਕਸ਼ੇ ਵਾਲੇ ਦਾ ਮਸਾਂ ਘੰਟਾ ਕੁ ਖ਼ਰਚ ਹੋਇਆ ਸੀ । ਪੰਜ ਰੁਪਏ ਤਾਂ ਮੈਂ ਉਸ ਨੂੰ ਇਸ ਲਈ ਦਿੱਤੇ ਸਨ ਕਿ ਉਹ ਵੀ ਮੈਨੂੰ ਪਾਗਲ ਸਮਝ ਕੇ ਛੱਡ ਕੇ ਨਾ ਚਲਾ ਜਾਵੇ ਤੇ ਜਿੰਨਾ ਸਮਾਂ ਉਸ ਦਾ ਲੱਗੇ ਓਨੇ ਪੈਸੇ ਉਹ ਪੰਜ ਰੁਪਿਆਂ ਵਿੱਚੋਂ ਕੱਟ ਲਵੇ । ਵੱਧ ਤੋਂ ਵੱਧ ਉਹ ਢਾਈ ਰੁਪਏ ਲੈ ਸਕਦਾ ਸੀ । ਉਸ ਨੇ ਸੋਚਿਆ ਕਿ ਭਗਤ ਨੇ ਮੈਨੂੰ ੫ ਰੁਪਏ ਸ਼ਾਇਦ ਸਟੇਸ਼ਨ 'ਤੇ ਜਾਣ ਦੇ ਉੱਕੇ ਪੁੱਕੇ ਹੀ ਦੇ ਦਿੱਤੇ ਸਨ । ਮੈਂ ਉਸ ਤੋਂ ਪੈਸੇ ਮੰਗ ਵੀ ਲੈਂਦਾ ਪਰ ਜਦੋਂ ਉਸ ਨੇ ਇਕ ਰੁਪਏ ਦੇ ਦਾਨ ਵਾਲੀ ਗੱਲ ਬੜੇ ਚਾਅ ਤੇ ਸਤਿਕਾਰ ਨਾਲ ਕਹੀ ਤਾਂ ਮੈਂ ਬਾਕੀ ਪੈਸੇ ਮੰਗਣ ਤੋਂ ਸੰਕੋਚ ਕਰ ਗਿਆ; ਪਰ ਮੈਨੂੰ ਉਹ ਪੰਜ ਰੁਪਏ ਪਹਿਲੋਂ ਫੜਾਉਣ ਦੀ ਸਜ਼ਾ ਤਾਂ ਦੇ ਗਿਆ ।

ਪਿਛਲੇ ਮਹੀਨੇ ਮੈਂ ਦਿੱਲੀ ਪਹਾੜ ਗੰਜ ਵਾਲੇ ਇਲਾਕੇ ਦੇ ਰੇਲਵੇ ਪੁੱਲ ਤੋਂ ਟਾਂਗੇ ਵਿੱਚ ਲੰਘ ਰਿਹਾ ਸਾਂ । ਇਕ ਪਾਸੇ ਦੀ ਅੱਧੀ ਸੜਕ ਉੱਤੇ ਇਕ ਟੈਂਪੂ ਵਾਲਾ ਟੈਂਪੂ ਨੂੰ ਠੀਕ ਕਰ ਰਿਹਾ ਸੀ । ਟੈਂਪੂ ਵਾਲੇ ਨੇ ਇਕ ਡਬਲ ਇੱਟ ਲਾਗੇ ਰੱਖੀ ਹੋਈ ਸੀ । ਮੈਂ ਉਸ ਇੱਟ ਨੂੰ ਦੇਖਿਆ ਤੇ ਆਪਣੇ ਨਾਲ ਬੈਠੇ ਦੋ ਸੇਵਾਦਾਰਾਂ ਵਿੱਚੋਂ ਇਕ ਸੇਵਾਦਾਰ ਹਰਿੰਦਰ ਸਿੰਘ ਨੂੰ ਕਿਹਾ ਕਿ ਉਹ ਟੈਂਪੂ ਵਾਲੇ ਪਾਸ ਜਾਵੇ ਤੇ ਉਸ ਨੂੰ ਕਹੇ ਕਿ ਜਦ ਉਹ ਟੈਂਪੂ ਨੂੰ ਲੈ ਕੇ ਤੁਰੇਗਾ ਤਾਂ ਇੱਟ ਨੂੰ ਚੁੱਕ ਕੇ ਨਾਲ ਲੈ ਜਾਵੇ । ਸੇਵਾਦਾਰ ਗੱਲ ਕਹਿ ਕੇ ਆ ਗਿਆ ।

ਜਦ ਮੈਂ ਦਿੱਲੀ ਜਾਂਦਾ ਹਾਂ ਤਾਂ ਮੈਨੂੰ ਇਕ ਘਟਨਾ ਯਾਦ ਆ ਜਾਂਦੀ ਹੈ ਜਿਹੜੀ ਇਕ ਸੜਕ ਉੱਤੇ ਖਿੱਲਰੇ ਹੋਏ ਸ਼ੀਸ਼ੇ ਦੇ ਟੁਕੜਿਆਂ ਨੂੰ ਚੁੱਕਣ ਦੀ ਸੀ । ਦਿੱਲੀ ਲਾਲ ਕਿਲ੍ਹੇ ਤੋਂ ਜਿਹੜੀ ਸੜਕ ਦਰੀਆਗੰਜ ਨੂੰ ਜਾਂਦੀ ਹੈ ਉਸ ਸੜਕ ਉੱਤੇ ਮੋਟਰਕਾਰਾਂ ਦੀ ਆਵਾਜਾਈ ਸਾਰੇ ਦਿੱਲੀ ਸ਼ਹਿਰ ਵਿੱਚ ਸਭ ਤੋਂ ਵੱਧ ਹੈ । ਪੰਜ ਕੁ ਸਾਲ ਦੀ ਗੱਲ ਹੋਵੇਗੀ ਕਿ ਮੈਂ ਤੇ ਸਾਧੂ ਸਿੰਘ ਸੇਵਾਦਾਰ ਲਾਲ ਕਿਲ੍ਹੇ ਤੋਂ ਦਰੀਆ ਗੰਜ ਨੂੰ ਪੈਦਲ ਤੁਰੇ ਜਾ ਰਹੇ ਸਾਂ, ਉਸ ਸੜਕ ਉੱਤੇ ਕਿਸੇ ਮੋਟਰਕਾਰ ਦੇ ਸ਼ੀਸ਼ੇ ਡਿੱਗੇ ਪਏ ਸਨ ਜਿਹੜੇ ੧੦-੧੨ ਗਜ਼ ਦੀ ਥਾਂ 'ਤੇ ਖਿੱਲਰੇ ਹੋਏ ਸਨ, ਉਸ ਸੜਕ ਉੱਤੇ ਮੋਟਰਾਂ ਦੀ ਆਵਾਜਾਈ ਏਨੀ ਹੈ ਕਿ ਇਕ ਮੋਟਰਕਾਰ ਦੇ ਪਿੱਛੇ ਜਿਹੜੀ ਦੂਜੀ ਮੋਟਰਕਾਰ ਆਉਂਦੀ ਹੈ ਉਸ ਵਿੱਚ ਇਕ ਮਿੰਟ ਦੇ ਸਮੇਂ ਦੀ ਵਿੱਥ ਵੀ ਨਹੀਂ ਪੈ ਸਕਦੀ । ਜੇ ਕੋਈ ਆਦਮੀ ਉਸ ਸੜਕ ਉੱਤੇ ਇਕ ਮੋਟਰਕਾਰ ਦੇ ਪਿੱਛੇ ਆਉਂਦੀ ਦੂਜੀ ਮੋਟਰਕਾਰ ਦੇ ਵਿਚਕਾਰ ਸਮੇਂ ਦੀ ਵਿੱਥ ਦੀ ਉਡੀਕ ਕਰੇ ਤਾਂ ਵੱਧ ਤੋਂ ਵੱਧ



੧੦-੧੫ ਸੈਕਿੰਡਾਂ ਦੀ ਵਿੱਥ ਮਿਲ ਸਕਦੀ ਹੈ । ਸ਼ੀਸ਼ੇ ਦੇ ਟੁੱਕੜੇ ਮੋਟੇ ਸਨ ਉਹਨਾਂ ਨੇ ਅਨੇਕਾਂ ਮੋਟਰਕਾਰਾਂ ਦੇ ਟਾਇਰ ਪਾੜਨੇ ਸਨ ਤੇ ਘੋੜਿਆਂ ਦੇ ਖੁਰਾਂ ਵਿੱਚ ਵੱਜਣਾ ਸੀ ਇਸ ਲਈ ਮੈਂ ਉਹਨਾਂ ਸ਼ੀਸ਼ਿਆਂ ਨੂੰ ਚੁੱਕਣਾ ਜ਼ਰੂਰ ਚਾਹੁੰਦਾ ਸਾਂ । ਜਿਸ ਹਿਸਾਬ ਨਾਲ ਮੋਟਰਕਾਰਾਂ ਆਉਂਦੀਆਂ ਸਨ ਉਸ ਹਿਸਾਬ ਨਾਲ ਮੈਂ ਸੜਕ ਤੋਂ ਬੈਠ ਕੇ ਤਾਂ ਸ਼ੀਸ਼ੇ ਚੁੱਕ ਨਹੀਂ ਸਕਦਾ ਸਾਂ । ਸਿਆਲ ਦੇ ਦਿਨ ਸਨ ਤੇ ਉਨ ਦੀ ਇਕ ਦੂਹਰੀ ਲੋਈ ਮੇਰੇ ਪਾਸ ਸੀ; ਸੋ ਮੈਂ ਸੋਚਿਆ, ਸ਼ੀਸ਼ਾ ਇਕੋ ਢੰਗ ਨਾਲ ਸੜਕ ਤੋਂ ਪਰ੍ਹੇ ਕੀਤਾ ਜਾ ਸਕਦਾ ਹੈ ਕਿ ਦੋਹਾਂ ਹੱਥਾਂ ਨਾਲ ਲੋਈ ਦਾ ਇਕ ਸਿਰਾ ਫੜ ਕੇ ਸੜਕ ਉੱਤੋਂ ਦੀ ਭੱਜਿਆ ਭੱਜਿਆ ਲੰਘਾਂ ਤੇ ਲੋਈ ਨਾਲ ਸ਼ੀਸ਼ੇ ਨੂੰ ਹੂੰਝਾ ਫੇਰ ਦਿਆ, ਮੈਨੂੰ ਕਈ ਵਾਰ ਇਸ ਤਰ੍ਹਾਂ ਕਰਨਾ ਪਿਆ । ਹਰ ਵਾਰ ਇਸ ਤਰ੍ਹਾਂ ਕਰਨ ਲਈ ਮੈਨੂੰ ਕਈ-ਕਈ ਮਿੰਟ ਖਲੋ ਕੇ ਉਡੀਕਣਾ ਪੈਂਦਾ ਸੀ ਕਿ ਕਦੋਂ ਇਕ ਮੋਟਰਕਾਰ ਤੇ ਦੂਜੀ ਦੇ ਵਿਚਕਾਰ ਲੰਮੀ ਵਿੱਥ ਮਿਲੇ ।

ਇਸ ਮਹੀਨੇ ਵਿੱਚ ਇਕ ਪਿੰਡ ਤੋਂ ਮੈਂ ਤੇ ਸੁਰਜੀਤ ਸਿੰਘ 'ਰਾਹੀ' ਡੇਰੇ ਨੂੰ ਆ ਰਹੇ ਸਾਂ ਤੇ ਭਗਤਾਂ ਵਾਲੇ ਇਲਾਕੇ ਵਿੱਚ ਸੜਕ 'ਤੇ ਇਕ ਛੋਟੀ ਇੱਟ ਪਈ ਸੀ । ਮੈਂ ਸੁਰਜੀਤ ਸਿੰਘ ਨੂੰ ਕਿਹਾ ਕਿ ਤੂੰ ਉੱਤਰ ਜਾ ਤੇ ਇੱਟ ਰਸਤੇ ਵਿੱਚੋਂ ਚੁੱਕ ਕੇ ਪਰ੍ਹੇ ਕਰ ਆ, ਪਰ ਉਸ ਨੇ ਉੱਤਰ ਦਿੱਤਾ ਕਿ ਨਹੀਂ ਮੈਂ ਤੁਹਾਡੇ ਨਾਲ ਜਾਣਾ ਹੈ, ਮੈਂ ਤੁਹਾਨੂੰ ਇਕੱਲਿਆਂ ਨਹੀਂ ਜਾਣ ਦਿਆਂਗਾ, ਕਿਉਂਕਿ ਤੁਹਾਡੇ ਪਾਸ ਸਮਾਨ ਹੈ ਤੇ ਤੁਹਾਨੂੰ ਚੁੱਕਣਾ ਔਖਾ ਹੋਵੇਗਾ । ਜਦ ਅਸੀਂ ਪਿੰਗਲਵਾੜੇ ਪਹੁੰਚ ਗਏ ਤਾਂ ਇੱਥੋਂ ਮੈਂ ਉਸ ਨੂੰ ਸਾਈਕਲ 'ਤੇ ਭਗਤਾਂ ਵਾਲੇ ਭੇਜਿਆ ਕਿ ਇੱਟ ਨੂੰ ਸੜਕ ਤੋਂ ਚੁੱਕ ਕੇ ਪਰ੍ਹੇ ਕਰੇ । ਉਹ ਥਾਂ ਪਿੰਗਲਵਾੜੇ ਤੋਂ ਦੋ ਮੀਲ ਵਿੱਥ 'ਤੇ ਹੈ । ਰਾਹੀ ਨੇ ਜਾ ਕੇ ਵੇਖਿਆ ਕਿ ਇੱਟ ਟੁੱਟੀ ਪਈ ਹੈ । ਜਦ ਰਾਹੀ ਨੇ ਸੜਕ ਤੋਂ ਇੱਟ ਚੁੱਕੀ ਤਾਂ ਲੋਕਾਂ ਨੇ ਪੁੱਛਿਆ ਕਿ ਤੂੰ ਸੜਕ ਤੋਂ ਇਹ ਇੱਟ ਕਿਉਂ ਚੁੱਕੀ ਹੈ ? ਉਹਨਾਂ ਨੇ ਉਸ ਨੂੰ ਕਿਹਾ ਕਿ ਇਸ ਇੱਟ ਦੇ ਉੱਤੋਂ ਦੀ ਟਰੱਕ ਲੰਘਿਆ ਹੈ ਤੇ ਤਾਂ ਹੀ ਇੱਟ ਟੁੱਟੀ ਹੈ । ਉਹਨਾਂ ਇਹ ਵੀ ਕਿਹਾ ਕਿ ਜਦ ਇਸ ਇੱਟ ਉੱਤੋਂ ਦੀ ਟਰੱਕ ਲੰਘਿਆ ਤਾਂ ਡਾਵਾਂਡੋਲ ਹੋ ਗਿਆ ਸੀ ।

ਇਕ ਵੇਰਾਂ ਮੈਂ ਅਜਮੇਰੀ ਗੇਟ ਦਿੱਲੀ ਦੇ ਸਾਹਮਣੇ ਤੁਰਿਆ ਜਾ ਰਿਹਾ ਸਾਂ, ਉਸ ਦਰਵਾਜ਼ੇ ਦੇ ਬਾਹਰ ਜਿਹੜਾ ਗੋਲ ਚੱਕਰ ਹੈ ਉਸ ਉੱਤੇ ਘੋੜਿਆਂ ਦੀਆਂ ਕਈ ਖੁਰੀਆਂ ਪਈਆਂ ਹੋਈਆਂ ਸਨ । ਉਸ ਚੱਕਰ ਦੇ ਆਲੇ ਦੁਆਲੇ ਵੀ ਦਰੀਆਗੰਜ ਦੀ ਸੜਕ ਵਾਂਗ ਸ਼ਾਇਦ ਉਸ ਸੜਕ ਨਾਲੋਂ ਵੀ ਸਮੇਂ ਦੀ ਥੋੜ੍ਹੀ ਵਿੱਥ ਨਾਲ ਮੋਟਰਕਾਰ, ਮੋਟਰ ਬੱਸ ਤੇ ਟਰੱਕ ਲੰਘਦੇ ਹਨ

ਉੱਥੇ ਵੀ ਮੈਨੂੰ ਜਾਨ ਦੀ ਬਾਜ਼ੀ ਲਾ ਕੇ ਖੁਰੀਆਂ ਚੁੱਕਣੀਆਂ ਪਈਆਂ ਸਨ । ਜੇ ਮੈਂ ਕਿਸੇ ਖੁਰੀ ਨੂੰ ਨਾ ਚੁੱਕਾਂ ਤਾਂ ਮੇਰੇ ਮਨ ਵਿੱਚ ਕਲੇਸ਼ ਹੁੰਦਾ ਰਹਿੰਦਾ ਹੈ ।

ਇਕ ਵਾਰੀ ਮੈਨੂੰ ਇਕ ਟਰੱਕ ਡਰਾਈਵਰ ਨਾਲ ਗੱਲਾਂ ਕਰਨ ਦਾ ਮੌਕਾ ਮਿਲਿਆ । ਉਸ ਨੇ ਮੈਨੂੰ ਕਿਹਾ ਕਿ ਜੇਕਰ ਸੜਕ ਉੱਤੇ ਇਕ ਛੋਟਾ ਜਿਹਾ ਰੋੜਾ ਵੀ ਪਿਆ ਹੋਵੇ (ਉਸ ਦਾ ਭਾਵ ਪੌਣੇ ਇੰਚ ਜਾਂ ਇਕ ਇੰਚ ਦੀ ਚੌੜਾਈ ਵਾਲੇ ਰੋੜੇ ਤੋਂ ਹੋਵੇਗਾ), ਜੇ ਉਸ ਉੱਤੋਂ ਦੀ ਟਰੱਕ ਦਾ ਟਾਇਰ ਲੰਘੇ ਤਾਂ ਉਸ ਟਾਇਰ ਦੇ ਅੰਦਰਲੇ ਪਾਸੇ ਜੰਮੀ ਹੋਈ ਚੀਜ਼ ਨੂੰ ਨੁਕਸਾਨ ਪੁੱਜ ਜਾਂਦਾ ਹੈ । ਪਤਾ ਨਹੀਂ ਉਸ ਦੀ ਕਿਹੜੀ ਚੀਜ਼ ਨੂੰ ਨੁਕਸਾਨ ਪੁੱਜਦਾ ਹੈ ਤੇ ਉਸ ਦੀ ਉਮਰ ਘਟ ਜਾਂਦੀ ਹੈ । ਉਸ ਡਰਾਈਵਰ ਦੀ ਗੱਲ ਸੁਣੀ ਨੂੰ ਮੈਨੂੰ ੯ ਮਹੀਨੇ ਜਾਂ ਸਾਲ ਦਾ ਸਮਾਂ ਹੋ ਚੁੱਕਾ ਹੋਵੇਗਾ, ਉਸ ਵੇਲੇ ਤੋਂ ਮੈਂ ਸੜਕ ਤੋਂ ਛੋਟੇ-ਛੋਟੇ ਰੋੜੇ ਵੀ ਚੁੱਕਣ ਲੱਗ ਪਿਆ ਹਾਂ ਜਿਹੜੇ ਪੌਣਾ ਇੰਚ ਜਾਂ ਇਕ ਇੰਚ ਦੇ ਹੁੰਦੇ ਹਨ ।

ਮੈਂ ਪੈਦਲ ਜਾਂ ਟਾਂਗੇ ਵਿੱਚ ਜਾ ਰਿਹਾ ਹੋਵਾਂ ਤਾਂ ਮੈਂ ਕਈ ਵਾਰ ਕਿਸੇ ਰੋੜੇ ਪਾਸੋਂ ਲੰਘ ਜਾਇਆ ਕਰਦਾ ਹਾਂ ਤੇ ਉਸ ਨੂੰ ਨਹੀਂ ਚੁੱਕਿਆ ਕਰਦਾ ਜਾਂ ਚੁਕਾਇਆ ਕਰਦਾ; ਪਰ ਜਿਉਂ-ਜਿਉਂ ਘੋੜਾ ਕਦਮ ਪੁੱਟਦਾ ਜਾਇਆ ਕਰਦਾ ਹੈ ਤਿਉਂ-ਤਿਉਂ ਮੇਰੇ ਹਿਰਦੇ ਵਿੱਚ ਉਸ ਰੋੜੇ ਨੂੰ ਨਾ ਚੁੱਕਣ ਦੇ ਪਾਪ ਦਾ ਅਹਿਸਾਸ ਪੈਦਾ ਹੁੰਦਾ ਰਿਹਾ ਕਰਦਾ ਹੈ । ਟਾਂਗੇ ’ਤੇ ਜਾਣ ਲੱਗਿਆਂ ਘੱਟੋ-ਘੱਟ ਇਕ ਸੇਵਾਦਾਰ ਰੋੜੇ ਚੁੱਕਣ ਲਈ ਮੈਂ ਆਪਣੇ ਨਾਲ ਲਿਜਾਇਆ ਕਰਦਾ ਹਾਂ । ਪੰਜ ਸੱਤ ਕਦਮਾਂ ’ਤੇ ਜਾ ਕੇ ਮੈਂ ਟਾਂਗੇ ਵਾਲੇ ਨੂੰ ਕਹਿ ਦਿੱਤਾ ਕਰਦਾ ਹਾਂ ਕਿ ਠਹਿਰ ਜਾ, ਰੋੜਾ ਮੇਰੇ ਦਿਲ ’ਤੇ ਪਿਆ ਹੈ । ਸੇਵਾਦਾਰ ਨੂੰ ਕਹਿ ਦਿੱਤਾ ਕਰਦਾ ਹਾਂ ਉਹ ਚੁੱਕ ਲਿਆਵੇ, ਕਦੇ ਖੁਰੀ ਵੀ ਹੁੰਦੀ ਹੈ, ਮੇਖਾਂ ਕਿੱਲ ਵੀ ਹੁੰਦੇ ਹਨ, ਕੇਲੇ ਦਾ ਛਿੱਲੜ ਵੀ ਹੁੰਦਾ ਹੈ, ਕੇਲੇ ਦੇ ਹਰੇ ਛਿੱਲੜ ਨੂੰ ਮੈਂ ਗਊ ਦੇ ਮੂੰਹ ਵਿੱਚ ਪਾਉਂਦਾ ਹਾਂ । ਕੱਚ ਦੇ ਟੁੱਕੜੇ ਨੂੰ ਅਸੀਂ ਚੁੱਕਦੇ ਹਾਂ । ਥੋੜ੍ਹੇ ਦਿਨ ਹੋਏ ਹਨ ਅੰਮ੍ਰਿਤਸਰ ਦੇ ਮਾਲ ਰੋਡ ਦੀ ਗੱਲ ਹੈ ਕਿ ਇਕ ਸੜਕ ਉੱਤੇ ਬਹੁਤ ਸ਼ੀਸ਼ਾ ਪਿਆ ਸੀ । ਅਸੀਂ ਦੋ ਬਹੁਕਰ ਲਿਆਂਦੇ ਤੇ ਸ਼ੀਸ਼ਾ ਬੜੀ ਦੇਰ ਲਾ ਕੇ ਇਕੱਠਾ ਕੀਤਾ । **ਪਤਾ ਲੱਗਾ ਕਿ ਕੋਈ ਸਕੂਟਰ-ਠੇਲ੍ਹਾ ਸੋਢੇ ਦੀਆਂ ਬੋਤਲਾਂ ਲੈ ਕੇ ਜਾ ਰਿਹਾ ਸੀ, ਉਸ ਦਾ ਰਸਤੇ ਵਿੱਚ ਐਕਸੀਡੈਂਟ ਹੋ ਗਿਆ, ਜਿਸ ਨਾਲ ਉਸ ਦੀਆਂ ਬਹੁਤ ਸਾਰੀਆਂ ਬੋਤਲਾਂ ਟੁੱਟ ਗਈਆਂ ਹਨ । ਟੁੱਟੀਆਂ ਬੋਤਲਾਂ ਨੂੰ ਉਹ ਸੜਕ ਉੱਤੇ ਛੱਡ ਕੇ ਚਲਾ ਗਿਆ । ਮੇਰੇ ਨਾਲ ਗੁਲਜ਼ਾਰ ਸਿੰਘ ਸੇਵਾਦਾਰ ਵੀ ਸੀ । ਉਹ ਦੋ ਜਣਿਆਂ ਨੂੰ ਸ਼ੀਸ਼ਾ ਚੁੱਕਣ ਲੱਗਿਆਂ ਡੇਢ ਘੰਟੇ ਦਾ ਸਮਾਂ ਲੱਗਾ ਤੇ ਡੇਢ ਮਣ ਤੋਂ ਜ਼ਿਆਦਾ ਸ਼ੀਸ਼ਾ ਇਕੱਠਾ ਹੋਇਆ ।** ਪੰਜ ਗਜ਼ ਚੌੜਾਈ ਤੇ ੧੦ ਗਜ਼ ਲੰਬਾਈ ਦੇ ਘੇਰੇ ਵਿੱਚ ਸੜਕ



’ਤੇ ਸ਼ੀਸ਼ਾ ਖਿਲਰਿਆ ਹੋਇਆ ਸੀ । ਉਸ ਸ਼ੀਸ਼ੇ ਨਾਲ ਪਤਾ ਨਹੀਂ ਕਿੰਨੀਆਂ ਮੋਟਰਕਾਰਾਂ, ਮੋਟਰਸਾਈਕਲਾਂ ਤੇ ਰਿਕਸ਼ਿਆਂ ਦੇ ਟਾਇਰਾਂ ਨੇ ਬਰਬਾਦ ਹੋਣਾ ਸੀ । ਅਸੀਂ ਸਾਰਾ ਸ਼ੀਸ਼ਾ ਇਕੱਠਾ ਕਰਕੇ ਪਿੰਗਲਵਾੜੇ ਲੈ ਆਂਦਾ ਸੀ ।

ਦਸੰਬਰ ਮਹੀਨੇ ਮੈਂ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਜਗਰਾਵਾਂ ਵਿੱਚ ਗਿਆ ਸਾਂ । ਮੈਂ ਸੇਵਾਦਾਰ ਨਾਲ ਰਿਕਸ਼ੇ ’ਤੇ ਬੈਠਾ ਰੇਲਵੇ ਸਟੇਸ਼ਨ ਨੂੰ ਜਾ ਰਿਹਾ ਸਾਂ, ਗੱਡੀ ਦੇ ਆਉਣ ਦਾ ਵੇਲਾ ਹੋਣ ਵਾਲਾ ਸੀ । ਰਸਤੇ ਵਿੱਚ ਇਕ ਥਾਂ ਕੂੜਾ ਪਿਆ ਸੀ, ਜਿਸ ਵਿੱਚ ਕੁਝ ਟੱਟੀ ਵੀ ਪਈ ਹੋਈ ਸੀ । ਉਸ ਕੂੜੇ ਵਿੱਚ ਇਕ ਸ਼ੀਸ਼ੇ ਦੀ ਬੋਤਲ ਪਈ ਹੋਈ ਸੀ ਤੇ ਟੱਟੀ ਨਾਲ ਲਿੱਬੜੀ ਹੋਈ ਵੀ ਸੀ । ਉਸ ਨੂੰ ਦੇਖ ਕੇ ਮੈਨੂੰ ਇਹ ਖ਼ਿਆਲ ਤਾਂ ਆਉਣਾ ਹੀ ਸੀ ਕਿ ਬੋਤਲ ਨੂੰ ਪਾਣੀ ਨਾਲ ਧੋਵਾਂ ਤਾਂ ਜੋ ਟੱਟੀ ਗੰਦੇ ਪਾਣੀ ਦੀ ਨਾਲੀ ਰਾਹੀਂ ਖੇਤਾਂ ਨੂੰ ਜਾਵੇ ਤੇ ਬੋਤਲ ਖੇਤਾਂ ਨੂੰ ਜਾ ਕੇ ਕਿਸਾਨ ਦੇ ਪੈਰਾਂ ਅਤੇ ਬੈਲਾਂ ਦੇ ਖੁਰਾਂ ਨੂੰ ਬਰਬਾਦ ਨਾ ਕਰੇ; ਪਰ ਰੇਲ ਗੱਡੀ ਚੜ੍ਹਨ ਦਾ ਖ਼ਿਆਲ ਵੀ ਚਿੰਤਾ ਭਰਿਆ ਸੀ, ਕਿਉਂਕਿ ਮੌਸਮ ਸਿਆਲ ਦਾ ਸੀ ਤੇ ਵਕਤ ਤਿੰਨ ਕੁ ਵਜੇ ਦਾ ਸੀ । ਮੈਂ ਫਿਰੋਜ਼ਪੁਰ ਨੂੰ ਜਾਣਾ ਸੀ । ਫਿਰੋਜ਼ਪੁਰ ਜਗਰਾਵਾਂ ਤੋਂ ਘੱਟ ਤੋਂ ਘੱਟ ੩੦ ਮੀਲ ਹੋਵੇਗਾ । ਜੇ ਮੈਂ ਉਹ ਗੱਡੀ ਖੁੰਝਾ ਦਿੰਦਾ ਤਾਂ ਫਿਰ ਮੈਂ ਰਾਤ ਦੇ ਵੇਲੇ ਉੱਥੇ ਪੁੱਜਣਾ ਸੀ । ਮੈਂ ਬੋਤਲ ਦੇ ਖ਼ਿਆਲ ਨੂੰ ਮਨ ਵਿੱਚ ਲੈ ਕੇ ਸਟੇਸ਼ਨ ਨੂੰ ਚਲਿਆ ਗਿਆ ਤੇ ਉਤਰ ਕੇ ਬੋਤਲ ਨਾ ਚੁੱਕੀ, ਪਰ ਬੋਤਲ ਦਾ ਖ਼ਿਆਲ ਏਨਾ ਜ਼ਬਰਦਸਤ ਸੀ ਕਿ ਸਟੇਸ਼ਨ ਤਕ ਪੁੱਜਦਿਆਂ ਉਸ ਨੇ ਮੈਨੂੰ ਬੇਚੈਨ ਕਰ ਦਿੱਤਾ । ਸਟੇਸ਼ਨ ’ਤੇ ਪੁੱਜ ਕੇ ਮੈਨੂੰ ਗੱਡੀ ਚੜ੍ਹਨ ਦਾ ਖ਼ਿਆਲ ਛੱਡਣਾ ਪਿਆ, ਇਸੇ ਤਰ੍ਹਾਂ ਮੇਰੀ ਬੇਚੈਨੀ ਦੂਰ ਹੋ ਸਕਦੀ ਸੀ । ਸੋ ਮੈਂ ਸੇਵਾਦਾਰ ਨੂੰ ਸਟੇਸ਼ਨ ’ਤੇ ਬਿਸਤਰੇ ਅਤੇ ਸਮਾਨ ਪਾਸ ਛੱਡ ਕੇ ਸ਼ਹਿਰ ਨੂੰ ਮੁੜਿਆ । ਕੂੜੇ ਤੋਂ ਜਾ ਕੇ ਬੋਤਲ ਚੁੱਕੀ । ਨਲਕੇ ’ਤੇ ਜਾ ਕੇ ਬੋਤਲ ਨਾਲੋਂ ਟੱਟੀ ਧੋਤੀ ਤੇ ਬੋਤਲ ਨੂੰ ਸ਼ਹਿਰ ਦੇ ਦਰਵਾਜ਼ੇ ਦੀ ਵਿਚਕਾਰਲੀ ਕੰਧ ਨਾਲ ਧਰ ਦਿੱਤਾ ਤਾਂ ਜੋ ਸੜਕਾਂ ਤੋਂ ਸ਼ੀਸ਼ਾ ਇਕੱਠਾ ਕਰਨ ਵਾਲਾ ਕੋਈ ਗ਼ਰੀਬ ਉਸ ਨੂੰ ਚੁੱਕ ਕੇ ਲੈ ਜਾਵੇ ਤੇ ਵੇਚ ਕੇ ਪੰਜ ਦਸ ਪੈਸੇ ਵੱਟ ਲਵੇ । ਗੱਡੀ ਤਾਂ ਖੁੰਝ ਹੀ ਜਾਣੀ ਸੀ । ਮੈਂ ਲਾਜਪਤ ਰਾਏ ਯਾਦਗਾਰੀ ਕਾਲਜ ਨੂੰ ਫਿਰ ਮੁੜ ਕੇ ਚਲਾ ਗਿਆ । ਉਸੇ ਦਿਨ ਮੈਂ ਸਵੇਰ ਵੇਲੇ ਵਿਦਿਆਰਥੀਆਂ ਨੂੰ ਵਿਖਿਆਨ ਦਿੱਤਾ ਸੀ । ਪ੍ਰਿੰਸੀਪਲ ਸਾਹਿਬ ਨੂੰ ਮੈਂ ਦੁਬਾਰਾ ਮਿਲ ਪਿਆ । ਉਨ੍ਹਾਂ ਕਿਹਾ ਭਗਤ ਜੀ ਤੁਹਾਡੇ ਵਿਖਿਆਨ ਦੀ ਵਿਲੱਖਣ ਗੱਲ ਹੋਈ ਹੈ । ਇਕ ਵਿਦਿਆਰਥੀ ਜਿਹੜਾ ਤੁਹਾਡੇ ਵਿਖਿਆਨ ਨੂੰ ਸੁਣਦਾ ਵਿੱਚੇ ਛੱਡ ਕੇ ਚਲਾ ਗਿਆ ਸੀ ਉਹ ਕੁਝ ਮੰਡਿਆਂ ਨਾਲ ਝਗੜ ਪਿਆ ਸੀ । ਉਸ ਨੇ ਝਗੜੇ ਦੇ ਸੰਬੰਧ ਵਿੱਚ ਮੇਰੇ

ਨਾਲ ਗੱਲ ਕਰਦਿਆਂ ਕਿਹਾ ਕਿ ਉਸ ਦੇ ਦਿਲ 'ਤੇ ਭਗਤ ਪੂਰਨ ਸਿੰਘ ਦੇ ਵਿਖਿਆਨ ਦਾ ਅਸਰ ਪੈ ਗਿਆ ਹੈ । ਪ੍ਰਿੰਸੀਪਲ ਨੇ ਦੱਸਿਆ ਕਿ ਉਹ ਮੁੰਡਾ ਰੌਲਾ-ਗੌਲਾ ਪਾਉਣ ਵਾਲੇ ਮੁੰਡਿਆਂ ਵਿੱਚੋਂ ਸੀ, ਸ਼ਾਇਦ ਕਮਿਊਨਿਸਟ ਹੋਵੇ । ਰਾਤ ਨੂੰ ਗੱਡੀ ਕੁਵੇਲੇ ਫਿਰੋਜ਼ਪੁਰ ਪਹੁੰਚੀ । ਉੱਥੋਂ ਸਾਨੂੰ ਟਾਂਗਾ ਕਿਰਾਏ 'ਤੇ ਨਾ ਮਿਲਿਆ । ਪਤਾ ਲੱਗਾ ਕਿ ਸ਼ਹਿਰ ਦਾ ਗੁਰਦਵਾਰਾ ਉੱਥੋਂ ਤਿੰਨ ਮੀਲ ਹੈ ਪਰ ਸਾਨੂੰ ਇਕ ਰਿਕਸ਼ਾ ਮਿਲ ਹੀ ਗਿਆ । ਅਸੀਂ ਦੋ ਜਣੇ ਸਾਂ, ਦੋ ਜਣਿਆਂ ਜੋਗਾ ਬਿਸਤਰਾ ਸਾਡੇ ਪਾਸ ਨਹੀਂ ਸੀ; ਸਖ਼ਤ ਸਰਦੀ ਦੇ ਦਿਨ ਸਨ ।

ਕਿਸੇ ਵਿਦਵਾਨ ਨੇ ਅੰਗਰੇਜ਼ੀ ਵਿੱਚ ਹੇਠ ਲਿਖੇ ਸ਼ਬਦ ਕੰਮ ਵਿੱਚ ਰੁੱਝਿਆਂ ਰਹਿਣ ਦੇ ਲਾਭ ਬਾਰੇ ਲਿਖੇ ਹਨ ਜੋ ਰੂਹਾਨੀਅਤ ਨਾਲ ਵੀ ਸੰਬੰਧ ਰੱਖਦੇ ਹਨ :-

**If you direct your whole thought for work itself, none of the things which invade eyes or ears will reach the mind. —Quintition**

ਜੇ ਤੁਸੀਂ ਆਪਣਾ ਸਾਰਾ ਵਿਚਾਰ ਕੰਮ ਵੱਲ ਲਾ ਦਿਓ ਤਾਂ ਜਿਹੜੀਆਂ ਚੀਜ਼ਾਂ ਅੱਖਾਂ ਤੇ ਕੰਨਾਂ 'ਤੇ ਹਮਲਾ ਕਰਦੀਆਂ ਹਨ ਉਹ ਉਹਨਾਂ ਵਿੱਚੋਂ ਕੋਈ ਵੀ ਮਨ ਤਕ ਨਹੀਂ ਪੁੱਜ ਸਕੇਗੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ **"ਇਹ ਜਗ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ॥" (ਅੰ:੪੬੩)**, ਅਨੁਸਾਰ ਜੋ ਕੰਮ ਮੈਂ ਉੱਤੇ ਬਿਆਨ ਕੀਤਾ ਹੈ ਉਹ ਹੋਣਾ ਚਾਹੀਦਾ ਹੈ । ਮੇਰੀ ਦਸਵੀਂ ਜਮਾਤ ਦੇ ਇਮਤਿਹਾਨ ਵਿੱਚ ਇਕ ਕਹਾਣੀ ਸਾਨੂੰ ਆਈ ਸੀ, ਜਿਸ ਦਾ ਪਤਾ ਨਹੀਂ ਅਸੀਂ ਅੰਗਰੇਜ਼ੀ ਵਿੱਚ ਤਰਜਮਾ ਕਰਨਾ ਸੀ ਜਾਂ ਫ਼ਾਰਸੀ ਵਿੱਚ ਕਿ—ਇਕ ਅਮੀਰ ਬੰਦੇ ਨੇ ਇਕ ਕਲਰਕ ਨੌਕਰ ਰੱਖਣਾ ਸੀ । ਉਸ ਨੇ ਇਸ਼ਤਿਹਾਰ ਦਿੱਤਾ ਕਿ ਮੈਂ ਇਕ ਕਲਰਕ ਨੌਕਰ ਰੱਖਣਾ ਹੈ ਜਿਹੜਾ ਦਸ ਜਮਾਤਾਂ ਪਾਸ ਹੋਵੇ । ਉਸ ਦੇ ਇਸ਼ਤਿਹਾਰਾਂ ਨੂੰ ਪੜ੍ਹ ਕੇ ਦਸ ਜਮਾਤਾਂ ਪਾਸ ਕੁਝ ਮੁੰਡੇ ਉਸ ਪਾਸ ਹਾਜ਼ਰ ਹੋਏ । ਨੌਕਰ ਰੱਖਣ ਵਾਲਾ ਕੁਰਸੀ 'ਤੇ ਬੈਠਾ ਸੀ ਤੇ ਉਸ ਦੇ ਅੱਗੇ ਮੇਜ਼ ਪਿਆ ਸੀ । ਇਤਫ਼ਾਕ ਅਜਿਹਾ ਹੋਇਆ ਕਿ ਨੌਕਰ ਰਹਿਣ ਵਾਲੇ ਸਾਰੇ ਮੁੰਡੇ ਉਸ ਦੇ ਸਾਹਮਣੇ ਖੜ੍ਹੇ ਸਨ ਤਾਂ ਹਵਾ ਦਾ ਇਕ ਬੁੱਲਾ ਆਇਆ ਤੇ ਮੇਜ਼ ਉੱਤੋਂ ਇਕ ਕਾਗ਼ਜ਼ ਹੇਠਾਂ ਡਿੱਗ ਪਿਆ । ਸਾਰੇ ਮੁੰਡਿਆਂ ਵਿੱਚੋਂ ਕੇਵਲ ਇਕ ਮੁੰਡਾ ਦਸਵੀਂ ਜਮਾਤ ਫੇਲ੍ਹ ਸੀ, ਬਾਕੀ ਦੇ ਸਾਰੇ ਦਸ ਜਮਾਤਾਂ ਪਾਸ ਸਨ । ਦਸਵੀਂ ਫੇਲ੍ਹ ਮੁੰਡੇ ਨੇ ਉਹ ਕਾਗ਼ਜ਼ ਉਸੇ ਵੇਲੇ ਚੁੱਕ ਲਿਆ । ਇਸ਼ਤਿਹਾਰ ਦੇਣ ਵਾਲੇ ਨੇ ਦਸਵੀਂ ਪੜ੍ਹਿਆਂ ਮੁੰਡਿਆਂ ਵਿੱਚੋਂ ਕੋਈ ਗੱਲ ਕਿਸੇ ਨੂੰ ਵਿੱਦਿਆ



ਬਾਰੇ ਨਾ ਪੁੱਛੀ ਅਤੇ ਕੇਵਲ ਦਸਵੀਂ ਜਮਾਤ ਫੇਲ੍ਹ ਮੁੰਡੇ ਦੀ ਕਾਗ਼ਜ਼ ਚੁੱਕਣ ਦੀ ਕਿਰਿਆ ਨੂੰ ਵੇਖ ਕੇ ਕਹਿਣ ਲੱਗਾ ਕਿ ਮੈਨੂੰ ਦਸਵੀਂ ਜਮਾਤ ਫੇਲ੍ਹ ਮੁੰਡਾ ਪਸੰਦ ਆਇਆ ਹੈ ਜਿਹੜਾ ਅੱਖਾਂ ਖੁੱਲ੍ਹੀਆਂ ਵਾਲਾ ਹੈ ਤੇ ਜਿਹੜਾ ਆਪਣੇ ਆਲੇ-ਦੁਆਲੇ ਨੂੰ ਵੇਖ ਸਕਦਾ ਹੈ ਕਿ ਕੀ ਵਿਗੜ ਰਿਹਾ ਹੈ ਤੇ ਕੀ ਸੌਰ ਰਿਹਾ ਹੈ । ਦਸਵੀਂ ਜਮਾਤ ਪਾਸ ਸਾਰੇ ਮੁੰਡੇ ਜਾਣ 'ਤੇ ਉਹਨਾਂ ਵਿੱਚੋਂ ਮੈਨੂੰ ਕੋਈ ਨਹੀਂ ਚਾਹੀਦਾ ।

ਮੈਨੂੰ ਮੇਰੇ ਮਾਂ ਬਾਪ ਇਕ ਅਖਾਣ ਸੁਣਾਇਆ ਕਰਦੇ ਸਨ ਕਿ ਜਿਹੜਾ ਆਪਣੇ ਆਪ ਤੋਂ ਕੰਮ ਕਰੇ ਉਹ ਤੇਤੀ ਸੁਲੱਖਣਾ ਤੇ ਜਿਹੜਾ ਕਿਸੇ ਦੇ ਕਹੇ ਤੇ ਕਰੇ ਉਹ ਬੱਤੀ ਸੁਲੱਖਣਾ । ਜੇ ਕੋਈ ਆਦਮੀ ਸਾਡੇ ਰਾਸ਼ਟਰਪਤੀ ਨੂੰ ਮਿਲਣ ਜਾਵੇ ਤੇ ਰਾਸ਼ਟਰਪਤੀ ਦੇ ਬੈਠਣ ਦੇ ਕਮਰੇ ਵਿੱਚ ਕੋਈ ਕੇਲੇ ਦਾ ਛਿੱਲੜ ਪਿਆ ਹੋਵੇ ਜਿਹੜਾ ਕਿਸੇ ਬੱਚੇ ਨੇ ਹੀ ਸੁੱਟ ਦਿੱਤਾ ਹੋਵੇ ਤਾਂ ਉਸ ਨੂੰ ਹਰ ਆਦਮੀ ਚੁੱਕਣ ਦੀ ਕੋਸ਼ਿਸ਼ ਕਰੇਗਾ, ਤਾਂ ਜੋ ਰਾਸ਼ਟਰਪਤੀ ਉਸ 'ਤੇ ਖ਼ੁਸ਼ ਹੋ ਜਾਵੇ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉੱਪਰ ਦਿੱਤੇ ਸ਼ਬਦ ਅਨੁਸਾਰ ਜਦ **"ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸੁ॥" (ਅੰ:੪੬੩)**, ਤਾਂ ਰੱਬ ਸਾਨੂੰ ਉਸ ਦੀ ਕੋਠੜੀ ਦੀਆਂ ਆਪਣੀਆਂ ਸੜਕਾਂ ਨੂੰ ਸਾਫ਼ ਕਰਦਿਆਂ ਵੇਖ ਕੇ ਖ਼ੁਸ਼ ਕਿਉਂ ਨਾ ਹੋਵੇਗਾ ।

ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਕਈ ਸਾਲ ਪਹਿਲਾਂ ਮੈਂ ਇਕ ਖ਼ਬਰ ਅਖ਼ਬਾਰ ਵਿੱਚ ਪੜ੍ਹੀ ਸੀ ਕਿ ਫ਼ਿਰੋਜ਼ਪੁਰ ਸ਼ਹਿਰ ਵਿੱਚ ਇਕ ਮੁੰਡੇ ਦੇ ਪੈਰ ਵਿੱਚ ਸੜਕ 'ਤੇ ਪਿਆ ਸ਼ੀਸ਼ਾ ਵੱਜਿਆ ਤੇ ਉਹ ਮੁੰਡਾ ਸ਼ੀਸ਼ੇ ਦੀ ਜ਼ਹਿਰ ਨਾਲ ਮਰ ਗਿਆ । ਉਸ ਵੇਲੇ ਤੋਂ ਹੀ ਮੈਂ ਸ਼ੀਸ਼ੇ ਨੂੰ ਸੜਕ ਤੋਂ ਚੁੱਕਣ ਦੀ ਮਹੱਤਤਾ ਨੂੰ ਆਪਣੇ ਮਨ ਵਿੱਚ ਵਸਾਇਆ ਹੋਇਆ ਹੈ । ਮੈਂ ਸੜਕ ਦੇ ਸ਼ੀਸ਼ੇ ਨੂੰ ਚੁੱਕ ਕੇ ਕਿਸੇ ਐਸੀ ਥਾਂ 'ਤੇ ਧਰ ਦਿਆ ਕਰਦਾ ਹਾਂ ਜਿੱਥੋਂ ਕੋਈ ਗ਼ਰੀਬ ਉਸ ਨੂੰ ਚੁੱਕ ਕੇ ਲੈ ਜਾਵੇ ਤੇ ਵੇਚ ਲਵੇ । ਸੜਕਾਂ 'ਤੇ ਕੁਝ ਬੰਦੇ ਅਜਿਹੇ ਹੁੰਦੇ ਹਨ ਜਿਹੜੇ ਰਸਤਿਆਂ ਵਿੱਚੋਂ ਸ਼ੀਸ਼ਾ, ਪੁਰਾਣੇ ਕੱਪੜੇ, ਜੁੱਤੀਆਂ, ਕਾਗ਼ਜ਼ ਚੁੱਕਦੇ ਰਿਹਾ ਕਰਦੇ ਹਨ । ਉਹ ਸ਼ੀਸ਼ੇ ਨੂੰ ਚੁੱਕ ਕੇ ਵੇਚਿਆ ਕਰਦੇ ਹਨ ।

ਮੈਂ ਇਕ ਬਹੁਤ ਰੱਜੇ-ਪੁੱਜੇ ਘਰ ਵਿੱਚ ਜੰਮਿਆਂ ਸਾਂ । ਮੇਰਾ ਬਾਪ ਇਕ ਸ਼ਾਹੂਕਾਰ ਸੀ । ਸੰਨ ੧੯੧੩ ਜਾਂ ੧੪ ਵਿੱਚ ਮੇਰੇ ਬਾਪ ਦੇ ਸ਼ਾਹੂਕਾਰੇ ਦਾ ਕੰਮ ਸਮਾਪਤ ਹੋ ਗਿਆ ਸੀ । ਮੇਰਾ ਬਾਪ ਸ਼ਾਹੂਕਾਰੇ ਦਾ ੫੨ ਰੁਪਏ ਸਾਲ ਦਾ ਇਨਕਮ ਟੈਕਸ ਦਿਆ ਕਰਦਾ ਸੀ ਤੇ ੨੦੦ ਰੁਪਿਆ ਜ਼ਮੀਨ ਦਾ ਮਾਮਲਾ । ਉਹਨਾਂ ਦਿਨਾਂ ਵਿੱਚ ਇਕ ਰੁਪਏ ਦੇ ਪਿੱਛੇ ਇਕ ਪੈਸਾ ਟੈਕਸ ਹੁੰਦਾ ਸੀ ਤੇ ੬੪ ਪੈਸਿਆਂ ਦਾ ਇਕ ਰੁਪਿਆ ਹੁੰਦਾ ਸੀ । ਮੇਰੇ ਬਾਪ ਦਾ

ਸ਼ਾਹੂਕਾਰੇ ਦਾ ਫੇਲ੍ਹ ਹੋਣ ਦਾ ਕਾਰਨ ਕਾਲ (ਅੰਨ-ਸੰਕਟ) ਸੀ । ਪਤਾ ਨਹੀਂ ਉਹ ਸੰਨ ੧੯੧੨ ਵਿੱਚ ਪਿਆ ਸੀ ੧੩ ਜਾਂ ੧੪ ਵਿੱਚ ਪਿਆ ਸੀ । ਜਿਨ੍ਹਾਂ ਜ਼ਿਮੀਂਦਾਰਾਂ ਨੂੰ ਸ਼ਾਹੂਕਾਰ ਨੇ ਕਰਜ਼ਾ ਦਿੱਤਾ ਹੁੰਦਾ ਹੈ ਉਹ ਫ਼ਸਲ ਦੇ ਪੱਕ ਜਾਣ ਉੱਤੇ ਸ਼ਾਹੂਕਾਰ ਨੂੰ ਅਨਾਜ ਦਿੰਦੇ ਹਨ ਤੇ ਸ਼ਾਹੂਕਾਰ ਅਨਾਜ ਨੂੰ ਮੰਡੀ ਵਿੱਚ ਵੇਚ ਕੇ ਜ਼ਿਮੀਂਦਾਰ ਨੂੰ ਸਰਕਾਰ ਦਾ ਮਾਮਲਾ ਦੇਣ ਲਈ ਪੈਸੇ ਦਿੰਦਾ ਹੈ ਤੇ ਕਰਜ਼ਾ ਵੀ ਵਸੂਲ ਕਰਦਾ ਹੈ । ਜਦ ਅਨਾਜ ਹੀ ਪੈਦਾ ਨਾ ਹੋਇਆ ਤਾਂ ਜ਼ਿਮੀਂਦਾਰਾਂ ਨੇ ਮੇਰੇ ਬਾਪ ਨੂੰ ਅਨਾਜ ਕਿੱਥੋਂ ਦੇਣਾ ਸੀ । ਉਹਨਾਂ ਦਿਨਾਂ ਵਿੱਚ ਮੇਰਾ ਬਾਪ ਲਾਇਲਪੁਰ ਜ਼ਿਲ੍ਹੇ ਨੂੰ ਗਿਆ ਸੀ । ਲਾਇਲਪੁਰ ਜ਼ਿਲ੍ਹਾ ਪਾਕਿਸਤਾਨ ਵਿੱਚ ਆ ਚੁੱਕਾ ਹੈ ਤੇ ਮੇਰੇ ਜਨਮ ਦਾ ਜ਼ਿਲ੍ਹਾ ਲੁਧਿਆਣਾ ਹੈ । ਮੇਰੇ ਜਨਮ ਪਿੰਡ ਦਾ ਨਾਮ ਰਾਜੇਵਾਲ ਹੈ ਜਿਸ ਦੇ ਨਾਲ ਦਾ ਪਿੰਡ ਰੋਹਣੋ ਹੈ । ਸਾਡੇ ਪਿੰਡ ਤੋਂ ਲਾਇਲਪੁਰ ੨੪੦ ਮੀਲ ਦੀ ਵਿੱਥ 'ਤੇ ਹੋਵੇਗਾ । ਜੋ ਰੁਪਿਆ ਮੇਰੇ ਬਾਪ ਪਾਸ ਉਸ ਕਾਲ ਦੇ ਸਮੇਂ ਜਮ੍ਹਾਂ ਸੀ ਉਸ ਨਾਲ ਉਹ ਲਾਇਲਪੁਰ ਜ਼ਿਲ੍ਹੇ ਤੋਂ ੨ ਡੱਬੇ ਰੇਲ ਦੇ ਤੂੜੀ ਭਰ ਕੇ ਲਿਆਇਆ ਤੇ ਇਕ ਡੱਬਾ ਮਕੱਈ ਦਾ ਭਰ ਕੇ ਲਿਆਇਆ । ਮੇਰੀ ਉਮਰ ਉਸ ਵੇਲੇ ੮-੯ ਸਾਲ ਦੀ ਹੋਵੇਗੀ । ਖੰਨਾ ਰੇਲਵੇ ਸਟੇਸ਼ਨ 'ਤੇ ਉਹ ਡੱਬੇ ਖੜ੍ਹੇ ਹੋਣੇ ਸਨ; ਪਰ ਸਾਡੇ ਪਿੰਡ ਤੋਂ ਉਹ ਸਟੇਸ਼ਨ ੬ ਮੀਲ ਦੇ ਫ਼ਾਸਲੇ 'ਤੇ ਹੈ । ਡੱਬਿਆਂ ਪਾਸ ਖੜ੍ਹੇ ਹੋ ਕੇ ਮੇਰੇ ਬਾਪ ਨੇ ਸਾਡੇ ਪਿੰਡ ਦੇ ਬੰਦਿਆਂ ਨੂੰ ਤੂੜੀ ਤੇ ਮਕੱਈ ਦੇਂਦਿਆਂ ਕਿਹਾ ਕਿ ਜੋ ਕੁਝ ਮੇਰੇ ਪਾਸ ਸੀ ਉਸ ਨਾਲ ਮੈਂ ਤੁਹਾਡੇ ਲਈ ਤੂੜੀ ਤੇ ਮਕੱਈ ਖ਼ਰੀਦ ਕੇ ਤੁਹਾਡੇ ਲਈ ਆਪਣਾ ਕਰਤੱਵ ਪੂਰਾ ਕਰ ਦਿੱਤਾ ਹੈ । ਜੇ ਤੁਹਾਡੇ ਪਾਸ ਕਿਸੇ ਵੇਲੇ ਪੈਸਾ ਹੋਵੇ ਤਾਂ ਦੇ ਦੇਣਾ ਨਹੀਂ ਤਾਂ ਰੱਬ ਲੇਖੇ ਗਿਆ । ਜਦ ਸਾਡੇ ਪਿੰਡ ਦੇ ਬੰਦੇ ਤੂੜੀ ਤੇ ਮਕੱਈ ਰੇਲ ਦੇ ਡੱਬਿਆਂ ਵਿੱਚੋਂ ਕੱਢ ਰਹੇ ਸਨ ਤਾਂ ਮੈਂ ਆਪਣੇ ਬਾਪ ਦੇ ਪਾਸ ਖਲੋਤਾ ਸਾਂ ਤੇ ਸਭ ਕੁਝ ਅੱਖੀਂ ਦੇਖ ਰਿਹਾ ਸਾਂ । ਮੇਰੇ ਬਾਪ ਨੇ ਸਾਡੇ ਪਿੰਡ ਦੇ ਬੰਦਿਆਂ ਨੂੰ ਆਗਿਆ ਦੇ ਦਿੱਤੀ ਸੀ ਕਿ ਜਿਸ ਬੰਦੇ ਪਾਸ ਤੂੜੀ ਮਕੱਈ ਨਹੀਂ ਉਹ ਲੈ ਜਾਵੇ । ਪਰ ਮੇਰਾ ਬਾਪ ਜ਼ਿਮੀਂਦਾਰਾਂ ਨੂੰ ਸਰਕਾਰੀ ਮਾਮਲੇ ਲਈ ਪੈਸੇ ਨਾ ਦੇ ਸਕਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਮੇਰੇ ਬਾਪ ਦਾ ਸ਼ਾਹੂਕਾਰਾ ਸਮਾਪਤ ਹੋ ਗਿਆ ।

ਜਦੋਂ ਮੈਂ ਜੰਮਿਆ ਸਾਂ ਤਾਂ ਮੇਰੇ ਘਰ ਦੇ ਦੱਸਦੇ ਸਨ ਕਿ ਉਨ੍ਹਾਂ ਦਿਨਾਂ ਵਿੱਚ ਸਾਡੇ ਪਾਸ ੫ ਮੱਝਾਂ ਸਨ । ਗਊ ਵੀ ਸ਼ਾਇਦ ਹੋਵੇ । ਸਾਡੇ ਘਰ ਰੱਥ ਵੀ ਸੀ । ਰੱਥ ਲਈ ਮੇਰਾ ਬਾਪ ਹਿਸਾਰ ਤੋਂ ਬੈਲਾਂ ਦੀ ਜੋੜੀ ਆਪ ਖ਼ਰੀਦ ਕੇ ਲਿਆਇਆ ਜੋ ਬਹੁਤ ਖ਼ੂਬਸੂਰਤ ਬੈਲ ਸਨ । ਸਾਡਾ ਡੰਗਰਾਂ ਦਾ ਤੂੜੀ ਵਾਲਾ ਕੋਠਾ ਵੱਖਰਾ ਬਣਾਇਆ ਹੋਇਆ ਸੀ ਤੇ ਡੰਗਰਾਂ ਲਈ ਵਲਗਣ ਵੱਖਰਾ ਸੀ



ਤੇ ਰਾਤ ਲਈ ਕੋਠੇ ਵੱਖਰੇ ਸਨ । ਘੋੜੀ ਵੀ ਮੇਰੇ ਬਾਪ ਨੇ ਵਛੇਰੀ ਪਾਲੀ ਸੀ । ਮਕਾਨ, ਡੰਗਰਾਂ ਕਰਕੇ ਤੇ ਰੱਥ ਕਰਕੇ ਬਹੁਤ ਖੁੱਲ੍ਹਾ ਸੀ । ਮੇਰਾ ਖ਼ਿਆਲ ਹੈ ਕਿ ਉਸ ਵਿੱਚ ਮਿਡਲ ਸਕੂਲ ਖੁੱਲ੍ਹ ਸਕਦਾ ਹੈ । ਮਕਾਨ ਦੀ ਪਿਛਲੀ ਕੰਧ ਬਹੁਤ ਚੌੜੀ ਸੀ ਜਿਸ ਵਿੱਚ ਲੋਹੇ ਦੇ ਡੰਡੇ ਚੋਰਾਂ ਤੋਂ ਬਚਾਉ ਲਈ ਦਿੱਤੇ ਗਏ ਸਨ । ਸਾਡੇ ਘਰ ਦੀ ਡਿਓੜੀ ਬਹੁਤ ਖੁੱਲ੍ਹੀ ਸੀ । ਪਾਣੀ ਦੀਆਂ ਜਿਹੜੀਆਂ ਮੱਟੀਆਂ ਛਬੀਲਾਂ 'ਤੇ ਵੇਖੀਆਂ ਜਾਂਦੀਆਂ ਹਨ ਉਹੋ ਜਿਹੀ ਇਕ ਮੱਟੀ ਵਿੱਚ ਮੇਰਾ ਬਾਪ ਖੰਡ ਦਾ ਬੂਰਾ ਪਾ ਕੇ ਘਰ ਵਿੱਚ ਰੱਖਿਆ ਕਰਦਾ ਸੀ ਤੇ ਇਕ ਮੱਟੀ ਵਿੱਚ ਖੰਡ । ਇਹ ਬੂਰਾ ਖੰਡ ਕਿਸੇ ਕਾਰਖ਼ਾਨੇ ਵਿੱਚ ਨਹੀਂ ਹੁੰਦੀ ਸੀ ਬਲਕਿ ਹੱਥ ਨਾਲ ਮਾਛੀਵਾੜੇ ਵਿੱਚ ਬਣਿਆ ਕਰਦੀ ਸੀ । ਇਕ ਮੱਟੀ ਵਿੱਚ ਸ਼ੱਕਰ ਹੁੰਦੀ ਸੀ । ਮੇਰਾ ਬਾਪ ਸ਼ੱਕਰ ਬਹੁਤ ਵਧੀਆ ਲੈ ਕੇ ਰੱਖਿਆ ਕਰਦਾ ਸੀ । ਗੁੜ ਸ਼ਾਇਦ ਇਕ ਬੋਰੀ ਵਿੱਚ ਜਾਂ ਦੋ ਬੋਰੀਆਂ ਵਿੱਚ ਰੱਖਿਆ ਕਰਦਾ ਸੀ । ਘਿਉ ਇਕ ਚਾਟੀ ਵਿੱਚ ਹੁੰਦਾ ਸੀ ਤੇ ਘਿਓ ਦੀ ਚਾਟੀ ਕਿਸੇ ਸੰਦੂਕ ਵਿੱਚ ਨਹੀਂ ਰੱਖੀ ਜਾਂਦੀ ਸੀ ਤੇ ਪਾਣੀ ਦੇ ਘੜੇ ਨਾਲ ਕੰਧ ਨਾਲ ਲੱਗੀ ਹੁੰਦੀ ਸੀ । ਸਿਆਲ ਨੂੰ ਜਦੋਂ ਮੇਰੀ ਮਾਂ ਸਾਗ ਰਿੰਨ੍ਹਦੀ ਤਾਂ ਉਹ ਮੈਨੂੰ ਕਿਹਾ ਕਰਦੀ ਕਿ ਖੁਰਚਣਾ ਲੈ ਜਾ ਤੇ ਚਾਟੀ ਵਿੱਚ ਜੰਮਿਆਂ ਘਿਓ ਖੁਰਚਨੇ ਨਾਲ ਪੁੱਟ ਕੇ ਚਾਟੀ ਵਿੱਚੋਂ ਲੈ ਆ । ਬਹੁਤ ਵਾਰੀ ਐਸਾ ਹੁੰਦਾ ਸੀ ਕਿ ਮੇਰੀ ਮਾਂ ਮੈਨੂੰ ਰੋਜ਼ ਦੁੱਧ ਦੀ ਖੀਰ ਰਿੰਨ੍ਹ ਕੇ ਖੁਆਇਆ ਕਰਦੀ ਸੀ ।

ਜਿਸ ਵਛੇਰੀ ਦਾ ਮੈਂ ਜ਼ਿਕਰ ਕੀਤਾ ਸੀ ਉਹ ਗੱਭਣ ਸੀ । ਸਾਡਾ ਰੱਥ ਵਾਲਾ ਨੌਕਰ ਐਸਾ ਜ਼ਾਲਮ ਨਿਕਲਿਆ ਸੀ ਕਿ ਉਹ ਗੱਭਣ ਘੋੜੀ ਨੂੰ ਰੋਜ਼ ਭਜਾਉਂਦਾ ਰਿਹਾ ਸੀ । ਜਿਸ ਨਾਲ ਉਹ ਤੂਅ ਕੇ ਮਰ ਗਈ ਸੀ । ਜਿਸ ਦਿਨ ਉਹ ਘੋੜੀ ਮਰੀ ਹੋਈ ਜ਼ਮੀਨ ਵਿੱਚ ਦੱਬੀ ਤਾਂ ਮੇਰੇ ਮਾਂ, ਬਾਪ ਤੇ ਮੈਂ ਅਸੀਂ ਤਿੰਨੇ ਜਣੇ ਰੋਏ ਸਾਂ । ਜਿੱਥੇ ਉਹ ਘੋੜੀ ਦੱਬੀ ਸੀ, ਉਹ ਥਾਂ ਮੈਨੂੰ ਯਾਦ ਆਉਂਦੀ ਰਹਿੰਦੀ ਹੈ ।

ਮੇਰੀ ਉਮਰ ੭੪ ਸਾਲ ਦੀ ਹੈ, ਪਤਾ ਨਹੀਂ ਵਛੇਰੀ ਦੀ ਮੌਤ ਮੇਰੀ ੬ ਸਾਲ ਦੀ ਉਮਰ ਵਿੱਚ ਹੋਈ, ਮੈਨੂੰ ਉਹ ਘਟਨਾ ਯਾਦ ਹੈ ਤੇ ਮੈਨੂੰ ਕਈ ਵਾਰੀ ਉਸਦੇ ਦੱਬਣ ਦੀ ਘਟਨਾ ਯਾਦ ਆਉਂਦੀ ਰਿਹਾ ਕਰਦੀ ਹੈ । ਸ਼ਾਇਦ ਮੇਰੇ ਬਾਪ ਨੂੰ ਲੋਕ ਇਹ ਗੱਲ ਦੱਸਦੇ ਵੀ ਰਹੇ ਸਨ ਕਿ ਨੌਕਰ ਗੱਭਣ ਘੋੜੀ ਨੂੰ ਭਜਾਉਂਦਾ ਹੈ ਤੇ ਇਹ ਇਸ ਨੂੰ ਮਾਰ ਦੇਵੇਗਾ । ਇਹ ਗੱਲ ਮੈਨੂੰ ਪੱਕੀ ਯਾਦ ਨਹੀਂ ਰਹੀ । ਉਸ ਤੋਂ ਪਹਿਲਾ ਨੌਕਰ ਜਿਸਦਾ ਨਾਂ ਗੋਹੜੂ ਸੀ ਉਹ ਬੜਾ ਨੇਕ ਸੀ । ਉਹ ਦੋਵੇਂ ਹਰਿਆਣੇ ਰੋਹਤਕ ਗੁੜਗਾਵਾਂ ਵਾਲੇ ਪਾਸੇ ਦੇ ਸਨ । ਸਾਡੇ ਪਾਸੋਂ ੫-੬ ਮੀਲ ਦੀ ਵਿੱਥ 'ਤੇ ਇਕ ਕਸਬਾ ਹੈ ਜਿਸ ਦਾ ਨਾਂ ਜਰਗ

ਹੈ । ਉੱਥੇ ਹਰ ਸਾਲ ਮੇਲਾ ਲੱਗਦਾ ਹੈ (ਸ਼ਾਇਦ ਮਾਰਚ ਦੇ ਮਹੀਨੇ ਵਿੱਚ ਜਿਹੜਾ ਪੰਜਾਬ ਦੇ ਮਸ਼ਹੂਰ ਮੇਲਿਆਂ ਵਿੱਚੋਂ ਹੈ)। ਜਰਗ ਦੇ ਰਸਤੇ ਵਿੱਚ ਰੇਤੇ ਦੇ ਟਿੱਬੇ ਆਉਂਦੇ ਸਨ। ਸਾਡੇ ਘਰ ਦੇ ਬੱਚੇ ਕੇਵਲ ਤਿੰਨ ਸਨ—ਦੋ ਮੇਰੇ ਚਾਚੇ ਦੇ ਪੁੱਤ ਸਨ ਜਿਹੜੇ ਮੁੰਡੇ ਸਨ । ਮੇਰਾ ਭਰਾ ਵੱਡੀ ਉਮਰ ਦਾ ਸੀ । ਮੇਲਾ ਦੇਖਣ ਦਾ ਚਾਅ ਛੋਟੀ ਉਮਰ ਦੇ ਮੁੰਡਿਆਂ ਨੂੰ ਹੁੰਦਾ ਹੈ । ਅਸੀਂ ਹਰ ਸਾਲ ਜਰਗ ਦਾ ਮੇਲਾ ਵੇਖਣ ਜਾਇਆ ਕਰਦੇ ਸਾਂ । ਮੇਰਾ ਵੱਡਾ ਭਰਾ ਵੱਡੀ ਉਮਰ ਦਾ ਸੀ ਤੇ ਬਾਲ ਬੱਚੇਦਾਰ ਸੀ, ਉਹ ਮੇਲਾ ਵੇਖਣ ਨਹੀਂ ਜਾਇਆ ਕਰਦਾ ਸੀ । ਮੇਰੇ ਬਾਪ ਨੇ ਗੋਹੜੂ ਨੂੰ ਕਿਹਾ ਕਿ ਰੱਥ ਜੋੜ ਲੈ । ਗੋਹੜੂ ਨੇ ਉੱਤਰ ਦਿੱਤਾ ਕਿ ਮੈਂ ਰੱਥ ਨਹੀਂ ਜੋੜਾਂਗਾ, ਮੈਂ ਦੋ ਪਹੀਆਂ ਵਾਲੀ ਠੋਕਰ ਜੋੜਾਂਗਾ। ਰੱਥ ਵਿੱਚ ਤਾਂ ੬-੭ ਬੈਠ ਸਕਦੇ ਹਨ ਤੇ ਠੋਕਰ ਵਿੱਚ ਤਿੰਨ ਚਾਰ । ਰਸਤਾ ਰੇਤੇ ਦੇ ਟਿੱਬਿਆਂ ਦਾ ਸੀ । ਗੋਹੜੂ ਨੇ ਕਿਹਾ ਕਿ ਘਰ ਦੇ ਬੱਚੇ ਤਿੰਨ ਹਨ ਇਸ ਲਈ ਰੱਥ ਦੀ ਕੋਈ ਲੋੜ ਨਹੀਂ । ਬਾਕੀ ਲਾਲਾ ਜੀ ਤੁਸੀਂ ਲੰਬੜਦਾਰਾਂ ਦੇ ਮੁੰਡਿਆਂ ਨੂੰ ਬਿਠਾਅ ਕੇ ਉਨ੍ਹਾਂ ਦੀਆਂ ਯਾਰੀਆਂ ਪਾਲਣੀਆਂ ਹਨ, ਮੈਂ ਰੱਥ ਜੋੜ ਕੇ ਆਪਣੇ ਬੈਲ ਨਹੀਂ ਮਾਰਨੇ ।

ਨੋਟ:—ਇਹ ਲੇਖ ਰੋੜੇ ਚੁੱਕਣ ਬਾਰੇ ਹੈ ਤੇ ਜੋ ਗੱਲਾਂ ਮੈਂ ਆਪਣੇ ਜਨਮ ਤੇ ਘਰ ਬਾਰੇ ਲਿਖ ਰਿਹਾ ਹਾਂ ਇਨ੍ਹਾਂ ਗੱਲਾਂ ਤੋਂ ਪਿੱਛੋਂ ਮੈਂ ਫੇਰ ਸੜਕ ਦੀ ਸਫ਼ਾਈ 'ਤੇ ਜਾ ਪੁੱਜਦਾ ਤੇ ਉਸ ਉੱਤੇ ਰਾਜਸੀ ਪੱਖ ਤੋਂ ਵੀ ਟਿੱਪਣੀ ਕਰਨੀ ਹੈ ਤੇ ਹੋਰ ਵੀ ਕਈਆਂ ਪੱਖਾਂ ਤੋਂ । ਮੈਂ ਚਾਹੁੰਦਾ ਹਾਂ ਕਿ ਮੇਰੇ ਜੀਵਨ ਦੇ ਇਤਿਹਾਸ ਬਾਰੇ ਵੱਧ ਤੋਂ ਵੱਧ ਪਤਾ ਜਨਤਾ ਨੂੰ ਲੱਗ ਜਾਵੇ । ਪਾਠਕ ਇਹ ਨਾ ਸੋਚਣ ਕਿ ਮੈਂ ਇਹ ਲੇਖ ਕਿੱਥੋਂ ਆਰੰਭ ਕੀਤਾ ਸੀ, ਕਿੱਧਰ ਨੂੰ ਇਸ ਨੂੰ ਜਾਣਾ ਚਾਹੀਦਾ ਸੀ ਤੇ ਇਹ ਕਿੱਧਰ ਚਲਾ ਗਿਆ ਹੈ । ਮੈਂ ਚਾਹੁੰਦਾ ਹਾਂ ਕਿ ਆਪਣੇ ਜੀਵਨ ਦਾ ਨਕਸ਼ਾ ਮੈਂ ਦੁਨੀਆਂ ਦੇ ਲੋਕਾਂ ਅੱਗੇ ਪੇਸ਼ ਕਰ ਦਿਆਂ ਅਤੇ ਮੌਤ ਸਾਨੂੰ ਇਹੀ ਸਿੱਖਿਆ ਦਿੰਦੀ ਹੈ । ਜਿਹੜੇ ਚੰਗੇ ਗੁਣ, ਚੰਗੀਆਂ ਸਿੱਖਿਆਵਾਂ ਸਾਨੂੰ ਮਾਂ ਬਾਪ ਤੋਂ ਮਿਲੇ, ਜਿਹੜੇ ਚੰਗੇ ਕੰਮ ਸਾਨੂੰ ਸੁੱਝੇ ਜਾ ਸਾਡੇ ਪਾਸੋਂ ਹੋਏ ਉਹ ਸਭ ਲਿਖ ਦਿੱਤੇ ਜਾਣ; ਪਤਾ ਨਹੀਂ ਕਿਹੜੀ ਮਾਂ ਜਿਸ ਦੇ ਪੇਟ ਵਿੱਚ ਬੱਚਾ ਹੋਵੇ ਤੇ ਜਿਹੜੀ ਕਿਸੇ ਬੱਚੇ ਨੂੰ ਪਾਲ ਰਹੀ ਹੋਵੇ ਉਹਨਾਂ ਸਾਰੀਆਂ ਗੱਲਾਂ ਨੂੰ ਜਾਂ ਇਕ ਗੱਲ ਨੂੰ ਚੰਗਾ ਸਮਝੇ ਤੇ ਰੱਖੇ । ਮੈਂ ਆਪਣਾ ਸਾਰਾ ਜੀਵਨ ਪ੍ਰਮਾਤਮਾ ਦੇ ਵੈਰਾਗ ਵਿੱਚ ਬਿਤਾਇਆ ਹੈ । ਇਹੋ ਕੁਝ ਮੇਰੀ ਮਾਂ ਨੇ ਮੇਰੀ ਝੋਲੀ ਵਿੱਚ ਪਾਇਆ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੇ ਧਰਮ ਗ੍ਰੰਥਾਂ ਵਿੱਚ ਜੋ ਗੱਲਾਂ ਰੱਬ ਦੇ ਬਾਰੇ ਵਿੱਚ ਲਿਖੀਆਂ ਗਈਆਂ ਹਨ ਉਨ੍ਹਾਂ ਨੂੰ ਮੈਂ ਸੱਚੀਆਂ ਸਾਬਤ ਹੋਈਆਂ ਵੇਖਿਆ ਹੈ । **ਆਪਣੇ ਭਗਤੀ ਜੀਵਨ ਦੇ ਪੈਂਡੇ ਵੱਲ ਜਦੋਂ**



**ਮੈਂ ਝਾਤੀ ਮਾਰਦਾ ਹਾਂ ਤਾਂ ਮੈਨੂੰ ਰੱਬ ਦੇ ਸ਼ੁਕਰਾਨੇ ਤੋਂ ਰੋਣਾ ਆ ਜਾਂਦਾ ਹੈ । ਮੇਰੀ ਜ਼ਿੰਦਗੀ ਦਾ ਤੱਤ ਇਹੀ ਹੈ ਕਿ ਜਿਸ ਬੱਚੇ ਦੇ ਹਿਰਦੇ ਵਿੱਚ ਉਸ ਦੇ ਜਨਮ ਦੇ ਨਾਤੇ ਤੋਂ ਉਸਦੀ ਮਾਤਾ ਨੇ ਸਰਬ-ਸ਼ਕਤੀਮਾਨ ਰੱਬ (ਪ੍ਰਮਾਤਮਾ) ਹੋਣ ਦਾ ਅਹਿਸਾਸ ਪੈਦਾ ਕਰ ਦਿੱਤਾ ਹੈ ਉਸ ਤੋਂ ਵੱਡੀ ਕੋਈ ਹੋਰ ਦਾਤ ਕਿਸੇ ਬੱਚੇ ਨੂੰ ਵੀ ਦੁਨੀਆਂ ਵਿੱਚ ਨਹੀਂ ਮਿਲ ਸਕਦੀ ।** ਭਾਰਤ ਦੇ ਅੰਗਰੇਜ਼ੀ ਦੇ ਪ੍ਰਸਿੱਧ ਸਪਤਾਹਿਕ-ਪੱਤਰ 'ਭਵਨ' ਵਿੱਚ ਪਹਿਲੇ ਸਫ਼ੇ 'ਤੇ ਪੰਜ ਸੱਤ ਸਾਲ ਹੋਏ ਲੇਖ ਨਿਕਲਿਆ ਸੀ ਕਿ ਜਿਸ ਬੰਦੇ ਨੇ ਰੱਬ ਦੇ ਨਾਂ ਦੀ ਕਾਢ-ਕੱਢੀ ਸੀ ਉਸ ਨੇ ਸੰਸਾਰ ਦਾ ਸਭ ਤੋਂ ਵੱਧ ਭਲਾ ਕੀਤਾ ਸੀ । ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਯਾਦ ਆਉਂਦਾ ਹੈ ਜਿਸ ਨੂੰ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰਨ ਕੀਤਾ ਹੋਇਆ ਹੈ:—

**'ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ**
**ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥'** (ਅੰ:੪੯੬)

ਅਰਥਾਤ—ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਮੇਰੀ ਪਾਲਣਾ ਦੇ ਸਮੇਂ ਮੇਰੇ ਮਾਤਾ ਜੀ ਮੈਨੂੰ ਇਹ ਅਸੀਸ ਦਿੱਤਾ ਕਰਦੇ ਸਨ ਕਿ ਪੁੱਤਰ ਤੈਨੂੰ ਰੱਬ ਦਾ ਨਾਮ ਕਦੇ ਨਾ ਭੁੱਲੇ ਤੇ ਤੂੰ ਰੱਬ ਦਾ ਨਾਮ ਇਕ ਪਲ ਵੀ ਨਾ ਭੁੱਲੇਂ । ਤੂੰ ਸਾਂਸ-ਸਾਂਸ ਰੱਬ ਦਾ ਨਾਂ ਯਾਦ ਕਰਦਾ ਰਹੇਂ । ਮੈਂ ਆਪਣੇ ਜੀਵਨ ਵਿੱਚ ਰੱਬ ਦੇ ਭਰੋਸੇ ਨਾਲ ਜੀਵਿਆ ਹਾਂ । ਆਪਣੇ ਜੀਵਨ ਵਿੱਚ ਮੈਂ ਜੋ ਪ੍ਰਫੁੱਲਿਤਾ ਦੇਖੀ, ਉਸ 'ਤੇ ਨਿਗਾਹ ਮਾਰ ਕੇ ਮੇਰਾ ਮਨ ਰੱਬ ਦੇ ਸ਼ੁਕਰਾਨੇ ਨਾਲ ਏਨਾ ਭਰ ਜਾਂਦਾ ਹੈ ਕਿ ਮੈਨੂੰ ਖੁਸ਼ੀਆਂ ਦੇ ਹੁਲਾਰੇ ਨਾਲ ਹੰਝੂ ਆਉਣ ਲੱਗ ਪੈਂਦੇ ਹਨ । ਜਦੋਂ ਮੈਂ ਅਖ਼ਬਾਰਾਂ ਵਿੱਚ ਨੌਜਵਾਨਾਂ ਦੀਆਂ ਆਤਮਘਾਤ ਦੀਆਂ ਖ਼ਬਰਾਂ ਪੜ੍ਹਿਆ ਕਰਦਾ ਹਾਂ ਤਾਂ ਮੈਂ ਹੈਰਾਨ ਹੋਇਆ ਕਰਦਾ ਹਾਂ ਕਿ ਉਹ ਕਿੰਨੇ ਅਭਾਗੇ ਹਨ ਕਿ ਉਹ ਰੱਬ ਵਾਲੇ ਪਾਸੇ ਨਾ ਲੱਗ ਸਕੇ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਖਮਨੀ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਦੀ ਤੁਕ ਹੈ

**'ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥**
**ਪ੍ਰਭ ਕਉ ਸਿਮਰਹਿ ਸੇ ਸਰਬ ਕੇ ਰਾਜੇ ॥'** (ਅੰ:੨੬੩)

**ਜਦੋਂ ਮੈਂ ਸੜਕ ਉੱਤੇ ਰੋੜਾ, ਸ਼ੀਸ਼ਾ, ਖੁਰੀ, ਮੇਖ, ਗੋਬਰ ਆਦਿ ਚੁੱਕਦਾ ਹਾਂ ਤਾਂ ਮੈਂ ਆਪਣੇ ਆਪ ਨੂੰ ਦੇਸ਼ ਦਾ ਰਾਜਾ ਸਮਝਿਆ ਕਰਦਾ ਹਾਂ । ਰਾਜੇ ਦਾ ਅਰਥ ਬਹੁਤ ਸਾਰੇ ਲੋਕ ਗ਼ਲਤ ਸਮਝਿਆ ਕਰਦੇ ਹਨ । ਉਹ ਸਮਝਿਆ ਕਰਦੇ ਹਨ ਕਿ ਰਾਜਾ ਹੋ ਕੇ ਬੰਦਾ ਸੁੱਖ ਦੇ ਵੱਧ ਤੋਂ ਵੱਧ ਸਾਧਨ ਪ੍ਰਾਪਤ ਕਰ ਸਕਦਾ ਹੈ । ਇਨ੍ਹਾਂ ਸਾਰਿਆਂ ਸਾਧਨਾਂ ਵਿੱਚੋਂ ਅੱਯਾਸ਼ੀ ਦੇ ਸਾਧਨ**

**ਵੀ ਸ਼ਾਮਲ ਕਰ ਲਏ ਜਾਂਦੇ ਹਨ । ਜਿਹੜਾ ਬੰਦਾ ਰਾਜਾ ਬਣਨ ਦਾ ਅਰਥ ਇਹ ਸਮਝਦਾ ਹੈ ਕਿ ਰਾਜ ਦੇ ਸਾਧਨਾਂ ਨਾਲ ਬੰਦਾ ਅੱਯਾਸ਼ੀ ਕਰ ਸਕੇ ਉਹ 'ਰਾਜ' ਦੇ ਗ਼ਲਤ ਅਰਥ ਕਰਦਾ ਹੈ ।**

ਭਾਰਤ ਦੇ ਰਾਜਿਆਂ ਵਿੱਚੋਂ ਇਕ ਰਾਜੇ ਨੇ ਬਹੁਤ ਅੱਯਾਸ਼ੀ ਕੀਤੀ ਸੀ । ਉਸ ਨੇ ਬਹੁਤ ਸਾਰੀਆਂ ਇਸਤਰੀਆਂ ਰੱਖੀਆਂ ਹੋਈਆਂ ਸਨ, ਪਤਾ ਨਹੀਂ ੫੦-੬੦ ਸਨ । ਉਸ ਦੇ ਅਹਿਲਕਾਰ ਪਹਾੜਾਂ ਵਿੱਚੋਂ ਕੁੜੀਆਂ ਮੁੱਲ ਲੈ ਕੇ ਆਉਂਦੇ ਸਨ ਤੇ ਉਸ ਦੇ ਵੱਖਰੇ ਵਲਗਣ ਵਿੱਚ ਉਨ੍ਹਾਂ ਨੂੰ ਬੰਦ ਕਰ ਦਿੰਦੇ ਸਨ । ਉਹ ਰਾਜਾ ੪੫ ਜਾਂ ੫੦ ਸਾਲ ਮਗਰੋਂ ਅਧਰੰਗ ਨਾਲ ਮਰ ਗਿਆ ਸੀ । ਉਸਨੇ ਆਪਣੀ ਮੌਤ ਤੋਂ ਪਹਿਲਾਂ ਕਿਹਾ ਸੀ ਕਿ ਜਾਂ **'ਰੱਬ ਵਾਲਾ ਪਾਸਾ ਜਾਂ ਅੱਯਾਸ਼ੀ ਵਾਲਾ ਪਾਸਾ । ਉਸਨੇ ਕਿਹਾ ਕਿ ਮੈਂ ਰੱਬ ਕੋਲੋਂ ਅੱਯਾਸ਼ੀ ਵਾਲਾ ਪਾਸਾ ਮੰਗਿਆ ਸੀ । ਮੈਂ ਰੱਜ ਕੇ ਅੱਯਾਸ਼ੀ ਕੀਤੀ ਹੈ, ਕੋਈ ਕਸਰ ਨਹੀਂ ਛੱਡੀ । ਮੈਂ ਦੁਨੀਆਂ ਦੇ ਬੰਦਿਆਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਸ ਬੰਦੇ ਦੇ ਹਿਰਦੇ ਵਿੱਚ ਅੱਯਾਸ਼ੀ ਦੀ ਇੱਛਾ ਛੁਪੀ ਹੈ ਉਹ ਮੇਰੇ ਵੱਲ ਤੱਕ ਲਵੇ । ਮੈਂ ਆਪਣੀ ਜ਼ਿੰਦਗੀ ਵਿੱਚ ਅਧਰੰਗ ਦੇ ਰੋਗ ਨਾਲ ਕਈ ਸਾਲ ਬਿਮਾਰ ਰਹਿ ਕੇ ਮਰਨਾ ਹੈ ।'** ਉਸ ਰਾਜੇ ਨੂੰ ਮੈਂ ਆਪਣੀ ਅੱਖੀ ੧੯੧੬ ਦੇ ਕਰੀਬ ਵੇਖਿਆ ਸੀ । ਉਸ ਵੇਲੇ ਉਸ ਦੀ ਉਮਰ ੨੫ ਕੁ ਸਾਲਾਂ ਦੀ ਹੋਵੇਗੀ ਤੇ ਬਹੁਤ ਮਜ਼ਬੂਤ ਖ਼ੂਬਸੂਰਤ ਜਵਾਨ ਸੀ । ਫਿਰ ਉਸ ਨੂੰ ਮੈਂ ਲਾਹੌਰ ਸ਼ਹਿਰ ਵਿੱਚ ੧੯੪੦ ਦੇ ਲਾਗੇ ਦੇਖਿਆ । ਉਸ ਦੀ ਸ਼ਕਲ ਨੂੰ ਵੇਖ ਕੇ ਲੋਕੀਂ ਹੱਸਣ ਲੱਗ ਪਏ ਸਨ । ਉਸ ਦਾ ਢਿੱਡ ਬਹੁਤ ਵਧਿਆ ਹੋਇਆ ਸੀ ਤੇ ਸਰੀਰ ਬਹੁਤ ਬੇਢੱਬਾ ਬਣਿਆ ਹੋਇਆ ਸੀ ਕਿਉਂਕਿ ਉਸ ਨੇ ਜਤ-ਸਤ ਦਾ ਜੀਵਨ ਬਤੀਤ ਨਹੀਂ ਕੀਤਾ ਸੀ । ਉਸਨੇ ਅੱਯਾਸ਼ੀ ਵਿੱਚ ਆਪਣੇ ਸਰੀਰ ਦੀ ਕੀਮਤੀ ਵਸਤੂ (ਵੀਰਯ) ਨੂੰ ਬਹੁਤ ਬਰਬਾਦ ਕੀਤਾ ਹੋਇਆ ਸੀ । ਸਰ ਸਕੰਦਰ ਹਿਆਤ ਖਾਂ ਦੀ ਧੀ ਦੀ ਸ਼ਾਦੀ 'ਤੇ ਉਹ ਲਾਹੌਰ ਸ਼ਹਿਰ ਵਿੱਚ ਆਇਆ ਸੀ । ਸਕੰਦਰ ਹਿਆਤ ਖਾਂ ਸਾਂਝੇ ਪੰਜਾਬ ਦਾ ਮੁੱਖ-ਮੰਤਰੀ ਵੀ ਰਿਹਾ ਸੀ ਤੇ ਗਵਰਨਰ ਵੀ; ਸ਼ਾਇਦ ਉਹ ਪਹਿਲਾ ਹਿੰਦੋਸਤਾਨੀ ਬੰਦਾ ਸੀ ਜਿਹੜਾ ਗਵਰਨਰ ਬਣਿਆ ਸੀ, ਨਹੀਂ ਤਾਂ ਹਮੇਸ਼ਾਂ ਅੰਗਰੇਜ਼ ਗਵਰਨਰ ਬਣਦਾ ਸੀ । ਰਾਜੇ ਦਾ ਅਰਥ ਉਹ ਬੰਦਾ ਹੁੰਦਾ ਹੈ ਜਿਹੜਾ ਦੇਸ਼ ਤੇ ਦੁਨੀਆਂ ਦੇ ਹਾਲਾਤ ਦਾ ਵੱਧ ਤੋਂ ਵੱਧ ਪਤਾ ਕਰੇ ਤੇ ਉਹਨਾਂ ਨੂੰ ਸੁਧਾਰਨ ਲਈ ਹਰ ਪ੍ਰਕਾਰ ਦਾ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰੇ । ਸੰਸਾਰ ਵਿੱਚ ਸਦਾ ਦੋ ਪ੍ਰਕਾਰ ਦੇ ਰਾਜੇ ਰਹਿੰਦੇ ਹਨ—ਇਕ ਸੱਚਾ ਪਾਤਿਸ਼ਾਹ ਤੇ ਇਕ ਦੁਨੀਆਂ ਦਾ ਪਾਤਿਸ਼ਾਹ । ਸਿੱਖ ਆਪਣੇ ਗੁਰੂਆਂ ਨੂੰ ਸੱਚਾ ਪਾਤਿਸ਼ਾਹ ਕਹਿੰਦੇ ਹਨ । ਹਰ



ਇਕ ਆਦਮੀ ਨੂੰ ਇੱਛਿਆ ਕਰਨੀ ਚਾਹੀਦੀ ਹੈ ਕਿ ਉਹ ਦੇਸ਼ ਤੇ ਦੁਨੀਆਂ ਦੇ ਵੱਧ ਤੋਂ ਵੱਧ ਹਾਲਾਤ ਦਾ ਗਿਆਨ ਪ੍ਰਾਪਤ ਕਰੇ; ਜਿੰਨਾ ਵੀ ਹਾਲਾਤ ਉਸ ਨੂੰ ਇਜਾਜ਼ਤ ਦੇਣ ਉਹ ਵੱਧ ਤੋਂ ਵੱਧ ਅਜਿਹਾ ਕਰੇ । ਅਮਰੀਕਾ ਦੇ ਇਕ ਵਿਦਵਾਨ ਦਾ ਕਥਨ ਹੈ—

**The problem of American democracy is not the problem of getting rid of kings; it is the problem of clothing of all American people with the elements of Kingship.**

ਅਰਥਾਤ ਅਮਰੀਕਾ ਦੇ ਪਰਜਾ-ਤੰਤਰ ਦੀ ਸਮੱਸਿਆ ਇਹ ਨਹੀਂ ਕਿ ਰਾਜਿਆਂ ਤੋਂ ਛੁਟਕਾਰਾ ਪਾਇਆ ਜਾਵੇ ਬਲਕਿ ਸਮੱਸਿਆ ਇਹ ਹੈ ਕਿ ਅਮਰੀਕਾ ਦੇ ਹਰ ਬੰਦੇ ਨੂੰ ਰਾਜਪੁਣੇ ਦੇ ਤੱਤਾਂ ਨਾਲ ਸਜ਼ਾ ਦਿੱਤੀ ਜਾਵੇ । ਆਪਣੇ ਜਨਮ ਤੇ ਬਚਪਨ ਦੇ ਹਾਲਾਤ ਦਾ ਕੁਝ ਚਰਚਾ ਉੱਪਰ ਕੀਤਾ ਹੈ ਕਿ ਕਿਸ ਤਰ੍ਹਾਂ ਮੈਂ ਦੁੱਧ ਘਿਓ ਵਿੱਚ ਪਲਿਆ । ਮੇਰੇ ਮਾਂ ਬਾਪ ਦੋਵੇਂ ਜੁਆਨ ਵੀ ਸਨ ਤੇ ਬਹੁਤ ਮਜ਼ਬੂਤ ਨਿੱਗਰ ਸਰੀਰਾਂ ਵਾਲੇ ਵੀ । ਮੈਂ ਸਰੀਰ ਤੇ ਬੁੱਧੀ ਦੀਆਂ ਉੱਚ-ਕੋਟੀ ਦੀਆਂ ਸ਼ਕਤੀਆਂ ਲੈ ਕੇ ਪਲਿਆ ਸਾਂ । ਮੇਰੇ ਦਿਮਾਗ਼ ਦੀ ਹਾਲਤ ਇਹ ਸੀ ਕਿ ਮੈਂ ਆਪਣੇ ਵਿਦਿਆਰਥੀ ਜੀਵਨ ਵਿੱਚ ਪੜ੍ਹਾਈ ਵੱਲ ਬਹੁਤਾ ਖ਼ਿਆਲ ਨਹੀਂ ਰੱਖਿਆ ਕਰਦਾ ਸਾਂ; ਬਹੁਤਾ ਖ਼ਿਆਲ ਮੇਰਾ ਰੱਬ ਵਾਲੇ ਪਾਸੇ ਹੁੰਦਾ ਸੀ । ਹਿਸਾਬ ਅਲਜਬਰੇ ਵੱਲ ਉੱਕਾ ਹੀ ਧਿਆਨ ਨਹੀਂ ਰੱਖਦਾ ਸਾਂ । ਅੰਗਰੇਜ਼ੀ ਮੈਨੂੰ ਚੰਗੀ ਲੱਗਦੀ ਸੀ ਪਰ ਉਸ ਵੱਲ ਵੀ ਮੈਂ ਪੂਰਾ ਧਿਆਨ ਨਹੀਂ ਦਿੰਦਾ ਸਾਂ । ਪਤਾ ਨਹੀਂ ਮੇਰਾ ਨੌਵੀਂ ਜਮਾਤ ਦਾ ਇਮਤਿਹਾਨ ਲਾਗੇ ਆ ਗਿਆ । ਅਸੀਂ ਦੋ ਮੁੰਡੇ ਇਕ ਸਕੂਲ ਦੇ ਚੁਬਾਰੇ ਵਿੱਚ ਰਹਿੰਦੇ ਸਾਂ ਜਿਹੜਾ ਬੋਰਡਿੰਗ ਹਾਊਸ ਵਿੱਚ ਬਣਿਆ ਹੋਇਆ ਸੀ । ਅੰਗਰੇਜ਼ੀ ਦੀ ਪੁਸਤਕ ਜਿਸ ਦਾ ਨਾਮ **'A book of Golden deeds'** ਅਰਥਾਤ 'ਸੁਨਹਿਰੀ ਕਾਰਨਾਮੇ ਪੁਸਤਕ' ਸੀ । ਉਹ ਪੁਸਤਕ ਸੰਸਾਰ ਦੇ ਨੇਕ ਬੰਦਿਆਂ ਦੇ ਜੀਵਨਾਂ ਦੀਆਂ ਕਹਾਣੀਆਂ ਦੀ ਪੁਸਤਕ ਸੀ । ਮੈਨੂੰ ਉਸ ਪੁਸਤਕ ਦੀਆਂ ਕਹਾਣੀਆਂ ਬਹੁਤ ਚੰਗੀਆਂ ਲੱਗਦੀਆਂ ਸਨ ਤੇ ਮੈਨੂੰ ਉਹਨਾਂ ਵਿੱਚੋਂ ਕਈ ਯਾਦ ਵੀ ਹਨ । ਇਮਤਿਹਾਨ ਦੇ ਲਾਗੇ ਮੈਨੂੰ ਮੇਰੇ ਨਾਲ ਦੇ ਮੁੰਡੇ ਨੇ ਕਿਹਾ, (ਮੇਰਾ ਨਾਂ ਉਨ੍ਹਾਂ ਦਿਨਾਂ ਵਿੱਚ ਰਾਮ ਜੀ ਦਾਸ ਹੁੰਦਾ ਸੀ) ਰਾਮ ਜੀ ਦਾਸ ! ਆਪਣੀ ਪੁਸਤਕ **Golden deeds** ਫੜ ਪੜ੍ਹੀਏ ।' ਮੈਂ ਕਿਹਾ ਕਿ ਤੂੰ ਆਪਣੀ ਪੁਸਤਕ ਫੜ ਲੈ ਮੈਨੂੰ ਰਹਿਣ ਦੇ । ਕਿਤਾਬ ਦੇ ਪਹਿਲੇ ਸਫ਼ੇ 'ਤੇ ਅੰਗਰੇਜ਼ੀ ਕਵਿਤਾ ਸੀ । ਉਸ ਵਿੱਚ ਜੰਗ ਦੇ ਤਿੰਨਾਂ ਯੋਧਿਆਂ ਦੀ ਕਹਾਣੀ ਬਿਆਨ ਕੀਤੀ ਗਈ ਸੀ ।

ਉਹਨਾਂ ਵਿੱਚ **Harotio** ਨਾਮ ਦੀ ਬਹੁਤ ਪ੍ਰਸਿੱਧੀ ਸੀ । ਪਤਾ ਨਹੀਂ ਇਹ ਯੂਨਾਨ ਦੇਸ਼ ਦੇ ਸਨ ਜਾਂ ਕਿਹੜੇ ਦੇਸ਼ ਦੇ ਸਨ । ਉਹਨਾਂ ਦੇ ਦੇਸ਼ ਉੱਤੇ ਕਿਸੇ ਦੂਜੇ ਦੇਸ਼ ਨੇ ਹਮਲਾ ਕੀਤਾ ਸੀ । ਉਸ ਜ਼ਮਾਨੇ ਵਿੱਚ ਹਵਾਈ ਜਹਾਜ਼ ਤਾਂ ਹੁੰਦੇ ਨਹੀਂ ਸਨ । ਇਸ ਲਈ ਲੜਾਈ ਹੱਥਾਂ ਤੇ ਤਲਵਾਰਾਂ ਨਾਲ ਹੋਇਆ ਕਰਦੀ ਸੀ । ਲੱਖਾਂ ਬੰਦਿਆਂ ਦੀ ਫ਼ੌਜ ਨੇ ਉਸ ਦੇਸ਼ 'ਤੇ ਹਮਲਾ ਕੀਤਾ । ਉਸ ਸ਼ਹਿਰ ਨੂੰ ਰਸਤਾ ਇਕ ਪੁਲ ਰਾਹੀਂ ਜਾਂਦਾ ਸੀ ਤੇ ਪੁਲ ਉੱਪਰੋਂ ਦੀ ਤਿੰਨ ਤੋਂ ਵੱਧ ਬੰਦੇ ਇਕ ਸਮੇਂ ਲੰਘ ਨਹੀਂ ਸਕਦੇ ਸਨ । ਹਰੇਸ਼ੋ ਆਪਣੇ ਦੋ ਹੋਰ ਫ਼ੌਜੀ ਸਾਥੀਆਂ ਨੂੰ ਨਾਲ ਲੈ ਕੇ ਪੁਲ ਦੇ ਇਕ ਸਿਰੇ ਦੀ ਸੜਕ ਉੱਤੇ ਖੜ੍ਹਾ ਹੋ ਗਿਆ । ਦੁਸ਼ਮਣ ਦੇ ਜਿੰਨੇ ਸਿਪਾਹੀ ਆਏ ਉਹਨਾਂ ਨੂੰ ਵੱਢੀ ਗਏ । ਦੁਸ਼ਮਣ ਦੀ ਫ਼ੌਜ ਉੱਚੀ ਆਵਾਜ਼ ਨਾਲ ਇਹ ਕਹਿ ਰਹੀ ਸੀ ਕਿ ਅੱਗੇ ਵਧੋ । ਜਿਹੜੇ ਅੱਗੇ ਸਨ ਉਹ ਕੂਕਦੇ ਸਨ ਪਿੱਛੇ ਹਟੋ । ਪੁਸਤਕ ਦੇ ਸ਼ਬਦ ਸਨ **The forwards cried backwards and backwards cried forwards.** ਮੇਰੇ ਸਾਥੀ ਨੇ ਕਿਤਾਬ ਖੋਲ੍ਹੀ । ਮੈਂ ਉਸ ਨੂੰ ਕਵਿਤਾ ਜ਼ਬਾਨੀ ਪੜ੍ਹ ਕੇ ਸੁਣਾ ਦਿੱਤੀ । ਪਤਾ ਨਹੀਂ ਨਸਰ ਦਾ ਹਿੱਸਾ ਵੀ ਜ਼ਬਾਨੀ ਸੁਣਾਇਆ । ਨਾਲ ਦਾ ਮੁੰਡਾ ਹੈੱਡ-ਮਾਸਟਰ ਦੇ ਰਿਸ਼ਤੇਦਾਰ ਦਾ ਸੀ ਤੇ ਉਸ ਨੇ ਹੈੱਡ-ਮਾਸਟਰ ਨੂੰ ਅਗਲੇ ਦਿਨ ਦੱਸਿਆ ਕਿ ਇਹ ਤਾਂ ਪੜ੍ਹਦਾ ਨਹੀਂ; ਪਰ ਇਸ ਨੇ ਸਬਕ ਜ਼ਬਾਨੀ ਸੁਣਾ ਦਿੱਤਾ ਹੈ । ਜੇ ਪੁਸਤਕਾਂ ਪੜ੍ਹਦਾ ਫੇਰ ਕੀ ਕਰੇ ਜਿੰਨਾ ਇਸ ਦਾ ਦਿਮਾਗ ਵਧੀਆ ਹੈ । ਮੇਰੇ ਬਚਪਨ ਵਿੱਚ ਗੰਨਾ, ਮਕੱਈ, ਕਣਕ, ਸਰ੍ਹੋਂ ਦਾ ਸਾਗ ਸਭ ਚੀਜ਼ ਐਨੀ ਮਿੱਠੀ ਸੀ ਕਿ ਉਸਦਾ ਕਥਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹਨਾਂ ਦਿਨਾਂ ਵਿੱਚ ਦੇਸੀ ਖਾਦਾਂ ਅਤੇ ਦੇਸੀ ਬੀਜ ਹੁੰਦੇ ਸਨ ।

(ਜੀਵਨ ਲਹਿਰ ਮਈ ੧੯੭੮ ਵਿੱਚੋਂ)



# ਦੇਸ਼ ਦੀ ਹਾਲਤ ਨੂੰ ਸੁਧਾਰਨ ਲਈ ਦੇਸ਼ ਦਾ ਹਰ ਬੰਦਾ ਫ਼ਿਕਰ ਕਰੇ

### -ਭਗਤ ਪੂਰਨ ਸਿੰਘ

ਰੱਬ ਤੇ ਸਰਕਾਰ, ਦੋ ਵਿਚਾਰ ਆਮ ਬੰਦੇ ਦੇ ਮਨ ਵਿੱਚ ਰਹਿੰਦੇ ਹਨ ਕਿ ਰੱਬ ਮੇਰਾ ਫ਼ਿਕਰ ਕਰੇਗਾ ਤੇ ਮੈਨੂੰ ਸਭ ਕੁਝ ਦੇਵੇਗਾ—ਤੇ ਮੇਰਾ ਐਨਾ ਚਿਤਵਨਾ ਹੀ ਕਾਫ਼ੀ ਹੈ। ਸਰਕਾਰ ਬਾਰੇ ਉਹ ਇਹ ਸੋਚਿਆ ਕਰਦਾ ਹੈ ਕਿ ਦੇਸ਼ ਵਿੱਚ ਜੇ ਕੋਈ ਨਵੀਂ ਸਮੱਸਿਆ ਪੈਦਾ ਹੋ ਰਹੀ ਹੈ ਜਾਂ ਪੈਦਾ ਹੋ ਚੁੱਕੀ ਹੋਈ ਹੈ ਸਭਨਾਂ ਸਮੱਸਿਆਵਾਂ ਨੂੰ ਸਰਕਾਰ ਹੱਲ ਕਰ ਸਕਦੀ ਹੈ; ਜਿਵੇਂ ਕਿਤੇ ਸਰਕਾਰ ਪਾਸ ਕੋਈ ਜੰਤਰ-ਮੰਤਰ ਹੋਵੇ। ਉਸ ਨੂੰ ਇਹਨਾਂ ਸਮੱਸਿਆਵਾਂ ਸੰਬੰਧੀ ਨਾ ਕੋਈ ਗਿਆਨ ਪ੍ਰਾਪਤ ਕਰਨ ਦੀ ਲੋੜ ਹੈ ਤੇ ਨਾ ਕੋਈ ਉੱਦਮ ਕਰਨ ਦੀ, ਤਾਂ ਜੋ ਉਹ ਸਮੱਸਿਆਵਾਂ ਹੱਲ ਹੋ ਜਾਣ। ਰੱਬ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਹੈ ਜਿਹੜੇ ਆਪਣੀ ਸਹਾਇਤਾ ਆਪ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ੫੩ ਸਾਲ ਦੀ ਉਮਰ ਵਿੱਚ ਖੇਤੀ ਦਾ ਕਿੱਤਾ ਓਦੋਂ ਆਰੰਭ ਕੀਤਾ ਸੀ ਜਦੋਂ ਉਹ ਜਗਤ ਗੁਰੂ ਦੀ ਪਦਵੀ ਪ੍ਰਾਪਤ ਕਰ ਚੁੱਕੇ ਸਨ । ਉਨ੍ਹਾਂ ਨੇ ਰੱਬ ਨੂੰ ਇਹ ਅਰਦਾਸ ਨਹੀਂ ਕੀਤੀ ਸੀ ਕਿ ਖੇਤ ਵਿੱਚ ਪੈਦਾ ਹੋਣ ਵਾਲੇ ਪਦਾਰਥ ਅੰਨ-ਕਪਾਹ ਆਦਿ ਵਸਤਾਂ ਆਸਮਾਨ ਤੋਂ ਆਪਣੇ ਆਪ ਡਿੱਗ ਪੈਣ । ਉਨ੍ਹਾਂ ਨੇ ਖੇਤੀ ਦੀਆਂ ਕਠਿਨ ਘਾਲਾਂ ਦੁਆਰਾ ਅਨਾਜ ਪੈਦਾ ਕੀਤਾ ਸੀ ।

ਦੇਸ਼ ਦੀ ਸੁਤੰਤਰਤਾ ਦੇ ਅੰਦੋਲਨ ਸਮੇਂ ਇਕ ਬੜੀ ਗ਼ਲਤ ਗੱਲ ਭਾਰਤ-ਵਾਸੀਆਂ ਨੂੰ ਦੱਸੀ ਜਾਂਦੀ ਰਹੀ ਕਿ ਦੇਸ਼ ਉੱਤੇ ਜੋ ਵੀ ਸੰਕਟ ਹੈ ਉਹ ਬਦੇਸ਼ੀ ਸਰਕਾਰ ਦੇ ਹੋਣ ਕਰਕੇ ਹੈ ਤੇ ਜਦੋਂ ਉਹ ਸਰਕਾਰ ਚਲੀ ਗਈ ਤਾਂ ਉਦੋਂ ਸਭ ਕੁਝ ਠੀਕ ਹੋ ਜਾਵੇਗਾ। ਕੇਵਲ ਮਹਾਤਮਾ ਗਾਂਧੀ ਨੂੰ ਹੀ ਇਹ ਖ਼ਿਆਲ ਆਇਆ ਸੀ ਕਿ ਦੇਸ਼ ਦੇ ਹਾਲਾਤ ਨੂੰ ਠੀਕ ਕਰਨ ਲਈ ਦੇਸ਼ ਵਾਸੀਆਂ ਨੂੰ ਅਨੇਕਾਂ ਪੱਖਾਂ ਤੋਂ ਆਪ ਉੱਦਮ ਕਰਨ ਦੀ ਲੋੜ ਹੁੰਦੀ ਹੈ । ਇਸੇ ਮਨੋਰਥ ਨੂੰ ਸਨਮੁੱਖ ਰੱਖ ਕੇ ਉਹਨਾਂ ਨੇ ਰਚਨਾਤਮਿਕ ਪ੍ਰੋਗਰਾਮ ਚਲਾਇਆ ਸੀ, ਜਿਸ ਵਿੱਚ ਖੱਦਰ ਦਾ ਪ੍ਰਚਾਰ ਵੀ ਸ਼ਾਮਲ ਸੀ, ਛੂਤ-ਉਧਾਰ ਸੀ, ਹਿੰਦੂ ਮੁਸਲਿਮ ਏਕਤਾ (ਭਰੋਸੇ ਦੀ ਲੜੀ ਵਿੱਚ ਪਰੋਣਾ) ਸੀ ਤੇ ਚੌਥੀ ਮਦ ਸ਼ਾਇਦ ਗਊ-ਸੇਵਾ ਸੀ। ਕਿਸੇ ਵਿਦਵਾਨ ਨੇ ਉਸ ਸਮੇਂ ਇਹ ਗੱਲ ਕਹੀ ਸੀ ਕਿ ਸਾਡੇ ਰਾਜਸੀ ਆਗੂਆਂ ਦੇ ਵਿਖਿਆਨਾਂ ਵਿੱਚ ਦੇਸ਼ ਦੇ ਹਰ ਸੰਕਟ ਲਈ

ਜਿਹੜਾ ਬਦੇਸ਼ੀ ਸਰਕਾਰ ਦੇ ਜਾਂਦਿਆਂ ਹੀ ਭਾਰਤ ਵਿੱਚ ਹਰ ਕਿਸਮ ਦੇ ਪਦਾਰਥਾਂ ਦੀਆਂ ਲਹਿਰਾਂ-ਬਹਿਰਾਂ ਹੋ ਜਾਣਗੀਆਂ ਇਸ ਦਾ ਬੁਰਾ-ਪ੍ਰਭਾਵ ਬਦੇਸ਼ੀ ਸਰਕਾਰ ਦੇ ਜਾਣ ਪਿੱਛੋਂ ਦੇਸ਼ ਦੀ ਸੁਤੰਤਰਤਾ ਦੇ ਸਮੇਂ ਦੇਸ਼-ਵਾਸੀਆਂ ਉੱਤੇ ਪਵੇਗਾ । ਭਾਰਤ ਦੀ ਸਰਕਾਰ ਪਰਜਾ-ਤੰਤਰੀ ਹੈ; ਇਸ ਰਾਜਸੀ ਢਾਂਚੇ ਵਿੱਚ ਦੇਸ਼ ਦੇ ਹਰ ਬੰਦੇ ਦਾ ਕਰਤੱਵ ਹੁੰਦਾ ਹੈ ਕਿ ਉਹ ਦੇਸ਼-ਵਾਸੀਆਂ ਦੀਆਂ ਸਮੱਸਿਆਵਾਂ ਦੀ ਖੋਜ ਕਰੇ ਤੇ ਇਹ ਵੀ ਪਤਾ ਕਰੇ ਕਿ ਉਹ ਸਮੱਸਿਆਵਾਂ ਕਿਸ ਤਰ੍ਹਾਂ ਹੱਲ ਹੋ ਸਕਦੀਆਂ ਹਨ ਤੇ ਉਨ੍ਹਾਂ ਨੂੰ ਹੱਲ ਕਰਨ ਲਈ ਉਸ ਨੂੰ ਕੀ ਕੁਝ ਕਰਨ ਦੀ ਲੋੜ ਹੈ ਤੇ ਕੀ ਕੁਝ ਨਾ ਕਰਨ ਦੀ । ਪਰਜਾ-ਤੰਤਰੀ ਦੇਸ਼ ਵਿੱਚ ਦੇਸ਼ ਦੇ ਵਿਦਵਾਨ ਬੰਦਿਆਂ ਦਾ ਇਹ ਕਰਤੱਵ ਹੁੰਦਾ ਹੈ ਕਿ ਉਹ ਵਜ਼ੀਰਾਂ ਨੂੰ ਜਾ ਕੇ ਦੱਸਣ ਕਿ ਇਹ ਕੰਮ ਕਰੋ ਤੇ ਇਹ ਕੰਮ ਨਾ ਕਰੋ। ਹਰ ਇਕ ਵਜ਼ੀਰ ਐਨਾ ਸਿਆਣਾ ਨਹੀਂ ਹੁੰਦਾ ਜਿਹੜਾ ਦੇਸ਼ ਦੀ ਹਰ ਸਮੱਸਿਆ ਨੂੰ ਸਮਝੇ। ਅਨੇਕਾਂ ਸਮੱਸਿਆਵਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਵੱਲ ਨਾ ਦੇਸ਼ ਵਾਸੀਆਂ ਦਾ ਧਿਆਨ ਹੁੰਦਾ ਹੈ ਨਾ ਸਰਕਾਰ ਦਾ। ਅਜਿਹੀਆਂ ਸਮੱਸਿਆਵਾਂ ਵੱਲ ਧਿਆਨ ਕਿਸੇ ਆਤਮਾ ਦੀ ਜਾਗਰਿਤੀ ਵਾਲੇ ਜਗਿਆਸੂ ਬੰਦੇ ਦਾ ਹੀ ਹੁੰਦਾ ਹੈ, ਜਿਸ ਨੇ ਆਪਣਾ ਸਾਰਾ ਜੀਵਨ ਸਾਰੇ ਸੰਸਾਰ ਨੂੰ ਆਪਣਾ ਟੱਬਰ ਸਮਝ ਕੇ ਗੁਜ਼ਾਰਿਆ ਹੋਵੇ ਤੇ ਸਾਰੀ ਉਮਰ ਦੇਸ਼ ਤੇ ਦੁਨੀਆਂ ਦੇ ਹਾਲਾਤ ਨੂੰ ਬੜੀ ਗਹਿਰਾਈ ਨਾਲ ਜਾਣਨ ਦਾ ਯਤਨ-ਕੀਤਾ ਹੋਵੇ। ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ ਜਾਂ ਹੋਰ ਵਿਦਵਾਨਾਂ ਦਾ ਕੰਮ ਹੁੰਦਾ ਹੈ ਕਿ ਉਹ ਸਰਕਾਰ ਨੂੰ ਦੱਸਣ ਕਿ ਦੇਸ਼ ਦੀ ਕਿਹੜੀ ਕਿਹੜੀ ਸਮੱਸਿਆ ਚਿੰਤਾਜਨਕ ਹੈ ਤੇ ਉਸ ਨੂੰ ਕਿਸ ਤਰ੍ਹਾਂ ਹੱਲ ਕੀਤਾ ਜਾ ਸਕਦਾ ਹੈ।

ਪਰਜਾ-ਤੰਤਰੀ ਦੇਸ਼ ਦੇ ਬੰਦਿਆਂ ਨੇ ਆਪਣੇ ਦੇਸ਼ ਲਈ ਕਿਸ ਤਰ੍ਹਾਂ ਫ਼ਿਕਰ ਕਰਨਾ ਹੁੰਦਾ ਹੈ ਇਸ ਦੀ ਮੈਂ ਇਕ ਮਿਸਾਲ ਹੇਠ ਲਿਖੀ ਦਿੰਦਾ ਹਾਂ:-

ਮੈਂ ਆਪਣੀ ਸਾਰੀ ਉਮਰ ਵਿੱਚ ਰੁਜ਼ਗਾਰ ਦਾ ਕੋਈ ਕੰਮ ਨਹੀਂ ਕੀਤਾ । ਸਾਰੀ ਉਮਰ ਇਕ ਸਮਾਜ ਸੇਵਕ ਦੇ ਤੌਰ 'ਤੇ ਦੇਸ਼ ਤੇ ਪ੍ਰਾਣੀ-ਮਾਤਰ ਦੇ ਭਲੇ ਦਾ ਗਿਆਨ ਪ੍ਰਾਪਤ ਕਰਨ ਲਈ ਪੁਸਤਕਾਂ ਤੇ ਅਖ਼ਬਾਰਾਂ ਨੂੰ ਪੜ੍ਹਦਾ ਰਿਹਾ ਹਾਂ ਅਤੇ ਵਿਦਵਾਨਾਂ ਦੀ ਸੰਗਤ ਕਰਦਾ ਰਿਹਾ ਹਾਂ । ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਲਾਹੌਰ ਸੀ। ਇਕ ਸਿੱਖ ਗੁਰਦਵਾਰੇ, ਗੁਰਦਵਾਰਾ ਡੇਹਰਾ ਸਾਹਿਬ ਦੇ ਆਸਰੇ ਲਾਹੌਰ ਸ਼ਹਿਰ ਵਿੱਚ ਮੈਂ ਇਕ ਸਮਾਜ ਸੇਵਕ ਦਾ ਜੀਵਨ ਬਿਤਾਇਆ ਸੀ। ਮੈਂ ਦੇਸ਼ ਦੀ ਸੁਤੰਤਰਤਾ ਲਈ ਦਿਲੋਂ ਚਿੰਤਾਤੁਰ ਰਿਹਾ ਤੇ ਰਾਜਧਾਨੀ ਦਾ ਸ਼ਹਿਰ ਹੋਣ ਕਾਰਨ ਵੱਡੇ-ਵੱਡੇ ਰਾਜਸੀ ਆਗੂਆਂ ਦੇ ਵਿਖਿਆਨ ਉਸ ਸ਼ਹਿਰ ਵਿੱਚ ਸੁਣਦਾ



ਰਿਹਾ। ਉਹ ਦੱਸਿਆ ਕਰਦੇ ਸਨ ਕਿ ਦੇਸ਼ ਦੀ ਸੁਤੰਤਰਤਾ ਦੀ ਪ੍ਰਾਪਤੀ ਲਈ ਕੀ ਉਪਰਾਲੇ ਕੀਤੇ ਜਾਣ ਤੇ ਦੇਸ਼ ਦੀ ਉੱਨਤੀ ਲਈ ਕੀ ਕੁਝ ਸੋਚਣਾ ਚਾਹੀਦਾ ਹੈ ਤੇ ਕੀ ਕੁਝ ਕਰਨਾ ਚਾਹੀਦਾ ਹੈ। ਇਕ ਵਾਰੀ ਕਿਸੇ ਵਿਦਵਾਨ ਰਾਜਸੀ ਆਗੂ ਨੇ ਆਪਣੇ ਇਕ ਵਿਖਿਆਨ ਵਿੱਚ ਹੇਠ ਲਿਖੀ ਕਹਾਣੀ ਸੁਣਾਈ ਸੀ :-

ਚਾਰ ਦੇਸ਼ਾਂ ਦੇ ਚਾਰ ਵਿਦਵਾਨ ਹਰ ਸਾਲ ਇਕੱਠੇ ਹੋਇਆ ਕਰਦੇ ਸਨ ਤੇ ਇਕੱਠੇ ਹੋ ਕੇ ਆਉਣ ਵਾਲੇ ਸਾਲ ਲਈ ਉਹ ਕੋਈ ਵਿਸ਼ਾ ਚੁਣ ਲਿਆ ਕਰਦੇ ਸਨ, ਜਿਸ ਉੱਤੇ ਉਨ੍ਹਾਂ ਨੇ ਆਪਣੇ ਵਿਚਾਰ ਲਿਖ ਕੇ ਲਿਆਉਣੇ ਹੁੰਦੇ ਸਨ । ਚਾਰ ਦੇਸ਼ਾਂ ਵਿੱਚ ਮੈਨੂੰ ਤਿੰਨ ਦੇਸ਼ਾਂ ਦੇ ਨਾਮ ਯਾਦ ਰਹਿ ਗਏ ਹਨ—ਇੰਗਲੈਂਡ, ਫ਼ਰਾਂਸ ਤੇ ਪੋਲੈਂਡ; ਚੌਥੇ ਦੇਸ਼ ਦਾ ਨਾਮ ਮੈਨੂੰ ਭੁੱਲ ਗਿਆ ਹੈ। ਇਕ ਸਾਲ ਲਈ ਉਨ੍ਹਾਂ ਨੇ ਹਾਥੀ ਦਾ ਵਿਸ਼ਾ ਚੁਣਿਆ। ਜਦੋਂ ਉਹ ਸਾਲ ਮਗਰੋਂ ਇਕੱਠੇ ਹੋਏ ਤਾਂ ਫ਼ਰਾਂਸ ਦੇ ਬੰਦੇ ਨੇ ਹਾਥੀ ਦੀਆਂ ਨਾੜੀਆਂ ਤੇ ਹੱਡੀਆਂ ਬਾਰੇ ਲੇਖ ਲਿਖਿਆ, ਕਿਉਂਕਿ ਫ਼ਰਾਂਸ ਦੇਸ਼ ਵਿੱਚ ਡਾਕਟਰੀ ਪ੍ਰਧਾਨ ਹੈ। ਇੰਗਲੈਂਡ ਦੇਸ਼ ਵਾਪਾਰ ਦੇ ਆਸਰੇ ਗੁਜ਼ਾਰਾ ਕਰਦਾ ਹੈ। ਉਸ ਦੇਸ਼ ਦੇ ਬੰਦੇ ਨੇ ਲਿਖਿਆ ਕਿ ਵਾਪਾਰ ਵਿੱਚ ਹਾਥੀ ਸਾਡੇ ਦੇਸ਼ ਦੀ ਕੀ ਸਹਾਇਤਾ ਕਰ ਸਕਦਾ ਹੈ। ਉਸ ਸਮੇਂ ਪੋਲੈਂਡ ਦੇਸ਼ ਕਿਸੇ ਹੋਰ ਦੇਸ਼ ਦਾ ਗ਼ੁਲਾਮ ਸੀ। ਉਸ ਦੇਸ਼ ਦੇ ਬੰਦੇ ਨੇ ਲਿਖਿਆ ਕਿ ਸਾਡੇ ਦੇਸ਼ ਦੀ ਸੁਤੰਤਰਤਾ ਦੀ ਪ੍ਰਾਪਤੀ ਲਈ ਹਾਥੀ ਸਾਨੂੰ ਕੀ ਸਹਾਇਤਾ ਦੇ ਸਕਦਾ ਹੈ। ਇਹ ਵਿਖਿਆਨ ਸ਼ਾਇਦ ਰਾਜ-ਰਿਸ਼ੀ ਬਾਬੂ ਪਰਸ਼ੋਤਮ ਦਾਸ ਟੰਡਨ ਨੇ ਦਿੱਤਾ ਸੀ। ਉਹਨਾਂ ਸਾਨੂੰ ਦੱਸਿਆ ਕਿ ਪੋਲੈਂਡ ਦੇਸ਼ ਦੇ ਵਿਦਵਾਨ ਦੀ ਮਿਸਾਲ ਹਰ ਭਾਰਤ-ਵਾਸੀ ਨੂੰ ਆਪਣੇ ਅੱਗੇ ਰੱਖਣੀ ਚਾਹੀਦੀ ਹੈ ਕਿ ਜੇ ਉਹ ਬਾਜ਼ਾਰ ਵਿੱਚੋਂ ਸੂਈ ਵੀ ਖ਼ਰੀਦਣ ਲੱਗੇ ਤਾਂ ਉਹ ਸੋਚੇ ਕਿ ਉਸ ਸੂਈ ਦੇ ਖ਼ਰੀਦਣ ਨਾਲ ਮੇਰੇ ਦੇਸ਼ ਨੂੰ ਕੀ ਲਾਭ ਹੋ ਸਕਦਾ ਹੈ ਤੇ ਕੀ ਨੁਕਸਾਨ । ਕੋਈ ਚੀਜ਼ ਖ਼ਰੀਦਣ ਲੱਗਿਆਂ ਬੰਦੇ ਨੂੰ ਦੋ ਗੱਲਾਂ ਸੋਚਣ ਦੀ ਲੋੜ ਹੁੰਦੀ ਹੈ ਕਿ ਉਹ ਚੀਜ਼ ਉਸ ਦੇ ਦੇਸ਼ ਵਿੱਚ ਬਣਦੀ ਹੈ ਜਾਂ ਨਹੀਂ । ਜੇ ਉਹ ਚੀਜ਼ ਉਸਦੇ ਦੇਸ਼ ਵਿੱਚ ਬਣਦੀ ਹੋਵੇ ਤਾਂ ਉਹ ਆਪਣੇ ਦੇਸ਼ ਦੀ ਚੀਜ਼ ਖ਼ਰੀਦੇ । ਇਹ ਵੀ ਦੇਖੇ ਕਿ ਉਸ ਚੀਜ਼ ਦੀ ਉਸ ਨੂੰ ਲੋੜ ਵੀ ਹੈ ਕਿ ਨਹੀਂ, ਕਿਉਂਕਿ ਜਿਹੜੀ ਵਸਤ ਦੇਸ਼ ਵਿੱਚ ਥੋੜ੍ਹੀ ਹੋਵੇ ਉਹ ਵਸਤ ਘੱਟ ਤੋਂ ਘੱਟ ਖ਼ਰੀਦਣੀ ਚਾਹੀਦੀ ਹੈ। ਜੇ ਕੋਈ ਚੀਜ਼ ਹੋਰਨਾਂ ਦੇਸ਼ਾਂ ਤੋਂ ਆਉਂਦੀ ਹੋਵੇ ਤੇ ਉਸ ਚੀਜ਼ ਦਾ ਮੁੱਲ ਉਸ ਦੇ ਦੇਸ਼ ਦਾ ਕਚੂਮਰ ਕੱਢ ਰਹੀ ਹੋਵੇ ਤਾਂ ਉਹ ਚੀਜ਼ ਨਹੀਂ ਖ਼ਰੀਦੀ ਜਾਣੀ ਚਾਹੀਦੀ—ਤੇ ਜੇ ਖ਼ਰੀਦੀ ਹੀ ਜਾਵੇ ਤਾਂ ਉਸ ਦੀ ਵਰਤੋਂ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ।

ਅੰਗਰੇਜ਼ ਕੌਮ ਆਪਣੇ ਦੇਸ਼ ਲਈ ਸੋਚਣ ਲਈ ਬੜੀ ਖ਼ਬਰਦਾਰ

ਹੈ । ਹਰ ਅੰਗਰੇਜ਼ ਆਪਣੇ ਦੇਸ਼ ਲਈ ਬੜੀ ਚਿੰਤਾ ਨਾਲ ਸੋਚਦਾ ਹੈ ਤੇ ਦ੍ਰਿੜ੍ਹਤਾ ਨਾਲ ਆਪਣੇ ਕਰਤੱਵ ਨੂੰ ਪੂਰਾ ਕਰਦਾ ਹੈ। ੧੫ ਕੁ ਸਾਲ ਹੋਏ ਹਨ ਜਦ ਸਾਡੇ ਦੇਸ਼ ਦੀ ਕਿਸੇ ਦੂਜੇ ਦੇਸ਼ ਨਾਲ ਜੰਗ ਹੋ ਰਹੀ ਸੀ, ਤਾਂ ਉਸ ਸਮੇਂ ਟ੍ਰਿਬਿਊਨ ਵਰਗੇ ਅੰਗਰੇਜ਼ੀ ਅਖ਼ਬਾਰਾਂ ਵਿੱਚ ਇਹ ਲੇਖ ਨਿਕਲੇ ਸਨ ਕਿ ਜੰਗ ਦੇ ਸਮੇਂ ਹਰ ਅੰਗਰੇਜ਼, ਖ਼ੁਰਾਕ ਤੇ ਜੀਵਨ ਨਿਰਬਾਹ ਦੀਆਂ ਹੋਰ ਵਸਤਾਂ ਦੀ ਵਰਤੋਂ ਵਿੱਚ ਕੀ ਕੀ ਸਾਵਧਾਨੀ ਵਰਤਦਾ ਹੈ ਤੇ ਕਿਸ ਮਰਯਾਦਾ ਨਾਲ ਚਲਦਾ ਹੈ। ਇਕ ਲੇਖ ਵਿੱਚ ਦੱਸਿਆ ਗਿਆ ਸੀ ਕਿ ਜਿਹੜਾ ਰਾਸ਼ਨ (ਖੰਡ, ਅੰਡੇ ਵਰਗੀਆਂ ਵਸਤਾਂ ਆਦਿ) ਅੰਗਰੇਜ਼ਾਂ ਨੂੰ ਜੰਗ ਦੇ ਸਮੇਂ ਇਕ ਹਫ਼ਤੇ (ਸੱਤਾਂ ਦਿਨਾਂ) ਲਈ ਮਿਲਦਾ ਸੀ ਹਰ ਅੰਗਰੇਜ਼ ਆਪਣਾ ਇਹ ਧਰਮ ਸਮਝਦਾ ਸੀ ਕਿ ਉਹ ਸੱਤ ਦਿਨ ਓਨੇ ਰਾਸ਼ਨ ਨਾਲ ਗੁਜ਼ਾਰਾ ਕਰੇ ਅਤੇ ਚੋਰ-ਬਾਜ਼ਾਰੀ ਦੁਆਰਾ ਨਾ ਕੋਈ ਵੱਧ ਚੀਜ਼ ਬਾਜ਼ਾਰ ਵਿੱਚੋਂ ਆਪਣੇ ਲਈ ਖ਼ਰੀਦੇ ਤੇ ਨਾ ਵਰਤੇ। ਉਸ ਜੰਗ ਦੇ ਦਿਨਾਂ ਵਿੱਚ ਸਾਡੇ ਦੇਸ਼ ਦਾ ਕੋਈ ਵੱਡਾ ਆਦਮੀ ਇੰਗਲੈਂਡ ਗਿਆ ਤੇ ਉੱਥੇ ਉਸ ਦੇਸ਼ ਦੇ ਇਕ ਵਜ਼ੀਰ ਜਾਂ ਬਹੁਤ ਵੱਡੇ ਸਰਕਾਰੀ ਅਫ਼ਸਰ ਨੂੰ ਮਿਲਿਆ। ਉਸ ਅੰਗਰੇਜ਼ ਵਜ਼ੀਰ ਜਾਂ ਅਫ਼ਸਰ ਨੇ ਟਾਕੀਆਂ ਵਾਲੇ ਪੁਰਾਣੇ ਕੱਪੜੇ ਪਹਿਨੇ ਹੋਏ ਸਨ । ਸਾਡੇ ਬੰਦੇ ਨੇ ਉਸ ਅੰਗਰੇਜ਼ ਨੂੰ ਪੁੱਛਿਆ ਕਿ ਤੂੰ ਆਪਣੇ ਕੱਪੜਿਆਂ ਨੂੰ ਟਾਕੀਆਂ ਕਿਉਂ ਲਾਈਆਂ ਹੋਈਆਂ ਹਨ। ਉਸ ਨੇ ਕਿਹਾ ਕਿ ਸਾਨੂੰ ਜਿੰਨਾ ਰਾਸ਼ਨ ਦਾ ਕੱਪੜਾ ਮਿਲਦਾ ਹੈ ਓਨਾ ਹੀ ਅਸੀਂ ਵਰਤਣਾ ਹੁੰਦਾ ਹੈ; ਉਸ ਤੋਂ ਵੱਧ ਵਰਤਣ ਦਾ ਖ਼ਿਆਲ ਤਕ ਵੀ ਅਸੀਂ ਆਪਣੇ ਮਨ ਵਿੱਚ ਨਹੀਂ ਲਿਆਇਆ ਕਰਦੇ। ਉਸ ਨੇ ਕਿਹਾ ਕਿ ਮੇਰੇ ਬੱਚਿਆਂ ਦਾ ਕੱਦ ਵਧ ਰਿਹਾ ਹੈ ਤਾਂ ਮੈਨੂੰ ਆਪਣੇ ਹਿੱਸੇ ਦੇ ਕੱਪੜੇ ਵਿੱਚੋਂ ਉਨ੍ਹਾਂ ਨੂੰ ਕੱਪੜਾ ਦੇਣਾ ਪੈਂਦਾ ਹੈ ਜਿਸ ਕਾਰਨ ਮੈਨੂੰ ਆਪਣੇ ਪੁਰਾਣੇ ਕੱਪੜੇ ਟਾਕੀਆਂ ਲਾ ਕੇ ਪਹਿਨਣੇ ਪੈਂਦੇ ਹਨ।

ਅੰਮ੍ਰਿਤਸਰ ਦੇ ਇਕ ਬੈਰਿਸਟਰ ਬਾਰੇ ਕਹਾਣੀ ਸੁਣਨ ਵਿੱਚ ਆਈ ਸੀ ਕਿ ਇੰਗਲੈਂਡ ਦੇਸ਼ ਵਿੱਚ ਬੈਰਿਸਟਰੀ ਦੀ ਪੜ੍ਹਾਈ ਕਰਨ ਦੇ ਸਮੇਂ ਵਿੱਚ ਉਹ ਜਿਸ ਅੰਗਰੇਜ਼ ਪਰਿਵਾਰ ਵਿੱਚ ਖ਼ਰਚਾ ਦੇ ਕੇ ਦਿਨ-ਕੱਟੀ ਕਰਦਾ ਸੀ ਉਸ ਘਰ ਵਾਲਿਆਂ ਦੀ ਡੇਅਰੀ ਸੀ ਤੇ ਉਹ ਦੁੱਧ ਵੇਚਣ ਦਾ ਵਾਪਾਰ ਕਰਦੇ ਸਨ । ਸਾਡੇ ਦੇਸ਼ ਦੇ ਬੈਰਿਸਟਰੀ ਪੜ੍ਹਦੇ ਗੱਭਰੂ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਦੁੱਧ ਵਿੱਚ ਪਾਣੀ ਪਾ ਕੇ ਵੇਚ ਲਿਆ ਕਰੋ, ਇਸ ਨਾਲ ਤੁਹਾਨੂੰ ਵੱਧ ਆਮਦਨ ਹੋ ਜਾਵੇਗੀ । ਸਾਡੇ ਦੇਸ਼ ਦੇ ਗੱਭਰੂ ਦੀ ਐਨੀ ਗੱਲ ਸੁਣ ਕੇ ਉਸ ਘਰ ਵਾਲੀ ਇਸਤਰੀ ਨੇ ਕਿਹਾ ਕਿ ਭਾਈ ਤੂੰ ਸਾਡੇ ਘਰੋਂ ਨਿਕਲ ਜਾ । ਤੂੰ ਮੈਨੂੰ ਇਕ ਅਜਿਹੀ ਸਲਾਹ ਦਿੱਤੀ ਹੈ ਜਿਹੜੀ ਮੈਨੂੰ ਦੇਸ਼ ਨਾਲ ਧਰੋਹ ਕਰਨਾ ਸਿਖਾਉਂਦੀ



ਹੈ । ਉਸ ਅੰਗਰੇਜ਼ ਇਸਤਰੀ ਨੇ ਸਾਡੇ ਦੇਸ਼ ਦੇ ਗੱਭਰੂ ਨੂੰ ਕਿਹਾ ਕਿ ਜੇ ਮੈਂ ਪਾਣੀ ਵਾਲਾ ਦੁੱਧ ਵੇਚਾਂਗੀ ਤਾਂ ਸਾਡੇ ਦੇਸ਼ ਦੇ ਬੰਦੇ ਕਮਜ਼ੋਰ ਹੋ ਜਾਣਗੇ ।

ਆਪਣੇ ਦੇਸ਼ ਦੀ ਉਸਾਰੀ ਲਈ ਕਿਸੇ ਦੇਸ਼ ਦੇ ਬੰਦੇ ਕਿੱਥੋਂ ਤਕ ਜਾਇਆ ਕਰਦੇ ਹਨ ਇਸ ਗੱਲ ਦੀ ਇਕ ਮਿਸਾਲ ਯੂਰਪ ਦੇ ਦੇਸ਼ ਬੁਲਗਾਰੀਆ ਦੇ ਇਤਿਹਾਸ ਤੋਂ ਮਿਲਦੀ ਹੈ :-

ਜਿਹੜੀ ਪਹਿਲੀ ਵਿਸ਼ਵ-ਜੰਗ ਸੰਨ ੧੯੧੪ ਤੋਂ ੧੯੧੮ ਦੇ ਵਿਚਕਾਰ ਹੋਈ ਸੀ ਉਸ ਵਿੱਚ ਬੁਲਗਾਰੀਆ ਦੇਸ਼ ਹਾਰ ਗਿਆ ਸੀ । ਹਾਰਿਆ ਹੋਣ ਦੇ ਕਾਰਨ ਜੇਤੂ ਦੇਸ਼ਾਂ ਨੇ ਬੁਲਗਾਰੀਆ ਦੇਸ਼ ਦੀ ਫ਼ੌਜ ਦੀ ਗਿਣਤੀ ਘਟਾ ਦਿੱਤੀ ਸੀ ਪਰ ਫ਼ੌਜ ਦੀ ਨੌਕਰੀ ਕਰਦਿਆਂ ਫ਼ੌਜੀ ਬੰਦੇ ਵਿੱਚ ਅਨੇਕਾਂ ਗੁਣ ਪੈਦਾ ਹੋ ਜਾਂਦੇ ਹਨ; ਜਿਵੇਂ ਅਨੁਸ਼ਾਸਨ ਵਿੱਚ ਜੀਵਨ ਬਿਤਾਉਣਾ, ਮੁਸ਼ੱਕਤ ਭਰੇ ਔਖੇ ਕੰਮਾਂ ਨੂੰ ਕਰਨ ਦੀ ਆਦਤ ਪਾਉਣਾ ਅਤੇ ਦੇਸ਼ 'ਤੇ ਮਾਣ ਕਰਨਾ, ਦੇਸ਼ ਲਈ ਆਪਣੇ ਆਪ ਨੂੰ ਅਰਪਣ ਕਰਨ ਦਾ ਖ਼ਿਆਲ ਆਪਣੇ ਮਨ ਵਿੱਚ ਲਿਆਉਣਾ ਅਤੇ ਦੇਸ਼ ਦੀ ਰੱਖਿਆ ਲਈ, ਦਲੇਰੀ ਦਾ ਭਾਵ ਦਿਲ ਵਿੱਚ ਵਸਾਉਣਾ । ਸੋ ਉਨ੍ਹਾਂ ਨੇ ਸੋਚਿਆ ਕਿ ਦੇਸ਼ ਦੇ ਨੌਜਵਾਨਾਂ ਦੇ ਹਿਰਦਿਆਂ ਵਿੱਚ ਇਹ ਗੁਣ ਪੈਦਾ ਕਰਨ ਲਈ ਕੋਈ ਹੋਰ ਰਾਹ ਕੱਢਿਆ ਜਾਵੇ । ਉਹ ਰਾਹ ਉਨ੍ਹਾਂ ਨੇ ਹੇਠ ਲਿਖੇ ਢੰਗ ਨਾਲ ਕੱਢਿਆ । ਉਸ ਦੇਸ਼ ਦੇ ਬੰਦਿਆਂ ਨੇ ਇਹ ਫ਼ੈਸਲਾ ਕਰ ਲਿਆ ਕਿ ੧੬ ਸਾਲ ਦੀ ਉਮਰ ਤੋਂ ਲੈ ਕੇ ੪੦ ਸਾਲ ਦੀ ਉਮਰ ਤਕ ਦਾ ਹਰ ਬੰਦਾ ਦੇਸ਼ ਦੀ ਉਸਾਰੀ ਲਈ ਸਾਲ ਵਿੱਚ ੬ ਹਫ਼ਤਿਆਂ ਦਾ ਸਮਾਂ ਦੇਵੇ । ਇਹ ਸਮਾਂ ਉਹ ਚਾਹੇ ਇਕੱਠਾ ੬ ਹਫ਼ਤਿਆਂ ਦਾ ਦੇਵੇ ਤੇ ਚਾਹੇ ਸਾਲ ਵਿੱਚ ਅੱਡ-ਅੱਡ; ੬ ਹਫ਼ਤਿਆਂ ਦਾ ਸਮਾਂ ਦੇਸ਼ ਦੇ ਹਰ ਬੰਦੇ ਨੇ ਦੇਣਾ ਸੀ, ਕਿਸੇ ਬੰਦੇ ਨੂੰ ਛੋਟ ਨਹੀਂ ਸੀ, ਭਾਵੇਂ ਉਹ ਕਿਸੇ ਵਜ਼ੀਰ ਦਾ ਪੁੱਤਰ ਸੀ ਭਾਵੇਂ ਕਿਸੇ ਅਮੀਰ ਦਾ । ਹਰ ਬੰਦੇ ਨੇ ਸਾਰਾ ਸਮਾਂ ਮਜ਼ਦੂਰਾਂ ਦੀ ਹੱਥ ਦੀ ਮੁਸ਼ੱਕਤ ਵਾਲਾ ਕੰਮ ਕਰਨਾ ਹੁੰਦਾ ਸੀ-ਗੈਂਤੀ ਤੇ ਦੁਰਮਟ ਦਾ ਕੰਮ । ਉਸ ਦੇਸ਼ ਦੇ ਬੰਦਿਆਂ ਨੇ ਉਸ ਯੋਜਨਾ ਨਾਲ ਨਵੀਆਂ ਸੜਕਾਂ ਬਣਾਈਆਂ ਤੇ ਪੁਰਾਣੀਆਂ ਦੀ ਮੁਰੰਮਤ ਕੀਤੀ । ਪਹਾੜਾਂ ਵਿੱਚ ਪਾਣੀ ਜਮ੍ਹਾਂ ਕਰਨ ਦੀਆਂ ਡਿੱਗੀਆਂ ਬਣਾਈਆਂ । ਹੱਥਾਂ ਦੀ ਮਿਹਨਤ ਦਾ ਸਾਰਾ ਕੰਮ ਬੁਲਗਾਰੀਆ ਦੇਸ਼ ਦੇ ਬੰਦਿਆਂ ਨੇ ਕੀਤਾ, ਪਰ ਸਾਰਾ ਸਾਮਾਨ ਸਰਕਾਰ ਨੇ ਦਿੱਤਾ । ਇਕ ਵਜ਼ੀਰ ਦੇ ਪੁੱਤ ਦੇ ਹੱਥਾਂ 'ਤੇ ਇਹ ਕੰਮ ਕਰਦਿਆਂ ਛਾਲੇ ਪੈ ਗਏ ਸਨ । ਉਸ ਨੂੰ ਕਿਸੇ ਨੇ ਪੁੱਛਿਆ ਕਿ ਹੱਥ ਦੀ ਮੁਸ਼ੱਕਤ ਨਾਲ ਤੇਰੇ ਹੱਥ 'ਤੇ ਛਾਲੇ ਪੈ ਗਏ ਹਨ, ਤੂੰ ਦੱਸ ਕਿ ਤੂੰ ਇਹਨਾਂ ਛਾਲਿਆਂ ਤੋਂ ਖ਼ੁਸ਼ ਹੈਂ ਕਿ ਦੁਖੀ ? ਉਸ ਨੇ ਕਿਹਾ ਕਿ ਮੈਂ ਇਹਨਾਂ ਛਾਲਿਆਂ ਨੂੰ ਆਪਣੇ ਦੇਸ਼ ਦੀ ਸੇਵਾ ਨਾਲ ਸੰਬੰਧ ਰੱਖਣ ਵਾਲਾ ਇਕ

ਪਵਿੱਤਰ ਚਿੰਨ੍ਹ ਸਮਝਦਾ ਹਾਂ । ਜਾਪਾਨ ਦੇਸ਼ ਦੇ ਬੰਦਿਆਂ ਨੇ ਆਪਣੇ ਦੇਸ਼ ਵਿੱਚੋਂ ਅਨਪੜ੍ਹਤਾ ਆਪ ਸਮਾਪਤ ਕੀਤੀ ਸੀ । ਸੰਨ ੧੯੦੮ ਵਿੱਚ ਕਲਕੱਤੇ ਦੇ ਪ੍ਰਸਿੱਧ ਮਾਸਿਕ-ਅੰਗਰੇਜ਼ੀ ਪੱਤਰ **Modern Review** ਵਿੱਚ ਇਕ ਲੇਖ ਨਿਕਲਿਆ ਸੀ, ਜਿਸ ਦਾ ਸਿਰਲੇਖ ਸੀ '**Education in Japan**' ਅਰਥਾਤ 'ਜਾਪਾਨ ਵਿੱਚ ਵਿੱਦਿਆ' । ਉਸ ਲੇਖ ਵਿੱਚ ਦੱਸਿਆ ਗਿਆ ਸੀ ਕਿ ਜਾਪਾਨ ਦੇਸ਼ ਦੇ ਬੰਦਿਆਂ ਨੇ ਜਦ ਮਹਿਸੂਸ ਕੀਤਾ ਕਿ ਸਾਡੇ ਦੇਸ਼ ਵਿੱਚ ਬਹੁਤ ਬੰਦੇ ਅਨਪੜ੍ਹ ਹਨ ਤਾਂ ਉਨ੍ਹਾਂ ਨੇ ਇਹ ਫ਼ੈਸਲਾ ਕਰ ਲਿਆ ਕਿ ਹਰ ਪੜ੍ਹਿਆ ਹੋਇਆ ਪੰਜ ਅਨਪੜ੍ਹ ਬੰਦਿਆਂ ਨੂੰ ਪੜ੍ਹਾਵੇ । ਇਸ ਸੰਕਲਪ ਨੂੰ ਜਾਪਾਨ ਦੇ ਬੰਦਿਆਂ ਨੇ ਸਿਰੇ ਚਾੜ੍ਹਨ ਦਾ ਸਿਰ ਤੋੜ ਯਤਨ ਕੀਤਾ । ਜਿਸ ਦੇਸ਼ ਦੇ ਬੰਦਿਆਂ ਦੇ ਹਿਰਦਿਆਂ ਵਿੱਚੋਂ ਦੇਸ਼ ਭਗਤੀ ਦੀ ਭਾਵਨਾ ਸਮਾਪਤ ਹੋ ਜਾਵੇ ਉਹ ਦੇਸ਼ ਬਰਬਾਦ ਹੋ ਜਾਇਆ ਕਰਦਾ ਹੈ ।

**But patriotism is too magnificent a thing to be associated with military service. Every one who is tilling land, organizing business, writing books must accustion himself to feel that he is not doing it for himself alone but partly for his country.**

ਐਲਬਰਟ ਸਵਿਟਜ਼ਰ ਨੇ ਆਖਿਆ ਹੈ ਕਿ ਬੰਦੇ ਨੂੰ ਜਿੰਨੀਆਂ ਬਰਕਤਾਂ ਰੱਬ ਕੋਲੋਂ ਮਿਲਦੀਆਂ ਹਨ—ਚੰਗੀ ਸਿਹਤ, ਗੁਜ਼ਾਰੇ ਵਾਲਾ ਘਰ, ਪਰਿਵਾਰ ਦੇ ਜੀਆਂ ਦਾ ਪਿਆਰ, ਉਨ੍ਹਾਂ ਸਭਨਾਂ ਦਾਤਾਂ ਦੇ ਬਦਲੇ ਉਸ ਨੂੰ ਪ੍ਰਮਾਤਮਾ ਦਾ ਰਿਣੀ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਬਰਕਤਾਂ ਦੇ ਬਦਲੇ ਦੁਨੀਆਂ ਦੇ ਬੰਦਿਆਂ ਦੀ ਸੇਵਾ ਕਰਨ ਲਈ ਵੀ ਕੁਝ ਸਮਾਂ ਕੱਢਣਾ ਚਾਹੀਦਾ ਹੈ, ਤਾਂ ਜੋ ਉਹ ਉਨ੍ਹਾਂ ਦਾਤਾਂ ਦੇ ਸਦਕੇ ਰੱਬ ਵੱਲੋਂ ਆਪਣੇ ਸਿਰ 'ਤੇ ਚੜ੍ਹੇ ਕਰਜ਼ੇ ਨੂੰ ਰੱਬ ਦੇ ਬੰਦਿਆਂ ਦੀ ਸੇਵਾ ਕਰਕੇ ਉਤਾਰ ਸਕੇ । ਕੋਈ ਬੰਦਾ ਦੇਸ਼ ਭਗਤੀ ਦਾ ਪ੍ਰਗਟਾਵਾ ਕੇਵਲ ਫ਼ੌਜ ਵਿੱਚ ਭਰਤੀ ਹੋ ਕੇ ਜੰਗ ਦੇ ਮੈਦਾਨ ਵਿੱਚ ਹੀ ਨਹੀਂ ਕਰ ਸਕਦਾ ਬਲਕਿ ਇਹ ਪ੍ਰਗਟਾਵਾ ਹਰ ਬੰਦਾ ਆਪਣੇ ਕਾਰਜ ਖੇਤਰ ਵਿੱਚ ਰਹਿ ਕੇ ਵੀ ਕਰ ਸਕਦਾ ਹੈ; ਜਿਵੇਂ ਜੇ ਕੋਈ ਬੰਦਾ ਕਿਸੇ ਸਕੂਲ ਦਾ ਅਧਿਆਪਕ ਹੈ ਤਾਂ ਉਹ ਆਪਣੇ ਸਕੂਲ ਦੇ ਬੱਚਿਆਂ ਨੂੰ ਪੂਰੀ ਲਗਨ ਨਾਲ ਪੜ੍ਹਾਵੇ, ਜੇ ਕੋਈ ਕਿਤਾਬਾਂ ਲਿਖੇ ਜਿਹੜੀਆਂ ਦੇਸ਼ ਵਾਸੀਆਂ ਦਾ ਚਰਿੱਤਰ ਬਣਾਉਂਦੀਆਂ ਹੋਣ ਤੇ ਉਨ੍ਹਾਂ ਨੂੰ ਦੇਸ਼ ਦੇ ਹਾਲਾਤ ਤੇ ਉਸ ਦੇ ਕਰਤੱਵਾਂ ਤੋਂ ਜਾਣੂ ਕਰਵਾਉਂਦੀਆਂ ਹੋਣ । ਜੇ ਕੋਈ ਵਾਪਾਰ ਕਰਦਾ ਹੈ ਤਾਂ ਉਹ ਵੀ ਇਸ ਗੱਲ ਦਾ ਖ਼ਿਆਲ ਰੱਖੇ ਕਿ ਉਸ ਦਾ ਵਾਪਾਰ ਦੇਸ਼ ਨੂੰ ਉੱਨਤ ਕਰਦਾ ਹੋਵੇ



ਤੇ ਦੇਸ਼ ਨੂੰ ਨੁਕਸਾਨ ਪਹੁੰਚਾਉਣ ਵਾਲਾ ਨਾ ਹੋਵੇ, ਜੇ ਕੋਈ ਖੇਤੀ ਕਰਦਾ ਹੈ ਤਾਂ ਉਹ ਖੇਤੀ ਨੂੰ ਹੋਰ ਉੱਦਮ ਨਾਲ ਕਰੇ ਤੇ ਆਪਣੇ ਦਿਲ ਵਿੱਚ ਸਦਾ ਇਹ ਖ਼ਿਆਲ ਬਣਾ ਕੇ ਰੱਖੇ ਕਿ ਉਸ ਦੀ ਮਾਤ-ਭੂਮੀ ਉਸ ਦੇ ਪਿੱਛੇ ਖਲੋਤੀ ਉਸ ਦੇ ਕੰਨਾਂ ਵਿੱਚ ਗੱਲ ਪਾ ਰਹੀ ਹੈ ਕਿ ਉਹ ਆਪਣੇ ਕੰਮ ਵਿੱਚ ਦੇਸ਼ ਲਈ ਵਧੇਰੇ ਉੱਦਮ ਕਰੇ । ਕਿਸੇ ਸਿਆਣੇ ਦਾ ਕਥਨ ਹੈ ਕਿ ਕਿਸੇ ਸੰਗਲ ਦੀ ਤਾਕਤ ਉਸ ਦੇ ਸਭ ਤੋਂ ਕਮਜ਼ੋਰ ਕੁੰਡੇ ਵਿੱਚ ਹੁੰਦੀ ਹੈ । ਕਿਸੇ ਦੇਸ਼ ਦੇ ਜਿੰਨੇ ਬੰਦੇ ਅਗਿਆਨੀ ਹੋਣਗੇ ਜਿਨ੍ਹਾਂ ਨੂੰ ਸਮਾਜ ਤੇ ਦੇਸ਼ ਲਈ ਆਪਣੇ ਕਰਤੱਵਾਂ ਦਾ ਗਿਆਨ ਨਾ ਹੋਵੇਗਾ ਉਹ ਦੇਸ਼ ਨੂੰ ਅਨੇਕ ਪ੍ਰਕਾਰ ਦਾ ਨੁਕਸਾਨ ਪਹੁੰਚਾ ਸਕਦੇ ਹਨ । ਉਹ ਦੇਸ਼ ਨਾਲ ਹਰ ਪ੍ਰਕਾਰ ਦਾ ਧ੍ਰੋਹ ਕਰ ਸਕਦੇ ਹਨ । ਉਹ ਆਪਣੇ ਦੁਸ਼ਮਣ ਦੇਸ਼ ਨੂੰ ਆਪਣੇ ਦੇਸ਼ ਦੇ ਫ਼ੌਜੀ ਟਿਕਾਣਿਆਂ ਦਾ ਭੇਦ ਦੇ ਸਕਦੇ ਹਨ । ਜਿਹੜੇ ਬੰਦੇ ਸਮੱਗਲਿੰਗ ਦਾ ਕੰਮ ਕਰਦੇ ਹਨ ਉਹ ਆਪਣੇ ਦੇਸ਼ ਨਾਲ ਭਾਰਾ ਧ੍ਰੋਹ ਕਮਾਉਂਦੇ ਹਨ, ਜਿਹੜੇ ਦਵਾਈਆਂ ਵਿੱਚ ਮਿਲਾਵਟ ਕਰਦੇ ਹਨ, ਖਾਣ ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਕਰਦੇ ਹਨ ਉਹ ਦੇਸ਼ ਨਾਲ ਭਾਰਾ ਧ੍ਰੋਹ ਕਰਦੇ ਹਨ । ਕੋਈ ਦੇਸ਼ ਆਪਣੇ ਦੇਸ਼ ਦੇ ਬੰਦਿਆਂ ਦੀ ਸਰੀਰਕ ਤਾਕਤ ਨਾਲ ਹੀ ਲੜਿਆ ਕਰਦਾ ਹੈ । ਜਿਹੜਾ ਬੰਦਾ ਆਪਣੇ ਦੇਸ਼ ਦੇ ਬੰਦਿਆਂ ਨੂੰ ਖ਼ੁਰਾਕ ਵਿੱਚ ਮਿਲਾਵਟ ਕਰਕੇ ਦਿੰਦਾ ਹੈ ਤੇ ਦੇਸ਼ ਵਾਸੀਆਂ ਦੀ ਸਰੀਰਕ ਤਾਕਤ ਨੂੰ ਕਮਜ਼ੋਰ ਕਰਦਾ ਹੈ ਉਸ ਨੂੰ ਸੋਚ ਲੈਣਾ ਚਾਹੀਦਾ ਹੈ ਕਿ ਕਮਜ਼ੋਰ ਬੰਦੇ ਧਨ ਪੈਦਾ ਕਰਨ ਵਾਲੇ ਕਿੱਤਿਆਂ ਨੂੰ ਨਾ ਕਮਾ ਸਕਿਆ ਕਰਦੇ ਹਨ ਨਾ ਜੰਗ ਲੜ ਸਕਿਆ ਕਰਦੇ ਹਨ । ਜੇਕਰ ਅਮੀਰ ਵਪਾਰੀ ਆਪਣੇ ਦੇਸ਼ ਦੇ ਬੰਦਿਆਂ ਨੂੰ ਖ਼ੁਰਾਕ ਵਿੱਚ ਮਿਲਾਵਟ ਕਰਕੇ ਵਸਤਾਂ ਦੇਣ ਤਾਂ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੰਗ ਦੇ ਵੇਲੇ ਆਪਣੇ ਦੇਸ਼ ਨੂੰ ਅਮੀਰ ਵਪਾਰੀ ਹੀ ਲੜ ਕੇ ਨਹੀਂ ਬਚਾ ਸਕਿਆ ਕਰਦੇ ਹਨ, ਫਿਰ ਉਹ ਉਹਨਾਂ ਨੂੰ ਕਮਜ਼ੋਰ ਕਿਉਂ ਕਰਨ ? ਜਿਹੜੇ ਵਪਾਰੀ ਖਾਣ ਵਾਲੇ ਤੇਲ ਵਿੱਚ ਮਸ਼ੀਨੀ ਤੇਲ ਰਲਾਉਂਦੇ ਹਨ ਅਤੇ ਤੇਲ ਖਾਣ ਵਾਲਿਆਂ ਨੂੰ ਅਧਰੰਗ ਹੋ ਜਾਂਦਾ ਹੈ, ਉਹ ਦੇਸ਼ ਨਾਲ ਧ੍ਰੋਹ ਕਮਾਉਂਦੇ ਹਨ। ਕਿਉਂਕਿ ਦੇਸ਼ ਦਾ ਜਿਹੜਾ ਰੁਪਿਆ ਸੜਕਾਂ 'ਤੇ ਖ਼ਰਚ ਹੋਣਾ ਸੀ, ਸਕੂਲਾਂ 'ਤੇ ਖ਼ਰਚ ਹੋਣਾ ਸੀ ਉਹ ਅਧਰੰਗ ਵਾਲਿਆਂ ਉੱਤੇ ਹਸਪਤਾਲਾਂ ਵਿੱਚ ਖ਼ਰਚ ਹੋਵੇਗਾ ਤੇ ਅਧਰੰਗ ਵਾਲੇ ਦੇਸ਼ ਦਾ ਕੋਈ ਕੰਮ ਨਹੀਂ ਕਰਨਗੇ ਬਲਕਿ ਵਿਹਲੇ ਬੈਠੇ ਹੋਏ ਦੇਸ਼ ਤੋਂ ਰੋਟੀ ਕੱਪੜਾ ਅਨੇਕਾਂ ਵਸਤਾਂ ਲੈ ਕੇ ਦੇਸ਼ 'ਤੇ ਭਾਰ ਬਣਨਗੇ ।

ਦੇਸ਼ ਵਿੱਚ ਆਬਾਦੀ ਦੀ ਸਮੱਸਿਆ ਭਿਆਨਕ ਸਮੱਸਿਆ ਹੈ । ਅਨਪੜ੍ਹ ਬੰਦੇ ਉਹ ਸਾਹਿਤ ਨਹੀਂ ਪੜ੍ਹ ਸਕਦੇ ਜਿਸ ਵਿੱਚ ਆਬਾਦੀ ਦੇ

ਵਾਧੇ ਦੇ ਨੁਕਸਾਨ ਲਿਖੇ ਹੁੰਦੇ ਹਨ । ਪੜ੍ਹਿਆ ਲਿਖਿਆ ਬੰਦਾ ਅਖ਼ਬਾਰਾਂ ਤੇ ਪੁਸਤਕਾਂ ਤੋਂ ਦੇਸ਼ ਤੇ ਦੁਨੀਆਂ ਵੱਲ ਆਪਣੇ ਕਰਤੱਵ ਦਾ ਗਿਆਨ ਪ੍ਰਾਪਤ ਕਰ ਸਕਦਾ ਹੈ । ਕਿਸੇ ਦੇਸ਼ ਵਿੱਚ ਪਰਜਾ-ਤੰਤਰ ਦਾ ਰਾਜਸੀ ਢਾਂਚਾ ਉਸੇ ਸੂਰਤ ਵਿੱਚ ਸਫਲ ਹੋ ਸਕਦਾ ਹੈ ਜੇਕਰ ਉਸ ਦੇਸ਼ ਦੇ ਬੰਦੇ ਪੜ੍ਹੇ ਲਿਖੇ ਹੋਣ ਤੇ ਆਪਣੇ ਵੋਟ ਦੀ ਕੀਮਤ ਨੂੰ ਜਾਣਦੇ ਹੋਣ ਕਿ ਵੋਟ ਦਾ ਅਧਿਕਾਰੀ ਕੌਣ ਹੈ । ਕਿਸੇ ਦੇਸ਼ ਦੇ ਬੰਦਿਆਂ ਨੂੰ ਉਹੋ ਜਿਹੀ ਹਕੂਮਤ ਮਿਲਿਆ ਕਰਦੀ ਹੈ ਜਿਹੋ ਜਿਹੀ ਹਕੂਮਤ ਦੇ ਉਹ ਅਧਿਕਾਰੀ ਹੁੰਦੇ ਹਨ । ਜਿਹੜੇ ਬੰਦੇ ਸ਼ਰਾਬ ਦੀ ਬੋਤਲ ਲੈ ਕੇ ੧੦੦-੨੦੦ ਰੁਪਿਆ ਲੈ ਕੇ ਜਾਂ ਜ਼ਾਤ-ਬ੍ਰਾਦਰੀ ਦੇ ਨਾਂ 'ਤੇ ਵੋਟ ਦਿੰਦੇ ਹਨ ਉਨ੍ਹਾਂ ਨੂੰ ਭੈੜੀ ਹਕੂਮਤ ਮਿਲਿਆ ਕਰਦੀ ਹੈ । ਅਖ਼ਬਾਰਾਂ ਵਿੱਚ ਖ਼ਬਰਾਂ ਆਇਆ ਕਰਦੀਆਂ ਹਨ ਕਿ ਕਿਸੇ ਇਸਤਰੀ ਨੂੰ ਜ਼ੇਵਰ ਦੀ ਖ਼ਾਤਰ ਉਸ ਦਾ ਨੌਕਰ ਵੱਢ ਕੇ ਚਲਿਆ ਗਿਆ । ਜੇਕਰ ਕਿਸੇ ਘਰ ਵਿੱਚ ਸਾਲ ਦੋ ਸਾਲ ਰਹਿਣ ਵਾਲਾ ਨੌਕਰ ਜ਼ੇਵਰਾਂ ਦੀ ਖ਼ਾਤਰ ਆਪਣੀ ਮਾਲਕਿਨ ਨੂੰ ਵੱਢ ਕੇ ਚਲਿਆ ਜਾਵੇ ਤਾਂ ਇਹ ਸੋਚਣਾ ਪਵੇਗਾ ਕਿ ਜੇ ਮਰਨ ਵਾਲੀ ਇਸਤਰੀ ਆਪਣੇ ਨੌਕਰ ਨੂੰ ਪੜ੍ਹਾਉਂਦੀ ਰਹਿੰਦੀ ਤੇ ਧਰਮ ਗ੍ਰੰਥਾਂ ਦਾ ਗਿਆਨ ਦੇਂਦੀ ਰਹਿੰਦੀ ਤਾਂ ਸ਼ਾਇਦ ਉਹ ਨੌਕਰ ਉਹ ਪਾਪ ਨਾ ਕਰਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਕਬੀਰ ਜੀ ਦਾ ਇਹ ਸ਼ਬਦ ਹੈ-

**"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥**
**(ਅੰਗ ੧੩੭੪)**

**Rich emanations of pregnant minds**
**Bright gems of thought in happy words enshrined**
**That lend our lives a higher tone**
**And touch within men's hearts chords to themselves unknown.**

ਅਰਥਾਤ ਉਪਜਾਊ ਮਨਾਂ ਦੇ ਕੀਮਤੀ ਵਹਾਉ ਵਿਚਾਰਾਂ ਦੇ ਚਮਕਦੇ ਹੀਰੇ ਤੇ ਸੁੰਦਰ ਸ਼ਬਦਾਂ ਵਿੱਚ ਗੁੰਦੇ ਹੋਏ ਵਹਾਉ ਜੋ ਸਾਡੇ ਜੀਵਨਾਂ ਨੂੰ ਉਚੇਰੀ ਮਾਨਸਿਕ ਦਸ਼ਾ ਨਾਲ ਭਰਪੂਰ ਕਰ ਦਿੰਦੇ ਹੋਣ ਤੇ ਮਨੁੱਖਾਂ ਦੇ ਦਿਲਾਂ ਅੰਦਰ ਤਰਬਾਂ ਛੋਂਹਦੇ ਹੋਣ ਜਿਨ੍ਹਾਂ ਦਾ ਉਨ੍ਹਾਂ ਨੂੰ ਕਦੇ ਪਤਾ ਵੀ ਨਹੀਂ ਹੁੰਦਾ ।

ਮਹਾਂਪੁਰਸ਼ਾਂ ਦੇ ਵਾਕ ਸੁਣਨ ਨਾਲ ਬੰਦੇ ਦੇ ਹਿਰਦੇ ਅੰਦਰੋਂ ਖੋਟੇ ਭਾਵ ਨਿਕਲ ਜਾਇਆ ਕਰਦੇ ਹਨ ਤੇ ਹਮਦਰਦੀ, ਸੱਚ, ਦਇਆ, ਨਿਮਰਤਾ,



ਪ੍ਰੇਮ, ਪਿਆਰ ਦੇ ਭਾਵ ਵੱਸ ਜਾਇਆ ਕਰਦੇ ਹਨ । ਦੁਨੀਆਂ ਵਿੱਚ ਮਨੁੱਖ ਅਨੇਕਾਂ ਸਜ਼ਾਵਾਂ ਆਪਣੀ ਨਕਰਮਣਤਾ ਦੇ ਕਾਰਨ ਪਾਇਆ ਕਰਦਾ ਹੈ । ਸ਼ੇਖ ਸਾਅਦੀ ਨੇ ਲਿਖਿਆ ਹੈ ਕਿ ਜੇ ਕੋਈ ਅੱਖਾਂ ਵਾਲਾ ਮਨੁੱਖ ਕਿਸੇ ਅੰਨ੍ਹੇ ਨੂੰ ਖ਼ੂਹ ਵਿੱਚ ਡਿੱਗਦਾ ਵੇਖੇ ਤੇ ਉਸ ਨੂੰ ਡਿੱਗਣ ਤੋਂ ਨਾ ਰੋਕੇ ਤਾਂ ਉਹ ਗੁਨਾਹਗਾਰ ਬਣਦਾ ਹੈ ।

ਇਸ ਲੇਖ ਦੇ ਆਰੰਭ ਵਿੱਚ ਜਿਹੜੀ ਮੈਂ ਚਾਰ ਦੇਸ਼ਾਂ ਦੀ ਕਹਾਣੀ ਬਿਆਨ ਕੀਤੀ ਹੈ ਉਸ ਵਿੱਚ ਹੇਠ ਲਿਖੇ ਅੰਗਰੇਜ਼ੀ ਸ਼ਬਦ ਹਨ ਜਿਹੜੇ ਉਹਨਾਂ ਵਿਦਵਾਨਾਂ ਨੇ ਬੋਲੇ ਸਨ-

1. **"Elephant and the trade of England."**
   ਅੰਗਰੇਜ਼ ਵਿਦਵਾਨ ਦੇ ਸ਼ਬਦ ।
2. **"Elephant and its anatomy."**
   ਫ਼ਰਾਂਸ ਦੇ ਵਿਦਵਾਨ ਦੇ ਸ਼ਬਦ ।
3. **"Elephant and the freedom of poland"**
   ਪੋਲੈਂਡ ਦੇਸ਼ ਦੇ ਵਿਦਵਾਨ ਦੇ ਸ਼ਬਦ ।

ਬਲਗਾਰੀਆ ਦੇਸ਼ ਦੀ ਅਮਨ ਦੀ ਫੌਜ ਦੇ ਸੰਬੰਧ ਵਿੱਚ ਜੋ ਇਹ ਲਿਖਿਆ ਗਿਆ ਹੈ ਕਿ ਫੌਜ ਵਿੱਚ ਨੌਕਰੀ ਕਰਨ ਵਾਲੇ ਬੰਦੇ ਅੰਦਰ ਪੰਜ ਗੁਣ ਪੈਦਾ ਹੋ ਜਾਂਦੇ ਹਨ, ਉਨ੍ਹਾਂ ਗੁਣਾਂ ਦੇ ਅੰਗਰੇਜ਼ੀ ਸ਼ਬਦ ਹੇਠ ਲਿਖੇ ਹਨ-

**Discipline, courage, pride, loyalty and endurance.**

ਦੁਨੀਆਂ ਵਿੱਚ ਮਨੁਖ ਦੋ ਪ੍ਰਕਾਰ ਦੇ ਪਾਪ ਕਰਦਾ ਹੈ । ਅੰਗਰੇਜ਼ੀ ਵਿੱਚ ਉਹਨਾਂ ਨੂੰ ਕਹਿੰਦੇ ਹਨ '**Sins of commission, and sins of omission.** -ਉਹ ਪਾਪ ਜਿਨ੍ਹਾਂ ਨੂੰ ਬੰਦਾ ਮਾੜੇ ਕਰਮਾਂ ਨੂੰ ਕਰਕੇ ਕਮਾਉਂਦਾ ਹੈ—ਤੇ ਉਹ ਪਾਪ ਜਿਨ੍ਹਾਂ ਨੂੰ ਨੇਕ ਕੰਮ ਨਾ ਕਰਕੇ ਕਮਾਉਂਦਾ ਹੈ । ਰਸਕਿਨ ਫ਼ਿਲਾਸਫ਼ਰ ਦਾ ਵਾਕ ਹੈ :-

**"We are cruel if we are not actively kind."**

ਜਦੋਂ ਅਸੀਂ ਕਿਸੇ ਦਇਆ ਦੇ ਅਧਿਕਾਰੀ ਜੀਵ ਦੀ ਰੱਖਿਆ ਲਈ ਦਇਆ ਦੇ ਨਿਯਮ ਅਨੁਸਾਰ ਉਸ ਦੀ ਰੱਖਿਆ ਦਾ ਕਾਰਜ ਉਸ ਦੀ ਲੋੜ ਦੇ ਅਵਸਰ 'ਤੇ ਨਾ ਕਰੀਏ ਤਾਂ ਅਸੀਂ ਆਪ ਜ਼ਾਲਮ ਬਣ ਜਾਂਦੇ ਹਾਂ । ਸਾਡਾ ਇਹ ਪਾਪ ਨੇਕ ਕੰਮ ਨੂੰ ਨਾ ਕਰਨ ਦਾ ਪਾਪ ਹੁੰਦਾ ਹੈ ।

ਜ਼ਾਲਮ ਕੇਵਲ ਉਹ ਨਹੀਂ ਹੁੰਦਾ ਜਿਹੜਾ ਜ਼ੁਲਮ ਕਮਾਉਂਦਾ ਹੈ । ਜ਼ਾਲਮ ਉਹ ਵੀ ਹੁੰਦਾ ਹੈ ਜਿਹੜਾ ਦਇਆ ਦੇ ਅਧਿਕਾਰੀ ਕਿਸੇ ਜੀਵ ਦੀ

ਰੱਖਿਆ ਜ਼ਾਲਮ ਨੂੰ ਉਸ 'ਤੇ ਜ਼ੁਲਮ ਕਰਨ ਤੋਂ ਰੋਕ ਕੇ ਨਹੀਂ ਕਰਦਾ। ਦਸਮ ਪਾਤਿਸ਼ਾਹ ਦਾ ਵਾਕ ਹੈ :-

1. **ਹਮ ਇਹ ਕਾਜ ਜਗਤ ਮੋ ਆਏ ।**
**ਧਰਮ ਹੇਤ ਗੁਰਦੇਵਿ ਪਠਾਏ ।**
2. **ਜਹਾਂ ਤਹਾਂ ਤੁਮ ਧਰਮ ਬਿਥਾਰੋ।**
**ਦੁਸਟ ਦੋਖਯਨਿ ਪਕਰਿ ਪਛਾਰੋ।੪੨**
3. **ਜਾਹਿ ਤਹਾਂ ਤੈ ਧਰਮੁ ਚਲਾਇ।**
**ਕਬੁਧਿ ਕਰਨ ਤੇ ਲੋਕ ਹਟਾਇ।੨੯**

(ਖੋਟੀ ਮਤਿ ਦੇ ਅਧੀਨ ਹੋ ਕੇ ਬੁਰਾਈ ਕਰਨ ਤੋਂ ਸੰਸਾਰ ਨੂੰ ਹਟਾਉ (ਵਰਜੋ)। ਇਹ ਹੁਕਮ ਹੈ ਪ੍ਰਮਾਤਮਾ ਦਾ ਦਸਮੇਸ਼ ਜੀ ਨੂੰ ਕਿ ਸੰਸਾਰ ਦੇ ਕੰਮੀਂ ਲਾਣ ਲਈ ਤੋਰਨ ਸਮੇਂ ।)

4. **ਧਰਮ ਚਲਾਵਨ ਸੰਤ ਉਬਾਰਨ ।**
**ਦੁਸਟ ਸਭਨ ਕੋ ਮੂਲ ਉਪਾਰਿਨ।੪੩**

ਰੱਬ ਦੇ ਤਿੰਨ ਗੁਣ ਦੱਸੇ ਗਏ ਹਨ—ਕਿਸੇ ਬੰਦੇ ਨੂੰ ਜਨਮ ਦੇਣਾ, ਪਾਲਣਾ ਤੇ ਮਾਰਨਾ ।—ਹਰ ਬੰਦੇ ਵਿੱਚ ਰੱਬ ਦੇ ਤਿੰਨਾਂ ਗੁਣਾਂ ਵਿੱਚੋਂ ਦੋ ਗੁਣ ਹੁੰਦੇ ਹਨ । ਉਹ ਕਿਸੇ ਬੰਦੇ ਨੂੰ ਮਾਰ ਵੀ ਸਕਦਾ ਹੈ ਤੇ ਪਾਲ ਵੀ ਸਕਦਾ ਹੈ । ਇਸ ਲਈ ਹਰ ਬੰਦੇ ਦਾ ਬਹੁਤ ਵੱਡਾ ਸਤਿਕਾਰ ਹੋਣਾ ਚਾਹੀਦਾ ਹੈ । ਮਹਾਂਪੁਰਸ਼ ਲਿਖਦੇ ਹਨ ਕਿ ਤੁਹਾਡੇ ਸਾਹਮਣੇ ਜਿਹੜਾ ਬੰਦਾ ਤੁਰਿਆ ਆ ਰਿਹਾ ਹੈ ਉਸ ਨੂੰ ਰੱਬ ਦਾ ਰੂਪ ਗਿਣੋ । ਹਿੰਦੂ ਧਰਮ ਵਿੱਚ ਬੰਦੇ ਲਈ ਪੰਜ ਯੱਗਾਂ ਦਾ ਵਰਣਨ ਹੈ: ਹਰ ਹਿੰਦੂ ਦਾ ਕਰਤੱਵ ਹੈ ਕਿ ਉਹ ਪ੍ਰਤੀ-ਦਿਨ ਇਨ੍ਹਾਂ ਯੱਗਾਂ ਨੂੰ ਕਰੇ । ਉਹਨਾਂ ਵਿੱਚ ਅਤਿਥੀ ਸਤਿਕਾਰ ਵੀ ਇਕ ਯੱਗ ਹੈ । ਸ਼ਾਸਤਰਾਂ ਦਾ ਸਲੋਕ ਹੈ ਕਿ:-

**ਅਤਿਥੀ ਦੇਵੋ ਭਵ**—ਅਰਥਾਤ ਅਤਿਥੀ ਰੱਬ ਹੈ । ਅਤਿਥੀ ਉਹ ਬੰਦਾ ਹੁੰਦਾ ਹੈ ਜਿਸ ਨੂੰ ਭਾਵੇਂ ਅਸੀਂ ਜਾਣਦੇ ਵੀ ਨਾ ਹੋਈਏ ਤੇ ਉਹ ਸਾਡੇ ਘਰ ਬਿਨਾਂ ਇਤਲਾਹ ਤੋਂ ਅਚਨਚੇਤ ਆ ਜਾਵੇ । ਅਤਿਥੀ ਦੇ ਪੂਰੇ ਅਰਥ ਹਨ— ਉਹ ਬੰਦਾ ਜਿਹੜਾ ਵਿਦਵਾਨ ਤੇ ਪਰਉਪਕਾਰ ਦੇ ਕੰਮ ਕਰਨ ਵਾਲਾ ਹੋਵੇ । ਅਗਿਆਨੀ ਬੰਦਿਆਂ ਨੂੰ ਗਿਆਨ ਦੇਣਾ ਉਸੇ ਤਰ੍ਹਾਂ ਪੜ੍ਹੇ ਲਿਖੇ ਬੰਦਿਆਂ ਦਾ ਕਰਤੱਵ ਹੈ ਜਿਸ ਤਰ੍ਹਾਂ ਅੰਨ੍ਹੇ ਬੰਦੇ ਨੂੰ ਖੂਹ ਵਿੱਚੋਂ ਡਿੱਗਣ ਤੋਂ ਬਚਾਉਣਾ ਸੁਜਾਖੇ ਬੰਦੇ ਦਾ ਕਰਤੱਵ ਹੈ । ਗੁਰੂ ਨਾਨਕ ਦੇਵ ਜੀ ਨੇ ਵੀ ਸਾਰੀ ਉਮਰ ਇਹੋ ਕੰਮ ਕੀਤਾ ।-ਪਹਿਲਾਂ ੨੪ ਸਾਲ ਪੈਦਲ ਤੁਰ ਕੇ ਲੋਕਾਂ ਨੂੰ ਆਤਮਿਕ ਗਿਆਨ ਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਗਿਆਨ ਦੇਂਦੇ



ਰਹੇ ਤੇ ਫਿਰ ਖੇਤੀ ਕਰਦਿਆਂ ਵੀ ੫੩ ਸਾਲ ਦੀ ਉਮਰ ਤੋਂ ੭੦ ਸਾਲ ਦੀ ਉਮਰ ਤਕ ਉਹਨਾਂ ਦੇ ਡੇਰੇ ਤੇ ਪ੍ਰਤੀ-ਦਿਨ ਗੁਰਬਾਣੀ ਦਾ ਕੀਰਤਨ ਤੇ ਪਾਠ ਹੁੰਦਾ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ੨੪ ਸਾਲ ਦੀ ਪੈਦਲ ਯਾਤਰਾ ਵਿੱਚ ਜਦੋਂ ਸਵੇਰ ਵੇਲੇ ਪ੍ਰਤੀ-ਦਿਨ ਆਪਣੀ ਯਾਤਰਾ ਆਰੰਭ ਕਰਿਆ ਕਰਦੇ ਸਨ ਤਾਂ ਉਹ ਭਾਈ ਮਰਦਾਨੇ ਨੂੰ ਇਹੋ ਸ਼ਬਦ ਕਿਹਾ ਕਰਦਾ ਸਨ ਕਿ **'ਆ ਮਰਦਾਨਿਆਂ ਜੋਤਾਂ ਜਗਾਈਏ'** ਅਰਥਾਤ ਲੋਕਾਂ ਦੀਆਂ ਬੁਝੀਆਂ ਹੋਈਆਂ ਆਤਮਾਵਾਂ ਵਿੱਚ ਧਰਮ ਦੇ ਭਾਵ ਪੈਦਾ ਕਰੀਏ ਤੇ ਸੁੱਤੇ ਹੋਏ ਧਰਮ ਦੇ ਭਾਵਾਂ ਨੂੰ ਜਗਾਈਏ ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ—

**'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'** (ਅੰ:੩੦੬)

**Two Most important duties of a lover of his country:**

**Finally, he may zealously exert himself increasing the knowledge, and improving the moral habits of the people, two of the most important means by which a conscientious man, in any rank of life, may aid in conferring a high and lasting benefit on his country. And all this will he do, if his patriotism be of the right kind.**

ਉਹ (ਦੇਸ਼ ਭਗਤ) ਬੜੇ ਉਤਸ਼ਾਹ ਨਾਲ ਆਪਣੇ ਦੇਸ਼ ਵਾਸੀਆਂ ਦੀ ਵਾਕਫ਼ੀ ਨੂੰ ਵਧਾਉਣ ਤੇ ਉਨ੍ਹਾਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗੀਆਂ ਬਣਾਉਣ ਵਿੱਚ ਆਪਣਾ ਪੂਰਾ ਤਾਣ ਲਾਵੇ; ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਦੇਸ਼ ਦਾ ਹਰ ਈਮਾਨਦਾਰ ਬੰਦਾ, ਭਾਵੇਂ ਉਹ ਕਿਸੇ ਵੀ ਦਰਜ਼ੇ ਦਾ ਹੋਵੇ, ਆਪਣੇ ਦੇਸ਼ ਨੂੰ ਇਕ ਸਦਾ ਕਾਇਮ ਰਹਿਣ ਵਾਲਾ ਲਾਭ ਪਹੁੰਚਾ ਸਕਦਾ ਹੈ ।

ਉੱਪਰ ਲਿਖੇ ਸ਼ਬਦ ਜੇ.ਐਮ.ਸ਼ਾਈਮ ਇਕ ਅੰਗਰੇਜ਼ ਵਿਦਵਾਨ ਦੀ ਪੁਸਤਕ "ਮਨੁੱਖ ਅਤੇ ਉਸ ਦੇ ਕਰਤੱਵ" ਵਿੱਚੋਂ ਲਏ ਗਏ ਹਨ ।

(ਜੀਵਨ ਲਹਿਰ ਫ਼ਰਵਰੀ ੧੯੮੧ ਵਿੱਚੋਂ)

# ਸ੍ਰੀ ਦਰਬਾਰ ਸਾਹਿਬ ਦੀਆਂ ਠੰਢੀਆਂ ਛਾਵਾਂ

## ਸ੍ਰੀ ਦਰਬਾਰ ਸਾਹਿਬ ਦਾ ਖ਼ਜ਼ਾਨਾ ਰੱਬ ਦਾ ਖ਼ਜ਼ਾਨਾ ਹੈ

**-ਵੱਲੋਂ ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ ਅੰਮ੍ਰਿਤਸਰ**

ਮੇਰੇ ਹਿਰਦੇ ਵਿੱਚ ਬੜੀ ਵੇਰ ਇਹ ਖ਼ਿਆਲ ਆਉਂਦਾ ਹੁੰਦਾ ਸੀ, 'ਹੇ ਵਾਹਿਗੁਰੂ ! ਅਮੀਰਾਂ ਦੇ ਪੁੱਤਰ ਆਪਣੇ ਨਵੇਂ ਕਾਰੋਬਾਰ ਚਲਾਉਣ ਲਈ ਆਪਣੇ ਮਾਪਿਆਂ ਪਾਸੋਂ ਲੱਖਾਂ ਤੇ ਕਰੋੜਾਂ ਰੁਪਏ ਪੂੰਜੀ ਲਈ ਲੈ ਲਿਆ ਕਰਦੇ ਹਨ, ਪਰ ਤੂੰ ਸਾਡੇ ਭਗਤਾਂ ਵਾਸਤੇ ਕੀ ਬੰਦੋਬਸਤ ਕੀਤਾ ਹੈ । ਜਦ ਮੈਂ ਗੁਰੂ ਕੀ ਨਗਰੀ ਵਿੱਚ ਪਿੰਗਲਵਾੜੇ ਦੀ ਸੇਵਾ ਦਾ ਕੰਮ ਆਰੰਭ ਕੀਤਾ ਤਾਂ ਸ੍ਰੀ ਦਰਬਾਰ ਸਾਹਿਬ ਦੇ ਉਸ ਵੇਲੇ ਦੇ ਮੈਨੇਜਰ ਸ: ਗੁਰਦਿਆਲ ਸਿੰਘ ਜੀ ਮੈਨੂੰ ਵੱਧ ਤੋਂ ਵੱਧ ਹਮਦਰਦੀ ਦਿਖਾਉਣ ਲੱਗੇ ਤੇ ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚੋਂ ਸਹਾਇਤਾ ਵੀ ਦਿਵਾਉਣ ਲੱਗੇ । ਅਜੇ ਮੇਰੇ ਕੰਮ ਆਰੰਭ ਹੋਏ ਨੂੰ ਦੋ ਕੁ ਸਾਲ ਹੀ ਹੋਏ ਹੋਣਗੇ, ਮੈਨੇਜਰ ਸਾਹਿਬ ਨੇ ੫੦੦ ਰੁਪਏ ਨਕਦ ਸਹਾਇਤਾ ਦਿਵਾਈ ਤੇ ਮੈਨੂੰ ਬਹੁਤ ਪਿਆਰ ਅਤੇ ਸਤਿਕਾਰ ਦੀ ਨਿਗ੍ਹਾ ਨਾਲ ਦੇਖਦੇ ਰਹੇ ।

ਪਿਛਲੇ ਸਾਲ ਸ੍ਰੀ ਦਰਬਾਰ ਸਾਹਿਬ ਤੋਂ ੨੫,੦੦ ਦੀ ਸਹਾਇਤਾ ਮਿਲੀ । ਗਿਆਨੀ ਪ੍ਰਤਾਪ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ ਅਤੇ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ) ਦੇ ਜਥੇਦਾਰ ਵੀ ਰਹੇ । ਦੋਹਾਂ ਥਾਵਾਂ ਤੋਂ ਹੀ ਉਹ ਸਾਨੂੰ ਚੜ੍ਹਤ ਦੇ ਕੱਪੜੇ ਭੇਜਦੇ ਰਹੇ । ਪਿਛਲੇ ਸਾਲ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਨੇ ਡੇਢ ਸੌ ਦੇ ਕਰੀਬ ਰਜਾਈਆਂ ਬੰਬਈ ਦੇ ਇਕ ਸਿੰਘ ਨੂੰ ਪ੍ਰੇਰਨਾ ਦੇ ਕੇ ਸਾਨੂੰ ਦਵਾਈਆਂ ਸਨ । ਉਹ ਸਿੰਘ ਹਰ ਸਾਲ ਪਿੰਗਲਵਾੜੇ ਆ ਕੇ ਦੋ ਵਾਰ ਲੰਗਰ ਕਰਾਉਂਦਾ ਹੈ । ਉਹ ਸਾਡੀ ਬਸਤਰਾਂ ਦੀ ਸਹਾਇਤਾ ਵੀ ਕਰਦਾ ਰਹਿੰਦਾ ਹੈ । ਗਿਆਨੀ ਜੀ ਨੇ ਉਸ ਨੂੰ ਪਿੰਗਲਵਾੜੇ ਦਾਨ ਦੇਣ ਲਈ ਪ੍ਰੇਰਿਆ ਸੀ । ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜਥੇਦਾਰ ਸਾਧੂ ਸਿੰਘ ਜੀ ਭੌਰਾ ਸੰਗਤਾਂ ਨੂੰ ਪਿੰਗਲਵਾੜੇ ਦੇ ਦਾਨ ਲਈ ਪ੍ਰੇਰਦੇ ਰਹਿੰਦੇ ਹਨ । ਸ੍ਰੀ ਦਰਬਾਰ ਸਾਹਿਬ ਦੇ ਇਕ ਹੋਰ ਸਿੰਘ ਸਾਹਿਬ ਵੀ ਸੰਗਤਾਂ ਨੂੰ ਪ੍ਰੇਰਦੇ ਰਹਿੰਦੇ ਹਨ । ਪਤਾ ਨਹੀਂ, ਕਿੰਨੇ ਗ੍ਰੰਥੀ ਸਿੰਘ ਇੰਞ ਪ੍ਰੇਰਦੇ ਰਹਿੰਦੇ ਹੋਣਗੇ । ਏਨਾ ਮੈਨੂੰ ਪਤਾ ਹੈ ਕਿ



ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਰੇ ਗ੍ਰੰਥੀ ਸਾਹਿਬਾਨ ਪਿੰਗਲਵਾੜੇ ਨੂੰ ਹਿਰਦੇ ਤੋਂ ਵਧਦਾ ਫੁੱਲਦਾ ਦੇਖਣਾ ਚਾਹੁੰਦੇ ਹਨ ।

ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਸੰਤ ਕਰਤਾਰ ਸਿੰਘ ਜੀ ਸੁਲਤਾਨਪੁਰ ਵਾਲਿਆਂ ਨਾਲ ਸਵੇਰੇ ੨੩-੭-੭੭ ਨੂੰ ਆਏ ਤੇ ਮੇਰੇ ਤਿੰਨੇ ਚਿੱਟੇ ਕੱਪੜੇ ਦੇਖ ਕੇ ਕਹਿਣ ਲੱਗੇ, "ਕੀ ਗੱਲ ਹੈ, ਅੱਜ ਸਾਰੇ ਚਿੱਟੇ ਕੱਪੜੇ ਪਾਏ ਹੋਏ ਹਨ ।" "ਕੱਪੜੇ ਮੇਰੇ ਸਾਰੇ ਸ਼ੁੱਧ ਖੱਦਰ ਦੇ ਹੁੰਦੇ ਹਨ," ਮੈਂ ਉੱਤਰ ਦਿੱਤਾ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ 'ਤੇ ਜਾਣਾ ਸੀ ਤਾਂ ਪਹਿਨੇ ਹਨ ।" ਸਿੰਘ ਸਾਹਿਬ ਦਾ ਭਾਵ ਇਹ ਸੀ ਕਿ ਜਿਸ ਬੰਦੇ ਨੇ ਸਾਰਾ ਦਿਨ ਹੱਥਾਂ ਨਾਲ ਸੇਵਾ ਕਰਨੀ ਹੈ, ਅਨੇਕ ਪ੍ਰਕਾਰ ਦੇ ਸੇਵਾ ਦੇ ਕੰਮ ਕਰਨੇ ਹਨ, ਉਹਦੇ ਚਿੱਟੇ ਕੱਪੜੇ ਨਹੀਂ ਰਹਿ ਸਕਦੇ । ਮੇਰਾ ਕੰਮ ਸਾਰਾ ਦਿਨ ਧਰਤੀ 'ਤੇ ਉੱਠਣਾ ਬੈਠਣਾ ਹੈ । ਇਸ ਗੱਲ ਨੂੰ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਵੀ ਜਾਣਦੇ ਹਨ । ਉਹਨਾਂ ਨੂੰ ਪਤਾ ਹੈ ਕਿ ਮੈਂ ਸੜਕ ਤੋਂ ਸ਼ੀਸ਼ਾ, ਖੁਰੀ, ਮੇਖ, ਗੋਬਰ ਅਤੇ ਟੱਟੀ ਆਦਿ ਚੁੱਕਦਾ ਰਹਿੰਦਾ ਹਾਂ, ਤਾਂ ਜੋ ਗੋਬਰ ਤੇ ਟੱਟੀ ਖੇਤਾਂ ਨੂੰ ਜਾਣ ਤੇ ਅੰਨ ਦੀ ਪੈਦਾਵਾਰ ਨੂੰ ਵਧਾਉਣ । ਮੈਂ ਉਹਨਾਂ ਦਾ ਧੰਨਵਾਦ ਕਰਦਾ ਹਾਂ, ਸ੍ਰੀ ਦਰਬਾਰ ਸਾਹਿਬ ਦੇ ਰਹਿ ਚੁੱਕੇ ਹੈੱਡ-ਗ੍ਰੰਥੀ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਮੈਨੂੰ ਭਾਈ ਬਹਿਲੋ ਦੇ ਰੂਪ ਵਿੱਚ ਵਿਚਰਦਾ ਦੇਖਣਾ ਚਾਹੁੰਦੇ ਹਨ ਜਿਹੜਾ ਗੁਰੂ ਅਰਜਨ ਦੇਵ ਜੀ ਦੇ ਇੱਟਾਂ ਦੇ ਭੱਠੇ ਲਈ ਗੁਰੂ ਕੀ ਨਗਰੀ ਦੀਆਂ ਸੜਕਾਂ ਤੋਂ ਗੋਬਰ ਦੇ ਨਾਲ ਟੱਟੀ ਚੁੱਕਦਾ ਰਹਿੰਦਾ ਸੀ । ਸਿੰਘ ਸਾਹਿਬ ਨੇ ਮੈਨੂੰ ਪੁੱਛਿਆ ਕਿ ਫ਼ਲਾਣਾ ਸਿੰਘ ਜੋ ਬੰਬਈ ਤੋਂ ਆਇਆ ਸੀ, ਕੀ ਇਸ ਵਾਰ ਲੰਗਰ ਕਰਾ ਗਿਆ ਹੈ? ਤੁਰਨ ਲੱਗਿਆਂ ਗਿਆਨੀ ਜੀ ਨੇ ਕਿਹਾ ਕਿ ਅਕਾਲ ਪੁਰਖ ਕਿਤਨਾ ਮਿਹਰਵਾਨ ਹੈ ਕਿ ਇਕੱਲੇ ਲੂਲ੍ਹੇ ਤੋਂ ਸੈਂਕੜੇ ਲੂਲ੍ਹਿਆਂ ਦੀ ਸੰਸਥਾ ਬਣ ਗਈ ਹੈ । ਮੈਂ ਕਿਹਾ, "ਹਾਂ ਜੀ, ਇਹ ਸਾਰੀ ਖੇਡ ਇਸ ਲਈ ਵਰਤੀ ਹੈ ਕਿ ਉਸ ਲੂਲ੍ਹੇ ਬੱਚੇ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਡੇਹਰਾ ਸਾਹਿਬ ਦੇ ਅੱਗੇ ਛੱਡ ਦਿੱਤਾ ਗਿਆ ਸੀ, ਕਿਉਂਕਿ ਗੁਰਦੁਆਰੇ ਰੱਬ ਦੇ ਆਪਣੇ ਘਰ ਹੁੰਦੇ ਹਨ । ਜਿਸ ਨੌਜਵਾਨ ਨੇ ਆਪਣਾ ਜੀਵਨ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰਨਾ ਹੁੰਦਾ ਹੈ, ਉਸ ਨੂੰ ਅਜਿਹਾ ਕਰਨ ਲਈ ਕੋਈ ਮਹਾਨ ਗੁਰਦੁਆਰਾ ਲੱਭਣਾ ਪੈਂਦਾ ਹੈ; ਜਿਵੇਂ ਮੈਨੂੰ ਆਪਣਾ ਜੀਵਨ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰਨ ਲਈ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਲੱਭਣਾ ਪਿਆ । ਦਾਨ ਦੇਣ ਵਾਲੇ ਧਰਮੀ ਆਦਮੀ ਨੇ ਵੀ ਗੁਰਦੁਆਰੇ ਦਾਨ ਲਈ ਆਉਣਾ ਹੁੰਦਾ ਹੈ, ਇਸ

ਤਰ੍ਹਾਂ ਨਾਲ, ਨਵੀਆਂ ਸੰਸਥਾਵਾਂ ਆਪਣੇ ਆਪ ਹੀ ਹੋਂਦ ਵਿੱਚ ਆ ਜਾਇਆ ਕਰਦੀਆਂ ਹਨ ।

ਸਿੰਘ ਸਾਹਿਬ ਮੇਰੇ ਪਾਸ ਜਿੰਨਾ ਚਿਰ ਰਹੇ, ਖਿੜੇ ਮੱਥੇ ਨਾਲ ਮੇਰੇ ਵੱਲ ਤੱਕਦੇ ਰਹੇ, ਕਿਉਂਕਿ ਉਨ੍ਹਾਂ ਨੂੰ ਆਪਣੀ ਖ਼ੁਸ਼ੀ ਪ੍ਰਗਟ ਕਰਨ ਲਈ ਸ਼ਬਦ ਨਹੀਂ ਮਿਲ ਰਹੇ ਸਨ, ਕੇਵਲ ਮੱਥੇ ਦੇ ਖਿੜਾਓ ਨਾਲ ਹੀ ਆਪਣੀ ਪ੍ਰਸੰਨਤਾ ਨੂੰ ਪ੍ਰਗਟ ਕਰ ਰਹੇ ਸਨ । ਹੇ ਵਾਹਿਗੁਰੂ ! ਹੋਰ ਮੈਂ ਤੇਰੇ ਪਾਸੋਂ ਕੀ ਮੰਗਾਂ ਜਦ ਤੇਰੇ ਦਰਬਾਰ ਦੇ ਵੱਡੇ ਤੋਂ ਵੱਡੇ ਅਹਿਲਕਾਰ ਪਿੰਗਲਵਾੜੇ ਦੇ ਬੂਟੇ ਨੂੰ ਪਾਣੀ ਦੇਣ ਲਈ ਆਪਣੇ ਆਪ ਆਉਂਦੇ ਰਹਿੰਦੇ ਹਨ । ਮੇਰੇ ਲੂੰ ਲੂੰ ਵਿੱਚੋਂ ਮੇਰੇ ਅਖ਼ੀਰਲੇ ਸੁਆਸ ਤਕ ਇਹੋ ਸ਼ਬਦ ਨਿਕਲਦੇ ਰਹਿਣਗੇ, "ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਗੁਰੂ ਕੇ ਝੰਡੇ ਬੁੰਗੇ ਜੁਗੋ ਜੁਗ ਅਟੱਲ" ਤੇ "ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਬੰਦ ਬੰਦ ਕਟਵਾਏ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਸ੍ਰੀ ਵਾਹਿਗੁਰੂ !

ਕੱਲ੍ਹ ਰਾਤ ਸ਼ਹਿਰ ਦਾ ਇਕ ਬੰਦਾ ਰਾਤ ਦੇ ਨੌਂ ਵਜੇ ਪਿੰਗਲਵਾੜੇ ਆਇਆ । ਉਸ ਦੇ ਨਾਲ ਦੋ ਬੰਦੇ ਪ੍ਰਦੇਸੀ ਸਨ, ਜਿਹੜੇ ਬਰ੍ਹਮਾ ਤੋਂ ਆਏ ਦੱਸੇ ਜਾਂਦੇ ਸਨ । ਉਸ ਬੰਦੇ ਨੇ ਦੱਸਿਆ "ਇਹ ਇਸਤਰੀਆਂ ਤੇ ਬੱਚਿਆਂ ਸਮੇਤ ੩੦ ਜਣੇ ਹਨ । ਇਹਨਾਂ ਨੇ ਸਵੇਰ ਦਾ ਪ੍ਰਸ਼ਾਦਾ ਨਹੀਂ ਛਕਿਆ, ਭੁੱਖੇ ਹਨ ।" ਸਾਡਾ ਲੰਗਰ ਤਾਂ ਸ਼ਾਮ ਦੇ ਸੱਤ ਵਜੇ ਬੰਦ ਹੋ ਜਾਂਦਾ ਹੈ । ਫਿਰ ਪ੍ਰਸ਼ਾਦਾ ਛਕਣ ਵਾਲੇ ਵੀ ੩੦ ਜਣੇ ਸਨ । ਮੈਂ ਚਿੱਠੀ ਲਿਖ ਕੇ ਸੇਵਾਦਾਰ ਨੂੰ ਸ੍ਰੀ ਦਰਬਾਰ ਸਾਹਿਬ ਨੂੰ ਭੇਜ ਦਿੱਤਾ । ਉਹ ਉਸੇ ਵੇਲੇ ਮੋਟੇ ਮੋਟੇ ੧੫੦ ਪ੍ਰਸ਼ਾਦੇ ਲੈ ਆਇਆ, ਦਾਲ ਦੀ ਵੱਖਰੀ ਬਾਲਟੀ ਆ ਗਈ ।

ਇਸੇ ਤਰ੍ਹਾਂ ੨੦ ਕੁ ਦਿਨ ਪਹਿਲਾਂ ਕੁਛ ਪ੍ਰਦੇਸੀ ਜੋ ੨੦ ਦੇ ਕਰੀਬ ਸਨ, ਬਾਲ-ਬੱਚਿਆਂ ਸਮੇਤ ਰਾਤ ਦੇ ੯ ਕੁ ਵਜੇ ਆ ਗਏ । ਮੈਂ ਦਰਬਾਰ ਸਾਹਿਬ ਦੇ ਲੰਗਰ ਨੂੰ ਚਿੱਠੀ ਲਿਖੀ ਤੇ ਪ੍ਰਸ਼ਾਦੇ ਆ ਗਏ ।

ਸੋ ਮੇਰੇ ਹਿਰਦੇ ਵਿੱਚੋਂ ਹਰ ਵੇਲੇ ਗੁਰੂ ਘਰ ਦੀ ਉਸਤਤੀ ਦੇ ਇਹੋ ਸ਼ਬਦ ਨਿਕਲਦੇ ਰਹਿੰਦੇ ਹਨ :-

**ਗੁਰੂ ਕੇ ਝੰਡੇ-ਬੁੰਗੇ ਜੁਗੋ ਜੁਗ ਅਟੱਲ ॥**

੧੯੨੭ ਦੇ ਫ਼ਰਵਰੀ ਦੇ ਮਹੀਨੇ ਵਿੱਚ ਮੈਂ ਮਹਾਤਮਾ ਗਾਂਧੀ ਦਾ ਸਪਤਾਹਿਕ ਅੰਗਰੇਜ਼ੀ ਅਖ਼ਬਾਰ "ਯੰਗ ਇੰਡੀਆ" ਪੜ੍ਹਨਾ ਆਰੰਭ ਕੀਤਾ । ਜਿਉਂ-ਜਿਉਂ ਮੈਂ ਉਸ ਅਖ਼ਬਾਰ ਨੂੰ ਪੜ੍ਹਦਾ ਗਿਆ ਤਿਉਂ-ਤਿਉਂ ਮੈਨੂੰ ਉਸ



ਦੇ ਲੇਖ ਆਪਣੀ ਵੱਲ ਖਿੱਚਦੇ ਗਏ ਤੇ ਉਹਨਾਂ ਲੇਖਾਂ ਦਾ ਪ੍ਰਭਾਵ ਮੇਰੇ ਹਿਰਦੇ 'ਤੇ ਦਿਨ-ਪ੍ਰਤੀ-ਦਿਨ ਵੱਧ ਤੋਂ ਵੱਧ ਪੈਂਦਾ ਗਿਆ । ਅੱਠ ਕੁ ਮਹੀਨਿਆਂ ਮਗਰੋਂ ਮੈਂ ਸਰਕਾਰੀ ਹਸਪਤਾਲ ਵਿੱਚੋਂ ਕੰਪਾਉਂਡਰੀ ਦਾ ਕਿੱਤਾ ਸਿੱਖਣਾ ਛੱਡ ਦਿੱਤਾ, ਜਿਸ ਨੂੰ ਮੈਂ ਪੂਰਾ ਸਾਲ ਭਰ ਸਿੱਖਣਾ ਸੀ । ਉਸੇ ਸਮੇਂ ਮੈਂ ਇਹ ਫ਼ੈਸਲਾ ਕਰ ਲਿਆ ਕਿ ਮੈਂ ਆਪਣੇ ਰੁਜ਼ਗਾਰ ਲਈ ਨਾ ਕੋਈ ਕੰਮ ਸਿੱਖਾਂਗਾ ਤੇ ਨਾ ਕੋਈ ਕੰਮ ਕਰਾਂਗਾ; ਕੇਵਲ ਦੇਸ਼ ਦੇ ਹਾਲਾਤ ਦਾ ਵੱਧ ਤੋਂ ਵੱਧ ਪਤਾ ਕਰਨ ਤੇ ਉਹਨਾਂ ਨੂੰ ਸੁਧਾਰਨ ਲਈ ਬਾਕੀ ਦਾ ਸਾਰਾ ਜੀਵਨ ਇੱਕ ਸਾਧ ਦੇ ਤੌਰ 'ਤੇ ਬਤੀਤ ਕਰਾਂਗਾ । ਉਸ ਅਖ਼ਬਾਰ ਵਿੱਚ ਪੜ੍ਹੀ ਹੋਈ ਜਿਸ ਗੱਲ ਨੇ ਮੈਨੂੰ ਜਕੜਿਆ ਉਹ ਦੇਸ਼ ਦੀ ਗ਼ਰੀਬੀ ਤੇ ਬੇਕਾਰੀ ਸੀ; ਖ਼ਾਸ ਕਰਕੇ ਪਿੰਡਾਂ ਦੀ ੮੦ ਪ੍ਰਤੀਸ਼ਤ ਆਬਾਦੀ ਦੀ ਬੇਕਾਰੀ ਜਿਹੜੀ ਉਸ ਸਮੇਂ ਦੀ ਅੰਗਰੇਜ਼ੀ ਸਰਕਾਰ ਨੇ ਆਪਣੇ ਦੇਸ਼ 'ਚ ਬਣੇ ਹੋਏ ਮਸ਼ੀਨੀ ਕੱਪੜਿਆਂ ਨੂੰ ਭਾਰਤ ਵਿੱਚ ਵੇਚਣ ਲਈ ਭਾਰਤ ਦੀ ਹੱਥਾਂ ਦੀ ਕਤਾਈ ਬੁਣਾਈ ਦੀ ਦਸਤਕਾਰੀ ਨੂੰ ਤਬਾਹ ਕਰ ਕੇ ਪੈਦਾ ਕੀਤੀ ਸੀ ।

ਸੰਨ ੧੯੨੭ ਤੋਂ ੧੯੪੭ ਤਕ ਮੈਂ ਧੜਕਦੇ ਹੋਏ ਦਿਲ ਨਾਲ ਦਿਨ ਰਾਤ ਦੇਸ਼ ਦੀ ਆਜ਼ਾਦੀ ਬਾਰੇ ਸੋਚਦਾ ਰਿਹਾ ਤੇ ਉਸ ਦਾ ਪ੍ਰਚਾਰ ਵੀ ਹਰ ਥਾਂ ਉੱਠਦਿਆਂ ਬੈਠਦਿਆਂ ਕਰਦਾ ਰਿਹਾ । ਮੈਂ ਦੇਸ਼ ਭਗਤੀ ਦੀਆਂ ਪੁਸਤਕਾਂ ਤੇ ਅਖ਼ਬਾਰਾਂ ਪੜ੍ਹਦਾ ਰਿਹਾ ਤੇ ਰਾਜਧਾਨੀ ਦੇ ਉਸ ਸ਼ਹਿਰ ਲਾਹੌਰ ਵਿੱਚ ਰਾਜਸੀ ਜਲਸਿਆਂ ਨੂੰ ਖ਼ਾਸ ਤੌਰ 'ਤੇ ਸੁਣਦਾ ਰਿਹਾ । ਮੈਂ ਦੇਸ਼ ਦੀ ਉਸਾਰੀ ਲਈ ਜੀਵਨ ਅਰਪਣ ਕੀਤਾ ਸੀ । ਮੈਂ ਤੇ ਜਿੰਨਾ ਚਿਰ ਜਿਊਣਾ ਹੈ ਆਪਣੇ ਅਖ਼ੀਰਲੇ ਸੁਆਸ ਤਕ ਦੇਸ਼-ਉਸਾਰੀ ਲਈ ਸੋਚਣਾ ਸੀ ।

੧੮ ਅਗਸਤ ੧੯੪੭ ਵਾਲੇ ਦਿਨ ਮੈਂ ਲਾਹੌਰ ਸ਼ਹਿਰ ਤੋਂ ਇਕ ਰਫ਼ਿਊਜੀ ਦੇ ਤੌਰ 'ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ 'ਚ ਪੁੱਜਿਆ । ਕੈਂਪ ਵਿੱਚ ੨੫,੦੦੦ ਬੰਦਿਆਂ ਦੀ ਗਿਣਤੀ ਹਰ ਵੇਲੇ ਰਹਿੰਦੀ ਸੀ । ਉਸ ਗਿਣਤੀ ਵਿੱਚ ਜਿੰਨੇ ਬੇਆਸਰੇ ਅਪਾਹਿਜ ਤੇ ਰੋਗੀ ਹੁੰਦੇ ਸਨ ਉਨ੍ਹਾਂ ਦੀ ਸੇਵਾ-ਸੰਭਾਲ ਦਾ ਕੰਮ ਨਾ ਸਰਕਾਰ ਵੱਲੋਂ ਕੀਤਾ ਗਿਆ ਸੀ ਤੇ ਨਾ ਹੀ ਕਿਸੇ ਸਭਾ ਸੁਸਾਇਟੀ ਵੱਲੋਂ । ਹਜ਼ਾਰਾਂ ਬੰਦੇ ਉੱਜੜ ਕੇ ਪਾਕਿਸਤਾਨ ਤੋਂ ਪ੍ਰਤੀ-ਦਿਨ ਆ ਰਹੇ ਸਨ । ਮੈਂ ਇਕੱਲੇ ਨੇ ਇਸ ਕੰਮ ਨੂੰ ਕੈਂਪ 'ਚ ਕੀਤਾ । ਲੂਲ੍ਹੇ ਨੂੰ ਤਾਂ ਮੈਂ ਸੰਨ ੧੯੩੪ ਤੋਂ ਸੰਭਾਲ ਰਿਹਾ ਸਾਂ, ਉਸ ਨੇ ਤਾਂ ਮੇਰੇ ਨਾਲ ਹੋਣਾ ਹੀ ਸੀ ।

ਅੰਮ੍ਰਿਤਸਰ ਸ਼ਹਿਰ ਵਿੱਚ ਸੰਨ ੧੯੫੫ ਤਕ ਰੋਗੀਆਂ ਤੇ ਅਪਾਹਿਜਾਂ

ਦੀ ਸੇਵਾ ਦਾ ਮੇਰਾ ਕੰਮ ਵਧਦਾ ਵਧਦਾ ਇਕ ਸੰਸਥਾ ਦਾ ਰੂਪ ਧਾਰਨ ਕਰ ਚੁੱਕਾ ਸੀ ਜਿਸ ਦਾ ਮਾਹਵਾਰੀ ਆਮਦਨ ਖ਼ਰਚ ੧੩,੦੦੦ ਰੁਪਏ ਤਕ ਪੁੱਜ ਚੁੱਕਾ ਸੀ। ਉਸ ਸਮੇਂ ਤਕ ਉਸ ਸੰਸਥਾ ਦੇ ਵਿੱਚ ਢਾਈ ਕੁ ਸੌ ਦੇ ਕਰੀਬ ਰੋਗੀ ਤੇ ਅਪਾਹਿਜ ਇਕੱਠੇ ਹੋ ਚੁੱਕੇ ਸਨ। ਉਸ ਵੇਲੇ ਸਾਡੇ ਪਾਸ ਸਿਨਮੇ ਦੀ ਇਕ ਨਿਕਾਸੀ ਇਮਾਰਤ ਸੀ। ਉਸ ਦੀ ਨਿਲਾਮੀ ਹੋਣੀ ਸੀ। ਸਾਡੇ ਉਸ ਵਿੱਚ ਸੌ ਦੇ ਕਰੀਬ ਰੋਗੀ ਤੇ ਅਪਾਹਿਜ ਸਨ। ਉਸ ਵੇਲੇ ਦਾ ਮੁੱਖ-ਮੰਤਰੀ ਮੈਥੋਂ ਨਾਰਾਜ਼ ਹੋ ਚੁੱਕਾ ਸੀ। ਮਿਊਨਿਸਿਪਲ ਕਮੇਟੀ ਅੰਮ੍ਰਿਤਸਰ ’ਤੇ ਕਬਜ਼ਾ ਵੀ ਕਾਂਗਰਸ ਦਾ ਸੀ ਤੇ ਮੁੱਖ ਮੰਤਰੀ ਵੀ ਕਾਂਗਰਸ ਦਾ ਹੀ ਸੀ। ਰਾਜਸੀ ਬੰਦਿਆਂ ਨੂੰ ਮੈਂ ਕਰੜੀ ਨਿਗ੍ਹਾ ਨਾਲ ਤੱਕਦਾ ਰਿਹਾ ਹਾਂ ਤੇ ਤਾੜਨਾ ਵੀ ਕਰਦਾ ਰਿਹਾ ਹਾਂ। ਇਸ ਲਈ ਰਾਜਸੀ ਬੰਦੇ ਅੰਦਰੋਂ ਮੇਰੇ ਨਾਲ ਖ਼ਾਰ ਖਾਣ ਲੱਗ ਪਏ ਸਨ ਤੇ ਉਹ ਚਾਹੁੰਦੇ ਸਨ ਕਿ ਇਮਾਰਤ ਵਾਲੇ ਮਸਲੇ ਨੂੰ ਹੱਲ ਕਰਨ ਵਿੱਚ ਮੈਂ ਅਸਫਲ ਹੋ ਜਾਵਾਂ ਤੇ ਮਿਊਨਿਸਿਪਲ ਕਮੇਟੀ ਤੋਂ ਸਹਾਇਤਾ ਲੈਣ ਲਈ ਹਿੱਸੇਦਾਰ ਬਣਾ ਲਵਾਂ। ਪਰ ਮੈਂ ਕਿਸੇ ਰਾਜਸੀ ਬੰਦੇ ਨੂੰ ਪਿੰਗਲਵਾੜੇ ਦੇ ਪ੍ਰਬੰਧ ਵਿੱਚ ਹਿੱਸੇਦਾਰ ਨਹੀਂ ਬਣਾਉਣਾ ਸੀ ਭਾਵੇਂ ਮੇਰਾ ਕੰਮ ਢਹਿ ਢੇਰੀ ਹੋ ਜਾਂਦਾ। ਸੋ ਇਸ ਗੱਲ ਨੂੰ ਲੈ ਕੇ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ ਦੇ ਦਫ਼ਤਰ ਗਿਆ। ਉਸ ਸਮੇਂ ਕਮੇਟੀ ਦੀ ਐਗਜੈਕਟਿਵ ਕਮੇਟੀ ਦੀ ਇਕੱਤਰਤਾ ਹੋ ਰਹੀ ਸੀ। ਮੈਂ ਗਿਆਨੀ ਹਰਚਰਨ ਸਿੰਘ ਹੁਡਿਆਰੇ ਨੂੰ ਬਾਹਰ ਬੁਲਾਇਆ। ਉਸ ਨੂੰ ਮੈਂ ਇਹ ਗੱਲ ਦੱਸੀ ਕਿ ਮੈਂ ਇਕ ਸਾਧ ਦੇ ਤੌਰ ’ਤੇ ਆਸ਼ਰਮ ਚਲਾਇਆ ਹੈ। ਕਿਸੇ ਰਾਜਸੀ ਧੜੇ ਨਾਲ ਮੇਰਾ ਕੋਈ ਸੰਬੰਧ ਨਹੀਂ। ਮੇਰੀ ਸੰਸਥਾ ਆਪਣੇ ਆਪ ਅਗਾਂਹ ਵਧਦੀ ਜਾ ਰਹੀ ਹੈ। ਮੈਂ ਸੜਕਾਂ ਤੋਂ ਆਪਣੀ ਸੇਵਾ ਦਾ ਕੰਮ ਆਰੰਭ ਕੀਤਾ ਸੀ ਤੇ ਹੁਣ ਇਸ ਕਾਰਜ ਦਾ ਆਮਦਨ ਖ਼ਰਚ ੨੩੦੦੦ ਰੁਪਏ ਮਹੀਨਾ ਤਕ ਪਹੁੰਚ ਚੁੱਕਾ ਹੈ। ਜਿਉਂ-ਜਿਉਂ ਖ਼ਰਚ ਵਧਦਾ ਜਾ ਰਿਹਾ ਹੈ ਤਿਉਂ-ਤਿਉਂ ਆਮਦਨ ਵੀ ਵਧਦੀ ਜਾ ਰਹੀ ਹੈ। ਸਿਨਮੇ ਦੀ ਇਮਾਰਤ ਦੀ ਬੋਲੀ ਦੇਣ ਲਈ ਮੈਨੂੰ ਘੱਟੋ ਘੱਟ ੫੦,੦੦੦ ਰੁਪਿਆ ਚਾਹੀਦਾ ਹੈ। ਦਿਨ-ਪ੍ਰਤੀ-ਦਿਨ ਦੇ ਖ਼ਰਚ ਵਿੱਚੋਂ ਇਮਾਰਤ ਲਈ ਏਨੀ ਵੱਡੀ ਰਕਮ ਬਚਾਉਣਾ ਮੇਰੇ ਲਈ ਅਸੰਭਵ ਰਿਹਾ ਹੈ। ਸੋ ਤੁਸੀਂ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚੋਂ ਉਸ ਇਮਾਰਤ ਨੂੰ ਖ਼ਰੀਦ ਲਉ ਤੇ ਸਾਨੂੰ ਉਸ ਵਿੱਚ ਰਹਿਣ ਦੀ ਆਗਿਆ ਦੇ ਦਿਉ, ਨਹੀਂ ਤਾਂ ਮੇਰੇ ਸਾਧਪੁਣੇ ਦੀ ਲਾਜ ਨਹੀਂ ਰਹਿ ਸਕਦੀ। ਮੈਂ ਕਿਹਾ ਕਿ ਜਿਸ ਰਾਜਸੀ ਧੜੇ ਦਾ ਮਿਊਨਿਸਿਪਲ ਕਮੇਟੀ ਜਾਂ ਸਰਕਾਰ ’ਤੇ ਕਬਜ਼ਾ ਹੈ ਉਸ ਤੋਂ ਮੈਨੂੰ ਕੋਈ



ਆਸ ਨਹੀਂ। ਮਿਊਨਿਸਿਪਲ ਕਮੇਟੀ ਵਾਲੇ ਜੇ ਕੁਝ ਦੇ ਸਕਦੇ ਹਨ ਤਾਂ ਇਸੇ ਸੂਰਤ ਵਿੱਚ ਕਿ ਮੈਂ ਕਾਂਗਰਸੀ ਮੈਂਬਰਾਂ ਨੂੰ ਆਪਣੇ ਪ੍ਰਬੰਧ ’ਚ ਹਿੱਸੇਦਾਰ ਬਣਾਵਾਂ। ਉਸ ਵੇਲੇ ਤਕ ਮੈਂ ਪਿੰਗਲਵਾੜੇ ਦੇ ਪ੍ਰਬੰਧ ਲਈ ਕੋਈ ਕਮੇਟੀ ਨਹੀਂ ਬਣਾਈ ਸੀ ਤੇ ਮੇਰਾ ਇਕੱਲੇ ਦਾ ਹੀ ਪ੍ਰਬੰਧ ਸੀ। ਸੋ ਜੇਕਰ ਤੁਸੀਂ ਚਾਹੁੰਦੇ ਹੋ ਕਿ ਮੇਰਾ ਸਾਧਪੁਣਾ ਸਫਲ ਹੋ ਜਾਏ ਤਾਂ ਤੁਸੀਂ ੫੦,੦੦੦ ਰੁਪਏ ਦੀ ਪ੍ਰਵਾਨਗੀ ਦਾ ਮਤਾ ਪਾਸ ਕਰਵਾ ਦਿਉ। ਗਿਆਨੀ ਹਰਚਰਨ ਸਿੰਘ ਨੇ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਨੂੰ ਇਕੱਤਰਤਾ ਤੋਂ ਬਾਹਰ ਬੁਲਾਇਆ। ਗਿਆਨੀ ਕਰਤਾਰ ਸਿੰਘ ਵੀ ਕੋਲ ਸੀ। ਮਾਸਟਰ ਜੀ ਨੇ ਵੱਧ ਤੋਂ ਵੱਧ ਡੇਢ ਦੋ ਮਿੰਟ ਹੀ ਗੱਲ ਸੁਣੀ। ਉਸੇ ਵੇਲੇ ਇਕੱਤਰਤਾ ਵਿੱਚ ਜਾ ਕੇ ਉਹਨਾਂ ਨੇ ੫੦,੦੦੦ ਰੁਪਏ ਦੀ ਪ੍ਰਵਾਨਗੀ ਦਾ ਮਤਾ ਪਾਸ ਕਰਵਾ ਦਿੱਤਾ। ਕੁਝ ਦਿਨਾਂ ਮਗਰੋਂ ਮੈਂ ਮਹਿਸੂਸ ਕੀਤਾ ਕਿ ਇਮਾਰਤ ਦੀ ਬੋਲੀ ੫੦,੦੦੦ ਤੋਂ ਉੱਤੇ ਚਲੀ ਜਾਏਗੀ। ਮੈਂ ਮਾਸਟਰ ਜੀ ਦੇ ਘਰ ਗਿਆ ਤੇ ਬੇਨਤੀ ਕੀਤੀ ਕਿ ਮਾਸਟਰ ਜੀ ਜਲਦੀ ਕਰਕੇ ਤੁਸੀਂ ੧੦,੦੦੦ ਰੁਪਏ ਦੀ ਪ੍ਰਵਾਨਗੀ ਹੋਰ ਦੇ ਦਿਉ। ਮਾਸਟਰ ਜੀ ਨੇ ਮੈਨੂੰ ਆਪਣੇ ਘਰ ਸੌਣ ਵਾਲੇ ਕਮਰੇ ਵਿੱਚ ਬਿਠਾ ਲਿਆ। ਮੇਰੀ ਗੱਲ ਅਜੇ ਮਾਸਟਰ ਜੀ ਨੇ ਸੁਣੀ ਨਹੀਂ ਸੀ। ਇਕ ਬੰਦਾ ਉਨ੍ਹਾਂ ਦੇ ਪਾਸ ਬੈਠਾ ਸੀ। ਪਤਾ ਨਹੀਂ ਉਹ ਉਹਨਾਂ ਦਾ ਕੋਈ ਪ੍ਰਾਹੁਣਾ ਸੀ। ਉਸ ਦੇ ਨਾਲ ਉਹ ਗੱਲ ਕਰਨ ਲੱਗ ਪਏ ਸਨ ਜਿਹੜੀ ਮੈਨੂੰ ਸੁਣਾਈ ਦੇਂਦੀ ਸੀ ਕਿ ਇਹ (ਪੂਰਨ ਸਿੰਘ) ਬੜੀ ਸੇਵਾ ਕਰਦਾ ਹੈ। ਅਸੀਂ ਇਸ ਨੂੰ ਪਿੰਗਲਵਾੜੇ ਲਈ ਇਮਾਰਤ ਬਣਾ ਕੇ ਦੇਣੀ ਹੈ। ਇਹ ਗੱਲਾਂ ਮਾਸਟਰ ਜੀ ਨੇ ਉਸ ਚਾਅ ਨਾਲ ਕੀਤੀਆਂ ਜਿਸ ਚਾਅ ਨਾਲ ਕੋਈ ਆਦਮੀ ਆਪਣੇ ਪੁੱਤਰਾਂ ਧੀਆਂ ਲਈ ਕਰਦਾ ਹੈ। ਮਾਸਟਰ ਜੀ ਮੇਰੀ ਗੱਲ ਸੁਣਨ ਲੱਗੇ ਤਾਂ ਮੈਂ ਕਿਹਾ ਕਿ ਮਾਸਟਰ ਜੀ ਤੁਸੀਂ ੧੦,੦੦੦ ਰੁਪਿਆ ਹੋਰ ਵਧਾ ਦਿਉ। ਉਹਨਾਂ ਉੱਤਰ ਦਿੱਤਾ ਕਿ ਮੈਂ ਕਮੇਟੀ ਦੀ ਇਕੱਤਰਤਾ ਵਿੱਚ ਦਸ ਹਜ਼ਾਰ ਰੁਪਿਆ ਹੋਰ ਪ੍ਰਵਾਨ ਕਰਾ ਦਿਆਂਗਾ। ਮੈਂ ਕਿਹਾ ਕਿ ਮਾਸਟਰ ਜੀ ਬੋਲੀ ਛੇਤੀ ਹੋਣੀ ਹੈ, ਤੁਸੀਂ ਪ੍ਰਵਾਨਗੀ ਫੇਰ ਲੈ ਲੈਣੀ, ਪਹਿਲਾਂ ੧੦,੦੦੦ ਰੁਪਿਆ ਆਪਣੇ ਪ੍ਰਧਾਨ ਦੇ ਅਧਿਕਾਰਾਂ ਨਾਲ ਕਢਵਾ ਲਉ। ਉਨ੍ਹਾਂ ਉੱਤਰ ਦਿੱਤਾ ਕਿ ਪਿੰਗਲਵਾੜੇ ਲਈ ਜੇ ਮੈਂ ੧੦,੦੦੦ ਰੁਪਿਆ ਕਢਵਾ ਲਵਾਂ ਤਾਂ ਮੈਨੂੰ ਕਿਸੇ ਨੇ ਕੁਝ ਨਹੀਂ ਕਹਿਣਾ। ਪਰ ਜੇ ਮੈਨੂੰ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਰੁਪਏ ਕਢਵਾਉਣ ਦੀ ਆਦਤ ਪੈ ਗਈ ਤਾਂ ਮੈਂ ਕਿਸੇ ਐਸੇ ਕੰਮ ਲਈ ਰੁਪਏ ਕਢਵਾ ਲਵਾਂਗਾ ਜਿਸ ਦੀ ਕਮੇਟੀ ਪ੍ਰਵਾਨਗੀ ਨਹੀਂ ਦੇਵੇਗੀ ਤੇ ਮੈਨੂੰ ਰੁਪਿਆ

ਭਰਨਾ ਪੈ ਜਾਵੇਗਾ।

ਮੈਂ ਤਾਂ ਮਾਸਟਰ ਜੀ ਨੂੰ ਕੇਵਲ ਇਹ ਬੇਨਤੀ ਕੀਤੀ ਸੀ ਕਿ ਮੈਨੂੰ ਸਿਨਮੇ ਦੀ ਇਮਾਰਤ ਖ਼ਰੀਦ ਦਿਉ। ਮਾਸਟਰ ਜੀ ਨੂੰ ਪਤਾ ਲੱਗਾ ਕਿ ਸਿਨਮੇ ਦੀ ਇਮਾਰਤ ਬਹੁਤ ਛੋਟੀ ਹੈ ਤੇ ਨਾ ਹੀ ਉਹ ਰੋਗੀਆਂ ਦੀਆਂ ਲੋੜਾਂ ਅਨੁਸਾਰ ਬਣੀ ਹੋਈ ਹੈ। ਉਸ ਇਮਾਰਤ ਦੇ ਨਾਲ ਲੱਗਦੀ ਕੋਈ ਥਾਂ ਨਹੀਂ ਜਿਸ ਨੂੰ ਰੋਗੀ ਤੇ ਅਪਾਹਿਜ ਉੱਠਣ ਬੈਠਣ ਜਾਂ ਸੌਣ ਲਈ ਵਰਤ ਸਕਣ। ਸੋ ਉਹਨਾਂ ਨੇ ਮੇਰੇ ਕਹਿਣ ਤੋਂ ਬਿਨਾਂ ਹੀ ਇਹ ਮਤਾ ਪਾਸ ਕਰ ਦਿੱਤਾ ਕਿ ਪਿੰਗਲਵਾੜੇ ਲਈ ਉਸ ਕਬਰਸਤਾਨ ਦੀ ਜ਼ਮੀਨ ਵਿੱਚ ਇਮਾਰਤ ਬਣਾ ਕੇ ਦਿੱਤੀ ਜਾਵੇ ਜਿਹੜੀ ਸ਼ਹੀਦ ਬਾਬਾ ਦੀਪ ਸਿੰਘ ਦੇ ਸ਼ਹੀਦ ਗੰਜ ਦੇ ਸਾਹਮਣੇ ਹੈ। ਉਹ ਜਗ੍ਹਾ ਸਿਨਮੇ ਦੀ ਇਮਾਰਤ ਦੇ ਮੁਕਾਬਲੇ ਵਿੱਚ ਦੁੱਗਣੀ ਜਾਂ ਤਿਗੁਣੀ ਹੈ। ਉਸ ਜਗ੍ਹਾ ਦਾ ਮੁੱਲ ਇਸ ਵੇਲੇ ਢਾਈ ਲੱਖ ਰੁਪਏ ਦੇ ਕਰੀਬ ਹੈ।

ਸਿਨਮੇ ਦੀ ਬੋਲੀ ਵਾਲੇ ਦਿਨ ਗਿਆਨੀ ਹਰਚਰਨ ਸਿੰਘ ਹੁਡਿਆਰਾ ਆਏ। ਨੀਲਾਮੀ ਦੇਣ ਵਾਲਾ ਉਸੇ ਇਮਾਰਤ ਲਈ ਦੋ ਲੱਖ ਤਕ ਦੇਣ ਲਈ ਤਿਆਰ ਸੀ ਕਿਉਂਕਿ ਉਸ ਇਮਾਰਤ ਦਾ ਸਿਨਮੇ ਦਾ ਲਾਇਸੈਂਸ ਸਰਕਾਰ ਵੱਲੋਂ ਪ੍ਰਵਾਨ ਹੋਇਆ ਹੋਇਆ ਸੀ। ਸਿਨਮੇ ਦੇ ਲਾਇਸੈਂਸ ਉਹਨਾਂ ਦਿਨਾਂ ਵਿੱਚ ਮਿਲਦੇ ਨਹੀਂ ਸਨ। ਜਦ ਬੋਲੀ ੬੦ ਹਜ਼ਾਰ ਤੋਂ ਵੱਧ ਗਈ ਤਾਂ ਅਸੀਂ ਇਮਾਰਤ ਲੈਣ ਤੋਂ ਰਹਿ ਗਏ।

੪ ਸਾਲ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਸੱਠ ਹਜ਼ਾਰ ਰੁਪਿਆ ਤੇ ਕਬਰਸਤਾਨ ਦੀ ਜਗ੍ਹਾ ਵਿੱਚ ਇਮਾਰਤ ਬਣਾਉਣ ਦਾ ਮਤਾ ਪਾਸ ਕਰਦੀ ਗਈ। ਮੈਨੂੰ ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਹਰਨਾਮ ਸਿੰਘ ਤੇ ਮੀਤ ਪ੍ਰਧਾਨ ਸਰਦਾਰ ਗੁਰਬਖ਼ਸ਼ ਸਿੰਘ ਕਹਿੰਦੇ ਰਹੇ ਕਿ ਪੂਰਨ ਸਿੰਘ ੬੦ ਹਜ਼ਾਰ ਰੁਪਿਆ ਪਿਆ ਹੈ ਕਬਰਸਤਾਨ ਦੀ ਜਗ੍ਹਾ ਵਿੱਚ ਜਦ ਮਰਜ਼ੀ ਇਮਾਰਤ ਬਣਵਾ ਲੈ। ਸਿਨਮੇ ਦੀ ਇਮਾਰਤ ਵਾਲੇ ਨੇ ਸਾਥੋਂ ਇਮਾਰਤ ਖ਼ਾਲੀ ਕਰਾਉਣ ਲਈ ਮੁਕੱਦਮਾ ਕੀਤਾ। ਮੁਕੱਦਮਾ ਚੱਲਦਾ ਰਿਹਾ। ਸਾਨੂੰ ਇਮਾਰਤ ਖਾਲੀ ਕਰਨ ਲਈ ੨ ਸਾਲ ਦੀ ਮੁਹਲਤ ਅਦਾਲਤ ਵੱਲੋਂ ਮਿਲ ਗਈ। ਸਿਨਮੇ ਵਾਲੇ ਨੇ ਬੰਦੇ ਵੀ ਲਿਆਂਦੇ ਜਿਹੜੇ ਸਾਨੂੰ ਜ਼ਬਰਨ ਬਾਹਰ ਕੱਢ ਦਿੰਦੇ; ਪਰ ਉਹਨਾਂ ਦਾ ਹੌਸਲਾ ਨਾ ਪਿਆ ਕਿ ਉਹ ਬਿਮਾਰਾਂ ਨੂੰ ਚੁੱਕ ਕੇ ਬਾਹਰ ਸੁੱਟਣ। ਇਸ ਤਰ੍ਹਾਂ ਸਿਨਮੇ ਦੇ ਮਾਲਕ ਦਾ ਰੁਪਏ ਦੇ ਜ਼ੋਰ ਨਾਲ ਅਪਾਹਿਜਾਂ ਨੂੰ ਬਾਹਰ ਕਢਵਾਉਣ ਦਾ ਯਤਨ ਅਸਫਲ



ਹੋ ਗਿਆ। ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਤੋਂ ਬਿਨਾਂ ਮੇਰੇ ਇਮਾਰਤ ਦੇ ਮਸਲੇ ਨੂੰ ਹੱਲ ਕਰਨ ਲਈ ਹੋਰ ਕੋਈ ਜਣਾ ਸੰਸਥਾ ਜਾਂ ਬੰਦਾ ਤਿਆਰ ਨਾ ਹੋਇਆ।

## ਡਾਕਟਰ ਗੋਪੀ ਚੰਦ ਮੁੱਖ-ਮੰਤਰੀ

੧੯੫੬ ਦੇ ਲਾਗੇ ਰਾਸ਼ਟਰਪਤੀ ਰਜਿੰਦਰ ਪ੍ਰਸ਼ਾਦ ਨੇ ਪਟਿਆਲਾ ਸ਼ਹਿਰ ਵਿੱਚ ਥਾਪਰ ਇੰਜੀਨੀਅਰਿੰਗ ਕਾਲਜ ਦਾ ਉਦਘਾਟਨ ਕਰਨਾ ਸੀ। ਉਸ ਦਿਨ ਉੱਥੇ ਲਾਲਾ ਕਰਮ ਚੰਦ ਥਾਪਰ ਨੇ ਵੀ ਆਉਣਾ ਸੀ ਜਿਸ ਨੇ ਉਹ ਕਾਲਜ ਬਣਾਇਆ ਸੀ। ਲਾਲਾ ਕਰਮ ਚੰਦ ਦੇਸ਼ ਦੇ ਪੰਜਾਂ ਚੌਂਹਾਂ ਅਮੀਰ ਆਦਮੀਆਂ 'ਚੋਂ ਇਕ ਸੀ। ਡਾਕਟਰ ਗੋਪੀ ਚੰਦ ਤੇ ਦੀਵਾਨ ਅਨੰਦ ਕੁਮਾਰ ਵਾਈਸ-ਚਾਂਸਲਰ ਪੰਜਾਬ ਯੂਨੀਵਰਸਿਟੀ ਨੇ ਵੀ ਉੱਥੇ ਆਉਣਾ ਸੀ। ਡਾਕਟਰ ਗੋਪੀ ਚੰਦ ਪੰਜਾਬ ਦਾ ਮੁੱਖ-ਮੰਤਰੀ ਰਹਿ ਚੁੱਕਾ ਸੀ। ਮੈਂ ਉਸ ਅਵਸਰ 'ਤੇ ਪਟਿਆਲੇ ਪਹੁੰਚ ਗਿਆ ਤੇ ਡਾਕਟਰ ਗੋਪੀ ਚੰਦ ਜੀ ਨੂੰ ਕਿਹਾ ਕਿ ਉਹ ਕਰਮ ਚੰਦ ਥਾਪਰ ਨੂੰ ਕਹਿਣ ਕਿ ਉਹ ਸਿਨਮੇ ਦੀ ਇਮਾਰਤ ਪਿੰਗਲਵਾੜੇ ਲਈ ਖ਼ਰੀਦ ਦੇਣ। ਗੱਲ ਸਾਰੀ ਸੱਠ ਸੱਤਰ ਹਜ਼ਾਰ ਦੀ ਸੀ। ਦੀਵਾਨ ਅਨੰਦ ਕੁਮਾਰ ਨਾਲ ਵੀ ਮੈਂ ਗੱਲਬਾਤ ਕੀਤੀ, ਉਹ ਵੀ ਮੇਰੇ ਮਿੱਤਰ ਹਨ ਤੇ ਅਸੀਂ ਲਾਹੌਰ ਸ਼ਹਿਰ ਵਿੱਚ ਮਾਂ ਜਾਏ ਭਰਾ ਬਣ ਚੁੱਕੇ ਸਾਂ; ਪਰ ਗੱਲ ਤਾਂ ਡਾਕਟਰ ਗੋਪੀ ਚੰਦ ਦੇ ਕਰਨ ਦੀ ਸੀ। ਉਸ ਨੇ ਮੇਰੀ ਗੱਲਬਾਤ ਵੱਲ ਕੰਨ ਨਾ ਧਰਿਆ।

ਇਕ ਆਦਮੀ ਅੰਮ੍ਰਿਤਸਰ ਸ਼ਹਿਰ ਵਿੱਚ ਵੀ ਬਹੁਤ ਵੱਡਾ ਪ੍ਰਸਿੱਧ ਦਾਨੀ ਸੀ, ਜਿਸ ਦੇ ਦਾਨ ਦੀ ਪ੍ਰਸਿੱਧੀ ਦੂਰ-ਦੂਰ ਤਕ ਗਈ ਹੋਈ ਸੀ। ਉਸਦੇ ਕੋਲ ਜੇਕਰ ਵੱਡੇ ਵੱਡੇ ਬੰਦੇ ਦਾਨ ਲੈਣ ਜਾਂਦੇ ਤਾਂ ਉਹ ਬਹੁਤ ਵੱਡੀਆਂ ਵੱਡੀਆਂ ਰਕਮਾਂ ਦਾਨ ਵਿੱਚ ਦੇ ਦਿੰਦਾ। ਉਹ ਬੜੀ ਦਲੇਰੀ ਨਾਲ ਦਾਨ ਕਰਦਾ ਸੀ। ਪੰਡਿਤ ਜਵਾਹਰ ਲਾਲ ਨਹਿਰੂ ਨੇ ਅੰਮ੍ਰਿਤਸਰ ਦਾ ਦੌਰਾ ਕਰਨਾ ਸੀ। ਉਸ ਨੇ ਕਿਹਾ ਕਿ ਜੇਕਰ ਪੰਡਿਤ ਜਵਾਹਰ ਲਾਲ ਨਹਿਰੂ ਮੇਰੇ ਘਰ ਰੋਟੀ ਖਾਵੇ ਤਾਂ ਮੈਂ ਇਕ ਲੱਖ ਰੁਪਿਆ ਦੇਵਾਂਗਾ। ਨਹਿਰੂ ਉਸ ਦੇ ਘਰ ਰੋਟੀ ਖਾਣ ਚਲਾ ਗਿਆ ਤੇ ਉਸ ਨੇ ਇਕ ਲੱਖ ਰੁਪਿਆ ਪੰਡਿਤ ਜਵਾਹਰ ਲਾਲ ਜੀ ਨੂੰ ਦੇ ਦਿੱਤਾ। ਮੈਂ ਉਸ ਪਾਸ ਵੀ ਗਿਆ। ਉਹ ਦਾਨੀ ਜ਼ਰੂਰ ਸੀ, ਨੇਕ ਆਦਮੀ ਵੀ ਸੀ, ਕੋਈ ਐਬ ਵੀ ਉਸ ਵਿੱਚ ਨਹੀਂ ਸੀ, ਦਇਆਵਾਨ ਵੀ ਸੀ ਪਰ ਮੇਰੀ ਗੱਲ ਉਸ ਨੇ ਵੀ ਨਾ ਸੁਣੀ।

ਡਾਕਟਰ ਗੋਪੀ ਚੰਦ ਭਾਰਗਵ ਮੈਨੂੰ ਲਾਹੌਰ ਸ਼ਹਿਰ ਤੋਂ ਜਾਣਦਾ

ਸੀ । ਮੇਰਾ ਉਸ ਦਾ ਬਹੁਤ ਪਿਆਰ ਸਤਿਕਾਰ ਬਣਿਆ ਹੋਇਆ ਸੀ । **੧੭ ਨਵੰਬਰ ਵਾਲੇ ਦਿਨ ਲਾਲਾ ਲਾਜਪਤ ਰਾਏ ਦੀ ਚਿਤਾ ਦੀ ਰਾਖੀ ਲਈ ਰਾਵੀ ਦਰਿਆ ਦੇ ਵਿਚਕਾਰ ਮੈਂ, ਡਾਕਟਰ ਗੋਪੀ ਚੰਦ ਦਾ ਭਰਾ ਮਨੋਹਰ ਲਾਲ ਤੇ ਸੈਕਟਰੀ ਯਸ਼ਪਾਲ ਸਾਰੀ ਰਾਤ ਸੁੱਤੇ ਸਾਂ ।** ਮੈਂ ਤਾਂ ਰਾਤ ਨੂੰ ਤਰੇਲ ਨਾਲ ਮਰ ਜਾਂਦਾ ਕਿਉਂਕਿ ਮੇਰੇ ਕੋਲ ਕੱਪੜੇ ਨਹੀਂ ਸਨ । ਤੜਕੇ ਤਿੰਨ ਵਜੇ ਤਰੇਲ ਨਾਲ ਠੰਢਾ ਹੋ ਜਾਣ ਉੱਤੇ ਮੈਂ ਚਿਤਾ ਦੇ ਕੋਲਿਆਂ ਦੀ ਭੁਬਲ ਉੱਤੇ ਮੰਜਾ ਡਾਹ ਕੇ ਬਚਿਆ ਸਾਂ । ਡਾਕਟਰ ਗੋਪੀ ਚੰਦ ਪੰਜਾਬ ਵਿੱਚ ਖੱਦਰ ਦੇ ਪ੍ਰਚਾਰ ਦਾ ਸਭ ਤੋਂ ਵੱਡਾ ਆਗੂ ਸੀ । ਮੈਂ ਵੀ ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ 'ਯੰਗ ਇੰਡੀਆ' ਦੇ ਲੇਖਾਂ ਨੂੰ ਪੜ੍ਹ ਕੇ ਖੱਦਰ ਦੇ ਪ੍ਰਚਾਰ ਲਈ ੨੪ ਸਾਲ ਦੀ ਉਮਰ ਵਿੱਚ ਸਾਧ ਹੋ ਗਿਆ ਸਾਂ । ਪਰ ਡਾਕਟਰ ਗੋਪੀ ਚੰਦ ਨੇ ਮੇਰੀ ਕਿਸੇ ਗੱਲ ਵੱਲ ਕੋਈ ਧਿਆਨ ਨਾ ਦਿੱਤਾ । ਡਾਕਟਰ ਗੋਪੀ ਚੰਦ ਨੇ ਆਪਣੇ ਗੁਰੂ ਲਾਜਪਤ ਰਾਏ ਦੀ ਚਿਤਾ ਉੱਤੇ ਮਰ ਜਾਣ ਦਾ ਖ਼ਤਰਾ ਮੁੱਲ ਲੈਣ ਵਾਲੇ ਦੀ ਵੀ ਮੇਰੀ ਉਸ ਨੇ ਕੋਈ ਪਰਵਾਹ ਨਾ ਕੀਤੀ । ਪੰਡਿਤ ਨਹਿਰੂ ਨੂੰ ਰੋਟੀ ਖਵਾਉਣ 'ਤੇ ਇੱਕ ਲੱਖ ਰੁਪਿਆ ਦੇਣ ਵਾਲੇ ਨੇ ਵੀ ਮੇਰੀ ਕੋਈ ਪ੍ਰਵਾਹ ਨਾ ਕੀਤੀ । ਇੱਥੇ ਇਹ ਗੱਲ ਦੱਸਣ ਵਾਲੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੋ ਕੁਝ ਮਾਸਟਰ ਤਾਰਾ ਸਿੰਘ ਨੇ ਕੀਤਾ ਉਹ ਉਹਨਾਂ ਨੇ ਮੇਰੇ ਕਿਸੇ ਰਾਜਸੀ ਖ਼ਿਆਲਾਂ ਕਰਕੇ ਨਹੀਂ ਕੀਤਾ ਸੀ ਕਿ ਮੈਂ ਉਹਨਾਂ ਦੇ ਧੜੇ ਦਾ ਆਦਮੀ ਸੀ ਜਾਂ ਅਕਾਲੀ ਸੀ । ਮੈਂ ਕਦੇ ਵੀ ਅਕਾਲੀ, ਜਨ-ਸੰਘੀ, ਕਾਂਗਰਸ, ਕਮਿਊਨਿਸਟ, ਸੋਸ਼ਲਿਸਟ ਆਦਿ ਧੜਿਆਂ ਵਿੱਚ ਸ਼ਾਮਲ ਨਹੀਂ ਹੋਇਆ, ਨਾ ਕਦੇ ਹੋਵਾਂਗਾ । ਮੈਂ ਬੇ-ਧੜਾ ਆਦਮੀ ਹਾਂ । ਮੇਰਾ ਧੜਾ ਰੱਬ ਦਾ ਧੜਾ ਹੈ ।

**ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥**
**ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥**
**ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥**
**ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥**

(ਰਾਗੁ ਆਸਾ ਘਰੁ ੨ ਮਹਲਾ ੪, ਅੰਗ ੩੬੬)

ਮੈਂ ਮਹਾਤਮਾ ਗਾਂਧੀ ਦੀ ਖੱਦਰ ਦੀ ਦਸਤਕਾਰੀ ਤੋਂ ਸਾਧ ਬਣਿਆ ਸੀ ਤੇ ਉਸੇ ਦਾ ਪ੍ਰਚਾਰ ਕਰਦਾ ਤੁਰਿਆ ਜਾ ਰਿਹਾ ਹਾਂ । ਗਾਂਧੀਵਾਦ ਦਾ ਸਮਰਥਕ ਹੋਣ ਕਰਕੇ ਡਾਕਟਰ ਗੋਪੀ ਚੰਦ ਨੂੰ ਮੇਰੀ ਕਦਰ ਕਰਨੀ ਚਾਹੀਦੀ ਸੀ; ਪਰ ਇਹ ਕੰਮ ਇੰਨਾ ਮਹਾਨ ਸੀ ਕਿ ਇਹ ਰੱਬ ਦੇ ਘਰ ਤੋਂ ਬਿਨਾਂ ਕਿਸੇ



ਦੇ ਹਿੱਸੇ ਨਹੀਂ ਆਉਣਾ ਸੀ । ਸੰਸਾਰੀ ਬੰਦਿਆਂ ਦੇ ਬੂਹਿਆਂ ਤੋਂ ਖ਼ੈਰ ਨਾ ਪੈਣ ਉੱਤੇ ਮੈਨੂੰ ਰੱਬ ਦਾ ਬੂਹਾ ਲੱਭਣਾ ਪੈਣਾ ਸੀ । ਮੈਂ ਰੱਬ ਦਾ ਬੂਹਾ ਲੱਭਿਆ । ਇਹ ਬੂਹਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਬੂਹਾ ਸੀ । ਇਹ ਬੂਹਾ ਮੇਰੇ ਲਈ ਰੱਬ ਦਾ ਘਰ ਸਾਬਤ ਹੋਇਆ ਹੈ । ਇਸ ਬੂਹੇ ਦੇ ਅਹਿਸਾਨ ਮੈਂ ਕਿਵੇਂ ਉਤਾਰ ਸਕਦਾ ਹਾਂ । ਕੇਵਲ ਉਸ ਬੂਹੇ ਨੂੰ ਮੈਂ ਐਨੀ ਅਸੀਸ ਹੀ ਦੇ ਸਕਦਾ ਹਾਂ :

**"ਜਿਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ, ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ਬੋਲੋ ਜੀ ਵਾਹਿਗੁਰੂ!**

**ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਵਿਵੇਕਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਕੀਆਂ, ਝੰਡੇ ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ ॥**

(ਜੀਵਨ ਲਹਿਰ ਸਤੰਬਰ ੧੯੭੭ 'ਚੋਂ)

**The seeds of great discoveries are constantly floating around us but they take roots only in minds well prepared to recieve them. -Joseph Henry**

## ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਸ੍ਰੀ ਅੰਮ੍ਰਿਤਸਰ

***ਦਾ ਸੱਭਿਆਚਾਰ ਵਿਕਾਸ ਕਰਨ ਅਰਥਾਤ ਇਸ ਨੂੰ ਮਨੁੱਖੀ ਸੱਭਿਅਤਾ ਦੇ ਹਰ ਪੱਖ ਤੋਂ ਨਮੂਨੇ ਦਾ ਸ਼ਹਿਰ ਬਣਾਉਣ ਦੇ ਚਾਹਵਾਨ ਧਰਮੀ ਬੰਦਿਆਂ ਦੀ ਸੇਵਾ ਵਿੱਚ ਇਕ ਨਿਰਧਨ ਸਮਾਜ ਉਸਾਰੂ ਸੇਵਕ ਵੱਲੋਂ ਬੇਨਤੀ ।***

***-ਭਗਤ ਪੂਰਨ ਸਿੰਘ***

**LOSS OF CREATIVE MINORITY**

**Professor Arnold Toynbee, analysing the causes and symptoms of the decline and fall of 21 civilisations, comes to the conclusion that it is the loss of the creative spark in the creative minority of a given society that brings its downfall. He describes the creative spark through the parables of Promethean elan and Orpheus music.**

## ਰਚਨਾਤਮਿਕ ਘੱਟ ਗਿਣਤੀ ਦੀ ਥੁੜ

੨੧ ਸੱਭਿਅਤਾਵਾਂ ਦੇ ਜ਼ਵਾਲ ਅਤੇ ਸਮਾਪਤੀ ਦੇ ਕਾਰਨ ਅਤੇ ਨਿਸ਼ਾਨੀਆਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਪ੍ਰੋਫ਼ੈਸਰ ਆਰਨਲਡ ਟਾਇਨਬੀ ਇਸ ਸਿੱਟੇ 'ਤੇ ਪੁੱਜਾ ਹੈ ਕਿ ਕਿਸੇ ਸਮਾਜ ਦੀ ਗਿਰਾਵਟ ਦਾ ਕਾਰਨ ਉਸ ਦੀ ਰਚਨਾਤਮਿਕ ਘੱਟ ਗਿਣਤੀ ਦੇ ਅੰਦਰੋਂ ਉਸਾਰੂ ਚੰਗਿਆੜੀ ਦਾ ਬੁਝ ਜਾਣਾ ਹੈ । ਇਸ ਉਸਾਰੂ ਚੰਗਿਆੜੀ ਨੂੰ ਉਸ ਨੇ ਪ੍ਰਾਮਿਥੀਅਨ ਅਗਨੀ ਅਤੇ ਅਰਫੀਅਸ-ਸੰਗੀਤ ਦੇ ਅਲੰਕਾਰਾਂ ਨਾਲ ਬਿਆਨ ਕੀਤਾ ਹੈ ।

**The noblest charities, the best fruits of learning, the richest discoveries, the best institutions of law and justice, every greatest thing the world has seen, represents more or less directly the fruitfulness and creativeness of religion. —Horace Bushnell**

ਸਭ ਤੋਂ ਉੱਤਮ ਦਾਨ, ਸਭ ਤੋਂ ਵੱਡਾ ਵਿੱਦਿਆ-ਫਲ, ਸਭ ਤੋਂ ਅਮੀਰ ਕਾਢਾਂ, ਸਭ ਤੋਂ ਚੰਗੀਆਂ ਕਾਨੂੰਨ ਤੇ ਇਨਸਾਫ਼ ਦੀਆਂ ਸੰਸਥਾਵਾਂ ਅਰਥਾਤ ਵੱਡੀਆਂ ਤੋਂ ਵੱਡੀਆਂ ਵਸਤਾਂ ਜੋ ਦੁਨੀਆਂ ਵਿੱਚ ਪ੍ਰਵਾਨ ਚੜ੍ਹੀਆਂ



ਹਨ, ਕਿਸੇ ਹੱਦ ਤਕ ਧਰਮ ਦੀ ਉਪਜਾਊ ਤੇ ਰਚਨਾਤਮਿਕ ਸ਼ਕਤੀ ਦਾ ਨਤੀਜਾ ਹੀ ਹੁੰਦੀਆਂ ਹਨ ।

**Duty is the demand of the hour and the reward of one duty is the power to fulfill another.**

ਅਰਥਾਤ—ਫ਼ਰਜ਼ ਸਮੇਂ ਦੀ ਮੰਗ ਹੈ ਤੇ ਕਿਸੇ ਇਕ ਫ਼ਰਜ਼ ਦੀ ਪੂਰਤੀ ਕਿਸੇ ਹੋਰ ਫ਼ਰਜ਼ ਨੂੰ ਪੂਰਿਆਂ ਕਰਨ ਦੀ ਸ਼ਕਤੀ ਦਿੰਦੀ ਹੈ ।

ਪਿੰਗਲਵਾੜੇ ਨੇ ਗ਼ਰੀਬ ਤੇ ਬੇਆਸਰੇ ਰੋਗੀਆਂ ਦੇ ਮਸਲੇ ਦਾ ਜੋ ਹੱਲ ਅੰਮ੍ਰਿਤਸਰ ਸ਼ਹਿਰ ਦੇ ਇਕ ਪੂਰੇ ਦਰਜੇ ਦੇ ਹਸਪਤਾਲ ਦੇ ਸਹਾਰੇ ਲੱਭਿਆ ਹੈ ਉਹ ਦੇਸ਼ ਵਿੱਚ ਨਵਾਂ ਹੀ ਹੈ ਤੇ ਇਸ ਗੱਲ ਨੂੰ ਦੂਜੇ ਥਾਵਾਂ 'ਤੇ ਵੀ ਵਰਤਿਆ ਜਾਣਾ ਚਾਹੀਦਾ ਹੈ, ਜਿੱਥੇ-ਜਿੱਥੇ ਵੀ ਪੂਰੇ ਦਰਜੇ ਦੇ ਹਸਪਤਾਲ ਹਨ । ਅਸੀਂ ਪਿੰਗਲਵਾੜੇ ਦੇ ਸੇਵਕ ਇਹ ਬੇਨਤੀ ਕਰਨ ਦੀ ਵੀ ਆਗਿਆ ਮੰਗਦੇ ਹਾਂ ਕਿ ਸਾਡੀ ਇਸ ਸੰਸਥਾ ਨੂੰ ਜਿਸ ਨੇ ਦੇਸ਼ ਦਾ ਐਡਾ ਵੱਡਾ ਕੰਮ ਆਪਣੇ ਕਮਜ਼ੋਰ ਮੋਢਿਆਂ 'ਤੇ ਚੁੱਕਿਆ ਹੋਇਆ ਹੈ, ਦੇਸ਼ ਦੇ ਹਰ ਥਾਂ ਤੋਂ ਦਾਨ ਮਿਲਣਾ ਚਾਹੀਦਾ ਹੈ, ਤਾਂ ਜੋ ਸਾਡਾ ਇਹ ਤਜਰਬਾ ਦੂਜਿਆਂ ਲਈ ਮਿਸਾਲ ਬਣ ਸਕੇ । ਅਸੀਂ ਯਤਨ ਕਰਦੇ ਹਾਂ, ਉਹਨਾਂ ਬੰਦਿਆਂ ਨੂੰ ਹਰ ਥਾਂ 'ਤੇ ਜਾ ਕੇ ਲੱਭਣ ਜਾਂ ਜਿਨ੍ਹਾਂ ਦੇ ਹਿਰਦਿਆਂ ਵਿੱਚ ਧਰਮ ਦਾ ਵਿਕਾਸ ਹੋਇਆ ਹੁੰਦਾ ਹੈ ਤੇ ਜਿਹੜੇ ਇਸ ਗੱਲ ਦੇ ਚਾਹਵਾਨ ਹੁੰਦੇ ਹਨ ਕਿ ਉਹਨਾਂ ਕੋਲ ਪੁੱਜ ਕੇ ਕੋਈ ਸੇਵਾ ਤੇ ਪਰਉਪਕਾਰ ਦੇ ਕਾਰਜਾਂ ਲਈ ਸਵਾਲ ਕਰੇ । ਕਿਸੇ ਸਿਆਣੇ ਨੇ ਠੀਕ ਕਿਹਾ ਹੈ ਕਿ ਨਵੀਆਂ ਕਾਢਾਂ ਦੇ ਬੀਜ ਸਾਡੇ ਆਲੇ ਦੁਆਲੇ ਹੀ ਹੁੰਦੇ ਹਨ ਪਰ ਜੜ੍ਹ ਉਹ ਕੇਵਲ ਉਹਨਾਂ ਹਿਰਦਿਆਂ ਵਿੱਚ ਹੀ ਫੜਦੇ ਹਨ ਜਿਹੜੇ ਉਹਨਾਂ ਨੂੰ ਜੀ ਆਇਆਂ ਕਹਿਣ ਨੂੰ ਪਹਿਲਾਂ ਹੀ ਚੰਗੀ ਤਰ੍ਹਾਂ ਤਿਆਰ ਹੋਏ ਹੁੰਦੇ ਹਨ । ਜਦ ਗੁਰੂ ਸਾਹਿਬ ਕਹਿੰਦੇ ਹਨ :-

**"ਅਕਲੀ ਸਾਹਿਬ ਸੇਵੀਐ"** ਤਾਂ ਉਹ ਵਿੱਦਿਆ ਦਾ ਮਨੋਰਥ ਦੱਸ ਰਹੇ ਹੁੰਦੇ ਹਨ। ਅਕਲ ਉਸ ਮਨੁੱਖ ਦੀ ਹੀ ਸਫਲ ਹੈ ਜੋ ਇਸ ਨੂੰ ਸਾਹਿਬ ਦੀ ਸੇਵਾ ਵਿੱਚ ਲਾਉਂਦਾ ਹੈ ਅਰਥਾਤ ਮਨੁੱਖ-ਮਾਤਰ ਦੀ ਸੇਵਾ ਵਿੱਚ ਲਾਉਂਦਾ ਹੈ; ਅਜਿਹੀ ਸੇਵਾ ਹੀ ਪੜ੍ਹਨ, ਪੜ੍ਹਾਉਣ ਦੇ ਮਨੋਰਥ ਨੂੰ ਨੇਪਰੇ ਚਾੜ੍ਹਦੀ ਹੈ । ਪਿੰਗਲਵਾੜੇ ਦਾ ਇਹ ਕਾਰਜ ਮੇਰੇ ਗ਼ਰੀਬ ਤੇ ਨਿਤਾਣੇ ਸੇਵਕ ਦੇ ਤੌਰ 'ਤੇ ਆਰੰਭ ਹੋਇਆ ਹੈ । ਮੈਂ ਨਾ ਕਿਸੇ ਰਾਜਸੀ ਸਤਾ ਵਾਲੇ ਬੰਦੇ ਦੀ ਓਟ ਲਈ ਹੈ ਤੇ ਨਾ ਹੀ ਕਿਸੇ ਧਨ ਵਾਲੇ ਬੰਦੇ ਦੀ । ਮੈਂ ਜਦੋਂ ਵੀ ਕਿਸੇ ਅੱਗੇ ਹੱਥ ਅੱਡਦਾ ਹਾਂ ਤਾਂ ਕੇਵਲ ਧਰਮ ਤੇ ਪ੍ਰਮਾਤਮਾ ਦੇ ਨਾਮ 'ਤੇ ਉਹਨਾਂ ਬੰਦਿਆਂ ਅੱਗੇ ਜੋ ਧਰਮ ਦੇ ਰਾਹੇ ਤੁਰਨਾ ਸਿੱਖ ਰਹੇ ਹੁੰਦੇ ਹਨ । ਮੇਰੀਆਂ ਰਸੀਦਾਂ ਤੇ

ਲੈਟਰਪੈਡਾਂ 'ਤੇ ਛਪੇ ਹੋਏ ਇਹ ਸ਼ਬਦ ਵੀ ਨੋਟ ਕਰਨ ਵਾਲੇ ਹਨ:-

**"ਭਗਤ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਲਾਹੌਰ ਸ਼ਹਿਰ ਵਿੱਚ ੨੪ ਸਾਲ ਰਹਿ ਚੁੱਕਾ ਸੇਵਾਦਾਰ ।"**

ਇਨ੍ਹਾਂ ਸ਼ਬਦਾਂ ਤੋਂ ਪ੍ਰਗਟ ਹੈ ਕਿ ਮੈਂ ਗੁਰਦੁਆਰਿਆਂ ਤੋਂ ਹੀ ਇਸ ਕਾਰਜ ਲਈ ਪ੍ਰੇਰਨਾ ਲਈ ਹੈ ਅਤੇ ਧਰਮੀ ਬੰਦਿਆਂ ਦੀ ਸਹਾਇਤਾ ਦਾ ਲੋੜਵੰਦ ਹਾਂ ਤੇ ਉਹਨਾਂ ਦੀ ਭਾਲ ਮੈਂ ਥਾਂ ਥਾਂ ਕਰਨੀ ਹੈ । ਅੰਮ੍ਰਿਤਸਰ ਸ਼ਹਿਰ ਦੇ ਪੂਰੇ ਦਰਜੇ ਦੇ ਹਸਪਤਾਲ ਦੇ ਸਹਾਰੇ ਮੈਂ ਸਾਰੇ ਭਾਰਤਵਰਸ਼ ਦੇ ਬੇਆਸਰੇ ਅਤੇ ਗ਼ਰੀਬ ਰੋਗੀਆਂ ਤੇ ਅਪਾਹਿਜਾਂ ਨੂੰ ਇਲਾਜ ਲਈ ਸੱਦਾ ਦਿੱਤਾ ਹੋਇਆ ਹੈ । ਇਸ ਕੰਮ ਦਾ ਮੇਰੇ ਪਾਸੋਂ ਇਤਫ਼ਾਕ ਨਾਲ ਅੰਮ੍ਰਿਤਸਰ ਸ਼ਹਿਰ ਵਿੱਚ ਆਰੰਭਿਆ ਜਾਣਾ ਇਸ ਦੀ ਸਫਲਤਾ ਦੀ ਰੱਬੀ ਜ਼ਮਾਨਤ ਸਮਝਣੀ ਚਾਹੀਦੀ ਹੈ । ਇਹ ਨਗਰੀ ਕਿੰਨੀ ਭਾਗਾਂ ਵਾਲੀ ਹੈ, ਕਿੰਨੀ ਮਹਾਨ ਹੈ, ਜਿਸ ਦੇ ਦਰਸ਼ਨਾਂ ਦੀ ਇੱਛਿਆ ਹਰ ਗੁਰਸਿੱਖ ਦੇ ਹਿਰਦੇ ਦੀ ਧੜਕਨ ਬਣੀ ਹੋਈ ਹੈ । ਹਰ ਗੁਰਸਿੱਖ ਰੋਜ਼ ਪੜ੍ਹਦਾ ਹੈ:- ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਇਸ਼ਨਾਨ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦੀ ਮਹਿਮਾ ਇਉਂ ਕੀਤੀ ਹੈ :-

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥**
**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥**
**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥**

**(ਅੰਗ ੧੩੬੨)**

ਇਹ ਮਹਿਮਾ ਇਸ ਲਈ ਨਹੀਂ ਕਿ ਇਸ ਦੀ ਇਮਾਰਤੀ ਵਿਉਂਤ ਸੁੰਦਰ ਹੈ । ਸੰਸਾਰ ਅੰਦਰ ਬੇਅੰਤ ਇਮਾਰਤਾਂ ਹਨ ਜੋ ਇਸ ਨਾਲੋਂ ਵੱਧ ਸੁੰਦਰ ਹਨ । ਪਰ ਇਤਿਹਾਸ ਦੱਸਦਾ ਹੈ ਕਿ ਜਦ ਹਰਿਮੰਦਰ ਤਿਆਰ ਹੋ ਗਿਆ ਤਾਂ ਗੁਰੂ ਸਾਹਿਬ ਖ਼ੁਸ਼ੀ ਤੇ ਸ਼ੁਕਰਾਨੇ ਦੇ ਹੁਲਾਰੇ ਵਿੱਚ ਅੱਥਰੂ ਕੇਰ ਰਹੇ ਸਨ, ਉਨ੍ਹਾਂ ਦੇ ਸਾਹਮਣੇ ਉਨ੍ਹਾਂ ਹਜ਼ਾਰਾਂ ਸੇਵਕਾਂ ਦੀ ਤਸਵੀਰ ਆ ਗਈ ਸੀ ਜਿਨ੍ਹਾਂ ਆਪਣਾ ਪਸੀਨਾ ਡੋਲ੍ਹ ਕੇ ਅਤੇ ਆਪਣਾ ਧਨ ਤੇ ਸਮਾਂ ਖ਼ਰਚ ਕਰਕੇ ਹਰਿਮੰਦਰ ਦੀ ਉਸਾਰੀ ਕੀਤੀ ਸੀ । ਇਸ ਨਾਲ ਅੰਮ੍ਰਿਤਸਰ ਇਕ ਨਿਰਾ ਸ਼ਹਿਰ ਹੀ ਨਹੀਂ ਰਹਿ ਜਾਂਦਾ । ਗੁਰੂ ਸਾਹਿਬ ਦੀ ਦੂਰਦਰਸ਼ੀ ਤੇ ਵਿਸ਼ਾਲ ਨਜ਼ਰ ਵਿੱਚ ਇਹ ਸਿੱਖ ਸੱਭਿਆਚਾਰ ਦਾ ਕੇਂਦਰ ਬਣ ਰਿਹਾ ਸੀ । ਜਦ ਮੈਂ ਇਸ ਤਰ੍ਹਾਂ ਵੇਖਦਾ ਹਾਂ ਤਾਂ ਪਿੰਗਲਵਾੜੇ ਦਾ ਇਸ ਸ਼ਹਿਰ ਵਿੱਚ ਜਨਮ ਲੈਣਾ ਮੈਨੂੰ ਮੁਬਾਰਕ ਦਿੱਸਦਾ ਹੈ । ਇਹ ਉਨ੍ਹਾਂ ਦੇ ਮੰਤਵਾਂ ਦੀ ਪੂਰਤੀ ਦਾ



ਇਕ ਪ੍ਰਗਟਾਵਾ ਹੀ ਸਮਝਣਾ ਚਾਹੀਦਾ ਹੈ ਤੇ ਇਸਦੀ ਸੇਵਾ-ਸੰਭਾਲ ਲਈ ਹਰ ਕਿਸੇ ਨੂੰ ਪ੍ਰੇਰਨਾ ਮਿਲਣੀ ਚਾਹੀਦੀ ਹੈ । ਪ੍ਰਾਣੀ-ਮਾਤਰ ਨੂੰ ਪ੍ਰੇਸ਼ਾਨ ਕਰਨ ਵਾਲੇ ਜਾਂ ਬਿਨ-ਆਈਆਂ ਮੌਤਾਂ ਲਿਆਉਣ ਵਾਲੇ ਜੋ ਮਸਲੇ ਪੈਦਾ ਹੁੰਦੇ ਰਹਿੰਦੇ ਹਨ ਉਹਨਾਂ ਦਾ ਹੱਲ ਕੱਢਣਾ ਸਦਾ ਹੀ ਅਕਲ ਵਾਲੇ ਤੇ ਧਰਮੀ ਬੰਦਿਆਂ ਦਾ ਕੰਮ ਹੁੰਦਾ ਹੈ ਤੇ ਜਿਹੜਾ ਵੀ ਇਸ ਵਿੱਚ ਅਗਵਾਈ ਕਰੇ ਉਸ ਨੂੰ ਇਸ ਸੰਸਾਰ ਦੇ ਬੰਦਿਆਂ ਵੱਲੋਂ ਮਾਣ ਮਿਲੇਗਾ ।

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਸੰਨ ੧੯੪੭ ਦੇ ਮਹੀਨਾ ਅਗਸਤ ਦੀ ੧੮ ਤਾਰੀਖ਼ ਵਾਲੇ ਦਿਨ ਸੜਕਾਂ ਦੇ ਕੰਢਿਆਂ 'ਤੇ ਆਰੰਭ ਹੋ ਕੇ ਪੌਣੇ ਤਿੰਨ ਲੱਖ ਰੁਪਏ ਮਹੀਨਾ ਦੇ ਖ਼ਰਚ ਨਾਲ ਚੱਲਣ ਵਾਲੀ ਸੰਸਥਾ ਪਿੰਗਲਵਾੜਾ ਦੀ ਸੇਵਾ ਦਾ ਇਹ ਕਾਰਜ ਜੇਕਰ ਅਗਾਂਹ ਤੋਂ ਅਗਾਂਹ ਵਧਦਾ-ਫੁੱਲਦਾ ਗਿਆ ਹੈ ਤਾਂ ਇਸ ਦਾ ਸਭ ਤੋਂ ਵੱਡਾ ਕਾਰਣ ਇਸ ਦਾ ਸ੍ਰੀ ਦਰਬਾਰ ਸਾਹਿਬ ਦੇ ਸ਼ਹਿਰ ਵਿੱਚ ਚੱਲਦੇ ਹੋਣਾ ਤੇ ਮੇਰਾ ਗੁਰੂ ਘਰ ਦੀ ਓਟ 'ਤੇ ਨਿਰਭਰ ਰਹਿਣਾ ਹੈ । ਇਸ ਸੰਸਥਾ ਦਾ ਬੀਜ-ਰੂਪ ਇਕ ਲੂਲ੍ਹਾ ਬਾਲਕ ਬਣਿਆ ਹੈ ਜਿਸ ਦੀ ਚਾਰ ਸਾਲ ਦੀ ਉਮਰ ਵਿੱਚ ਉਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ) ਦੇ ਬੂਹੇ ਅੱਗੇ ਸੰਨ ੧੯੩੪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਵਾਲੇ ਦਿਨ ਲਾਵਾਰਸੀ ਦੀ ਹਾਲਤ ਵਿੱਚ ਚੋਰੀਓਂ ਛੱਡ ਦਿੱਤਾ ਗਿਆ ਸੀ ਤੇ ਜਿਸ ਨੂੰ ਬੱਚਿਆਂ ਦੇ ਕਿਸੇ ਵੀ ਯਤੀਮਖ਼ਾਨੇ ਨੇ ਲੂਲ੍ਹਾ ਹੋਣ ਦੇ ਕਾਰਨ ਦਾਖ਼ਲ ਨਹੀਂ ਕੀਤਾ ਸੀ । ਉਸ ਬਾਲਕ ਨੂੰ, ਮੈਨੂੰ ਪਿੰਗਲਵਾੜਾ ਬਣਨ ਤੋਂ ਪਹਿਲਾਂ ਚੌਦਾਂ ਸਾਲ ਆਪਣੀ ਪਿੱਠ 'ਤੇ ਚੁੱਕੀ ਫਿਰਨਾ ਪਿਆ ਸੀ । ਇਹ ਕਾਰਜ ਸਿੱਖ ਗੁਰਦਵਾਰਿਆਂ ਦੇ ਨਿਸ਼ਾਨ ਸਾਹਿਬਾਂ ਦੀ ਛਤਰ-ਛਾਇਆ ਹੇਠ ਆਰੰਭ ਹੋਇਆ ਸੀ ਤੇ ਓਸੇ ਦੀ ਛਤਰ-ਛਾਇਆ ਹੇਠ ਇਹ ਸਿਰੇ ਚੜ੍ਹਨ ਵਾਲਾ ਹੈ । ਮੈਂ ਗੁਰੂ ਘਰ ਦਾ ਲੱਖ-ਲੱਖ ਧੰਨਵਾਦ ਕਰਦਾ ਹਾਂ ਕਿ ਜਿਉਂ-ਜਿਉਂ ਇਸ ਸੰਸਥਾ ਦਾ ਖ਼ਰਚ ਵਧਦਾ ਗਿਆ ਹੈ ਤਿਉਂ-ਤਿਉਂ ਇਸ ਦੀ ਆਮਦਨ ਵਧਦੀ ਗਈ ਹੈ । ਇਸ ਸੰਸਥਾ ਦੀ ਆਮਦਨੀ ਦਾ ਸਭ ਤੋਂ ਵੱਡਾ ਆਧਾਰ ਦੇਸ਼ ਅਤੇ ਦੁਨੀਆਂ ਦੇ ਹਰ ਹਿੱਸੇ ਤੋਂ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਆਉਣ ਵਾਲੀਆਂ ਸੰਗਤਾਂ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਗਲਵਾੜੇ ਨੂੰ ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚੋਂ ਪੰਜ ਹਜ਼ਾਰ ਰੁਪਿਆ ਮਹੀਨਾ ਸਹਾਇਤਾ ਦੇ ਰਹੀ ਹੈ ।

ਦਿਨ-ਪ੍ਰਤੀ-ਦਿਨ ਦੀ ਮਹਿੰਗਾਈ ਦੇ ਵਧਦੇ ਜਾਣ ਦੇ ਕਾਰਨ ਸਾਡਾ ਖ਼ਰਚ ਵਧਦਾ ਜਾ ਰਿਹਾ ਹੈ । ਹੋਰ ਵੀ ਕੋਈ ਨਾ ਕੋਈ ਉਚੇਚਾ ਖ਼ਰਚ ਪੈ

ਜਾਂਦਾ ਹੈ । ਇਹ ਕਾਰਜ ਸੜਕਾਂ ਦੇ ਕੰਢਿਆਂ 'ਤੇ ਆਰੰਭ ਹੋਇਆ ਸੀ । ਇਮਾਰਤ ਵੱਲੋਂ ਤਾਂ ਇਸ ਦਾ ਹਾਲ ਅਜੇ ਵੀ ਸੜਕਾਂ ਦੇ ਕੰਢਿਆਂ 'ਤੇ ਡੇਰਾ ਲਾਉਣ ਵਾਲਾ ਹੈ । ਇਸ ਮਸਲੇ ਨੂੰ ਹੱਲ ਕਰਨ ਲਈ ਸਾਨੂੰ ੨੦-੩੦ ਲੱਖ ਰੁਪਏ ਦੀ ਲੋੜ ਪਵੇਗੀ । ਦਿਨ-ਪ੍ਰਤੀ-ਦਿਨ ਦੇ ਖ਼ਰਚਾਂ ਨੂੰ ਕੱਢ ਕੇ ਇਸ ਮਸਲੇ ਦੇ ਹੱਲ ਲਈ ਰੁਪਿਆ ਜਮ੍ਹਾਂ ਹੋਣਾ ਚਾਹੀਦਾ ਹੈ । ਫ਼ਿਕਰ ਤਾਂ ਮੈਨੂੰ ਦਿਨ-ਪ੍ਰਤੀ-ਦਿਨ ਦੇ ਖ਼ਰਚ ਵੱਲੋਂ ਵੀ ਰਹਿੰਦਾ ਹੈ । ਮੈਂ ਸੋਚਦਾ ਰਹਿੰਦਾ ਹਾਂ ਕਿ ਵਾਹਿਗੁਰੂ ਤੂੰ ਹੀ ਸਾਡਾ ਫ਼ਿਕਰ ਕਰੇਂਗਾ । ਇਮਾਰਤ ਦੀ ਉਸਾਰੀ ਜੇ ਤੈਨੂੰ ਪ੍ਰਵਾਨ ਹੋਵੇਗੀ ਤਾਂ ਉਸ ਲਈ ਵੀ ਤੂੰ ਰੁਪਿਆ ਜਮ੍ਹਾਂ ਕਰਾਵੇਂਗਾ—ਤੇ ਮੈਨੂੰ ਇਹ ਸਭ ਆਸਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਆਉਣ ਵਾਲੀਆਂ ਸੰਗਤਾਂ ਤੋਂ ਹਨ, ਜਿਨ੍ਹਾਂ ਨੂੰ ਯਾਦ ਕਰਕੇ ਮੇਰਾ ਮਨ ਡੋਲਦਾ ਨਹੀਂ ਅਤੇ ਪੂਰੀ ਆਸ ਬੱਝੀ ਰਹਿੰਦੀ ਹੈ । ਇਹ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥਾਂ ਦੀ ਸਿੱਖਿਆ ਅਨੁਸਾਰ ਚੱਲ ਰਿਹਾ ਹੈ ਅਤੇ ਮੈਂ ਭਰੋਸਾ ਕਰਦਾ ਹਾਂ ਕਿ ਇਸ ਕਾਰਜ ਦੇ ਬੀਜ ਲੂਲ੍ਹੇ-ਬੱਚੇ ਦੀ ਕਹਾਣੀ ਅਤੇ ਗੁਰਦੁਆਰਾ ਡੇਹਰਾ ਸਾਹਿਬ ਤੋਂ ਇਸ ਕਾਰਜ ਲਈ ਮੇਰੇ ਜੀਵਨ ਦਾ ਢਲਣਾ ਸਭ ਗੱਲਾਂ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਨੂੰ ਇਸ ਸੰਸਥਾ ਦੇ ਸਿਰ 'ਤੇ ਖੜ੍ਹਾ ਹੋਣ ਲਈ ਪ੍ਰੇਰਣਗੀਆਂ । ਜਦੋਂ ਮੈਂ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਵੱਲੋਂ ਪਿੰਗਲਵਾੜੇ ਨੂੰ ਆਉਣ ਵਾਲੇ ਦਾਨ ਵੱਲ ਨਿਗ੍ਹਾ ਮਾਰਦਾ ਹਾਂ ਜਿਨ੍ਹਾਂ ਦੇ ਦਾਨ ਤੋਂ ਸੰਸਥਾ ਦਾ ਖ਼ਰਚ ਨਿਰਵਿਘਨ ਤੌਰ 'ਤੇ ਚੱਲਦਾ ਰਹਿੰਦਾ ਹੈ, ਤਾਂ ਮੇਰਾ ਹਿਰਦਾ ਇਸ ਸੰਸਥਾ ਦੇ ਭਵਿੱਖ ਦੇ ਸੰਬੰਧ ਵਿੱਚ ਪੈਦਾ ਹੋਣ ਵਾਲੀਆਂ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੋ ਜਾਂਦਾ ਹੈ ।

ਮੈਨੂੰ ਗੁਰੂ ਸਾਹਿਬ ਦੇ ਹੇਠ ਲਿਖੇ ਵਾਕ ਚੇਤੇ ਆਉਂਦੇ ਹਨ ਤੇ ਭਰੋਸਾ ਦੇਈ ਰੱਖਦੇ ਹਨ ਕਿ ਸਭ ਠੀਕ ਹੋ ਜਾਏਗਾ—

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥**
**(ਅੰਗ ੧੪੨੯)**

ਅੰਤ ਵਿੱਚ ਮੈਂ ਜੁਗੋ ਜੁਗ ਅਟੱਲ ਗੁਰਦੁਆਰਿਆਂ, ਝੰਡਿਆਂ, ਬੁੰਗਿਆਂ ਨਿਸ਼ਾਨਾਂ ਵਾਲੇ ਗੁਰੂ ਘਰ ਦੀਆਂ ਬਖ਼ਸ਼ਿਸ਼ਾਂ ਭਰਪੂਰ ਸੰਗਤਾਂ ਅੱਗੇ ਆਪਣੀ ਗੁਰਦੁਆਰਾ ਡੇਹਰਾ ਸਾਹਿਬ ਦੇ ਨਾਂ ਵਾਲੀ ਬਸੰਤੀ ਰੰਗ ਦੀ ਝੋਲੀ ਨੂੰ ਉਚੇਚਿਆਂ ਤੌਰ 'ਤੇ ਅੱਡਦਾ ਹਾਂ ਤੇ ਆਸ ਕਰਦਾ ਹਾਂ ਕਿ ਇਸ ਝੋਲੀ ਨੂੰ ਭਰ ਦਿੱਤਾ ਜਾਵੇਗਾ ਤਾਂ ਜੋ ਮੈਂ ਬੇਫ਼ਿਕਰ ਹੋ ਕੇ ਇਸ ਕਾਰਜ ਨੂੰ ਕਰਦਾ ਜਾਵਾਂ ।

(ਜੀਵਨ ਲਹਿਰ ਅਗਸਤ ੧੯੯੧ 'ਚੋਂ)



# ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥(ਅੰ:੭੮੪)

**-ਭਗਤ ਪੂਰਨ ਸਿੰਘ**

ਸ੍ਰੀ ਅੰਮ੍ਰਿਤਸਰ ਜੋ ਅੱਜ ਇਕ ਮਹਾਨ ਤੀਰਥ ਅਸਥਾਨ ਹੈ, ਕਿਸੇ ਸਮੇਂ ਇਕ ਨਿੱਕਾ ਜਿਹਾ ਪਿੰਡ ਸੀ ਰਾਮਦਾਸ ਪੁਰ, ਜਿੱਥੇ ਸਤਿਗੁਰੂ ਰਾਮਦਾਸ ਜੀ ਅਤੇ ਸਤਿਗੁਰੂ ਅਰਜਨ ਦੇਵ ਜੀ ਨੇ ਕਈ ਸਾਲਾਂ ਦੀ ਅਣਥੱਕ ਮਿਹਨਤ ਨਾਲ ਇਸ ਨੂੰ ਸੰਸਾਰ-ਵਿਆਪੀ ਬਣਾਇਆ ਸੀ । ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਈ ਸੀ, ਸਾਰੇ ਸੰਸਾਰ ਨੂੰ ਸਦੀਵੀ ਤੌਰ 'ਤੇ ਆਤਮ-ਭੋਜਨ ਪ੍ਰਦਾਨ ਕਰਨ ਲਈ। ਸ੍ਰੀ ਅੰਮ੍ਰਿਤਸਰ ਨੂੰ ਤੀਰਥ-ਰੂਪ ਦੇਣ ਲਈ ਜਦ ਹਰੀ-ਮੰਦਰ ਤੇ ਇਸ ਦਾ ਸਰੋਵਰ ਤਿਆਰ ਹੋ ਗਏ ਤਾਂ ਇਸ ਤੀਰਥ ਦਾ ਮਨੋਰਥ ਇਉਂ ਦੱਸਿਆ ਗਿਆ ਸੀ:-**"ਹਰਿ ਜਪੇ ਹਰਿ ਮੰਦਰ ਸਾਜਿਆ"।** ਸ਼ਹਿਰ ਦੇ ਆਰਥਿਕ ਵਿਕਾਸ ਨੂੰ ਮੁੱਖ ਰੱਖ ਕੇ ਇਸ ਨੂੰ ਤਜਾਰਤ ਦਾ ਇਕ ਬਹੁਤ ਵੱਡਾ ਕੇਂਦਰ ਬਣਾ ਦਿੱਤਾ ਗਿਆ ਸੀ ਜੋ ਗੁਰੂ ਸਾਹਿਬਾਨ ਦੇ ਆਪਣੇ ਸਮੇਂ ਵਿੱਚ ਹੀ ਬੜਾ ਵਧਿਆ ਫੁੱਲਿਆ ਸੀ । ਜੇ ਉਹਨਾਂ ਨੂੰ ਕਰਤਾਰ ਵੱਲੋਂ ਹੋਰ ਵਧੇਰੇ ਸਮਾਂ ਮਿਲਦਾ ਤਾਂ ਪਤਾ ਨਹੀਂ ਉਹ ਹੋਰ ਕੀ ਕੀ ਕਰਦੇ ਇਸ ਸ਼ਹਿਰ ਦੀ ਸ਼ੋਭਾ ਵਧਾਉਣ ਲਈ; ਕਿਉਂਕਿ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਉਹ ਇਸ ਸ਼ਹਿਰ ਉੱਤੇ ਖ਼ਾਸ ਕਿਰਪਾ ਦੀ ਨਜ਼ਰ ਰੱਖਦੇ ਸਨ, ਨਹੀਂ ਤਾਂ ਸਮਾਜਿਕ ਸੇਵਾ ਦਾ ਇਹ ਅਸਥਾਨ ਪਿੰਗਲਵਾੜਾ ਅੱਜ ਦੇ ਵਿਸ਼ਾਲ ਰੂਪ ਵਿੱਚ ਕਿਵੇਂ ਉਪਜ ਸਕਦਾ ਸੀ? ਦੇਸ਼ ਦੀ ੧੯੪੭ ਦੀ ਵੰਡ ਦੇ ਦਿਨਾਂ ਵਿੱਚ ੧੮ ਅਗਸਤ ਵਾਲੇ ਦਿਨ ਮੈਂ ਤਾਂ ਇਕ ਸ਼ਰਨਾਰਥੀ ਦੇ ਤੌਰ 'ਤੇ ਗੁਰੂ ਕੀ ਨਗਰੀ ਵਿੱਚ ਪੁੱਜਿਆ ਸਾਂ ਅਤੇ ਮੇਰੇ ਪਾਸ ਕੇਵਲ ੧ ਰੁਪਿਆ ੫ ਆਨੇ ਹੀ ਸਨ ਜੋ ਮੈਨੂੰ ਦਾਨ ਵਜੋਂ ਮਿਲੇ ਸਨ। ਮੈਂ ਕੋਈ ਵੱਡਾ ਵਿਦਵਾਨ ਨਹੀਂ ਸਾਂ ਅਤੇ ਮੇਰਾ ਕੋਈ ਰਸੂਖ ਨਹੀਂ ਸੀ, ਮੇਰੇ ਕੋਈ ਬਹੁਤੇ ਸੰਗੀ ਸਾਥੀ ਨਹੀਂ ਸਨ । ਫਿਰ ਦੱਸੋ ਕਿ ਪਿੰਗਲਵਾੜਾ ਕਿਸ ਤਰ੍ਹਾਂ ਖੜ੍ਹਾ ਕੀਤਾ ਤੇ ਇਸ ਸੰਸਥਾ ਦਾ ਪ੍ਰਤੀ-ਦਿਨ ਦਾ ਖ਼ਰਚ ੩੫੦੦ ਰੁਪਿਆ ਕਿਵੇਂ ਪੂਰਾ ਹੋ ਜਾਂਦਾ ਹੈ? ਮੈਂ ਤਾਂ ਇਸ ਨੂੰ ਸਤਿਗੁਰਾਂ ਦੀ ਮਿਹਰ ਹੀ ਸਮਝਦਾ ਹਾਂ। ਉਹ ਪਿੰਗਲਵਾੜੇ ਦੇ ਸਿਰ 'ਤੇ ਖੜ੍ਹੇ ਮੈਨੂੰ ਦਿੱਸ ਰਹੇ ਹਨ। ਜੇ ਸ੍ਰੀ ਦਰਬਾਰ ਸਾਹਿਬ ਦੇ ਯਾਤਰੂਆਂ ਅਤੇ

ਸਾਧਾਰਨ ਧਰਮੀ ਬੰਦਿਆਂ ਦੀ ਕਿਰਪਾ ਦੁਆਰਾ ਸਾਡਾ ੧੫ ਲੱਖ ਰੁਪਏ ਸਾਲ ਦਾ ਖ਼ਰਚ ਚਲ ਰਿਹਾ ਹੈ ਤਾਂ ਇਹ ਸਤਿਗੁਰਾਂ ਦੀ ਆਪਣੀ ਹੀ ਕਿਸੇ ਵਿਉਂਤ ਦਾ ਨਤੀਜਾ ਹੈ, ਸਤਿਗੁਰਾਂ ਦਾ ਹੀ ਇਹ ਕਾਰਜ ਹੈ ਤੇ ਉਹ ਹੀ ਇਸ ਨੂੰ ਚਲਾਉਂਦੇ ਹਨ। ਮੈਨੂੰ ਇਕ ਨਿਮਾਣੇ ਜਿਹੇ ਸੇਵਕ ਦੇ ਤੌਰ 'ਤੇ ਵਰਤ ਕੇ ਉਹ ਆਪ ਇਹ ਕਾਰਜ ਕਰਵਾ ਰਹੇ ਹਨ। ਮੈਂ ਇਉਂ ਸਮਝਣ ਲੱਗ ਪਿਆ ਹਾਂ: "**ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥"(ਅੰ:੩੯੪)।** ਇਸ ਲਈ ਮੈਂ ਹੁਣ ਉਹ ਫ਼ਿਕਰ ਨਹੀਂ ਕਰਦਾ ਜੋ ਪਹਿਲਾਂ ਕਰਦਾ ਹੁੰਦਾ ਸਾਂ। ਮੈਂ ਕੇਵਲ ਧਰਮੀ ਬੰਦਿਆਂ ਦਾ ਧਿਆਨ ਪਿੰਗਲਵਾੜੇ ਦੀਆਂ ਲੋੜਾਂ ਵੱਲ ਕਰਾ ਛੱਡਦਾ ਹਾਂ ਤੇ ਫਿਰ ਕੰਮ ਆਪੇ ਚਲਦਾ ਜਾਂਦਾ ਹੈ। ਇਸ ਵੇਲੇ ਅਸੀਂ ਇਮਾਰਤ ਦੀ ਥੁੜ ਦੀਆਂ ਭਾਰੀਆਂ ਔਕੜਾਂ ਵਿੱਚੋਂ ਲੰਘ ਰਹੇ ਹਾਂ। ਮੈਂ ਭਰੇ ਹੋਏ ਹਿਰਦੇ ਨਾਲ ਤੇ ਧੰਨਵਾਦ ਭਾਵਨਾ ਵਿੱਚ ਹੋ ਕੇ ਇਸ ਲੇਖ ਦੁਆਰਾ ਬੇਨਤੀ ਕਰਦਾ ਹਾਂ ਕਿ ਪਿੰਗਲਵਾੜੇ ਦੀ ਇਮਾਰਤ ਦਾ ਮਸਲਾ ਵੀ ਉਸੇ ਤਰ੍ਹਾਂ ਹੱਲ ਕੀਤਾ ਜਾਵੇ ਜਿਸ ਤਰ੍ਹਾਂ ਦਿਨ-ਪ੍ਰਤੀ-ਦਿਨ ਦਾ ਖ਼ਰਚਾ ਜਨਤਾ ਵੱਲੋਂ ਆਪਣੇ ਆਪ ਆ ਰਿਹਾ ਹੈ। ਖਿਮਾ ਕਰਨਾ ਕਿ ਮੈਂ ਆਪ ਥਾਂ-ਥਾਂ ਹਾਜ਼ਰ ਨਹੀਂ ਹੋ ਸਕਦਾ, ਕਿਉਂਕਿ ਮੈਨੂੰ ਸੰਸਥਾ ਦੇ ਕਈ ਕੰਮਾਂ ਲਈ ਏਥੇ ਹੀ ਰਹਿਣਾ ਪੈਂਦਾ ਹੈ। ਪਰ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਦੇ ਆਧਾਰ 'ਤੇ ਯਕੀਨ ਹੁੰਦਾ ਜਾ ਰਿਹਾ ਹੈ ਕਿ ਮੇਰਾ ਇਹ ਕਾਰਜ ਸਤਿਗੁਰੂ ਦਾ ਆਪਣਾ ਕਾਰਜ ਹੈ ਤੇ ਉਹ ਇਸ ਦੀ ਸੰਭਾਲ ਵੀ ਆਪ ਹੀ ਕਰੇਗਾ :-

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ॥**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥**
**(ਆਸਾ ਮ: ੫, ਅੰਗ ੪੦੩)**

ਅਰਥਾਤ ਹਰੀ ਆਪਣੇ ਸੇਵਕ ਦੀ ਆਪ ਹੀ ਲੱਜਿਆ ਰੱਖਦਾ ਹੈ। (ਉਹ ਕਿਵੇਂ? :-ਇਉਂ) ਉਹ ਉਸ ਸੇਵਕ ਤੋਂ ਆਪ ਹੀ ਨਾਮ ਜਪਾਉਂਦਾ ਹੈ। (ਜੋ ਸੇਵਕ ਨਾਮ ਜਪ ਲੈਂਦਾ ਹੈ ਉਹ ਹਰੀ ਦਾ ਪਲੜਾ ਫੜ ਲੈਂਦਾ ਹੈ। ਮੁੜ ਉਹ ਸੱਚ ਦੇ ਰਾਹ 'ਤੇ ਤੁਰਿਆ ਜਾਂਦਾ ਹੈ, ਭਾਵੇਂ ਕੋਈ ਵੀ ਔਕੜ ਆਵੇ। ਮਸਲਨ, ਜੇ ਸੇਵਕ ਨੇ ਧਰਮ ਦੀ ਪਾਲਣਾ ਕਰਨ ਦਾ ਕੋਈ ਪ੍ਰਣ ਲਿਆ ਹੈ ਤਾਂ ਉਹ ਉਸ ਪ੍ਰਣ ਨੂੰ ਤਿਆਗੇਗਾ ਨਹੀਂ, ਭਾਵੇਂ ਉਸ ਦੇ ਰਾਹ ਵਿੱਚ ਕਿੰਨੇ



ਕਸ਼ਟ ਕਿਉਂ ਨਾ ਆ ਜਾਣ। ਨਾਮ ਉਸ ਨੂੰ ਰਾਹ ਵਿਖਾਲਦਾ ਜਾਂਦਾ ਹੈ । ਉਹ ਦ੍ਰਿੜ੍ਹਤਾ ਨਾਲ ਉਸ ਰਾਹ 'ਤੇ ਤੁਰੀ ਜਾਂਦਾ ਹੈ; ਇਹੋ ਸੇਵਕ ਦੀ ਲੱਜਿਆ ਦਾ ਕਾਇਮ ਰਹਿਣਾ ਹੈ । ਇਸ ਸਾਰੇ ਸ਼ਬਦ ਦੇ ਅਰਥ ਬੜੇ ਡੂੰਘੇ ਹਨ । ਇਸ ਦਾ ਇਹ ਅਰਥ ਨਹੀਂ ਕਿ ਸੇਵਕ ਦੀ ਹਰ ਗੱਲ ਪੂਰੀ ਹੋ ਜਾਂਦੀ ਹੈ। ਪਹਿਲਾਂ ਸੇਵਕ ਤਾਂ ਹੈ ਹੀ ਉਹ, ਜੋ ਕੋਈ ਗ਼ਲਤ ਰਾਹ ਚੁਣਦਾ ਹੀ ਨਹੀਂ ਤੇ ਨਾ ਹੀ ਕੋਈ ਜ਼ਾਤੀ ਲਾਭ ਲਈ ਅਰਜੋਈਆਂ ਕਰਦਾ ਹੈ । ਹਰੀ ਦੇ ਜੋ ਆਪਣੇ ਕੰਮ ਹੁੰਦੇ ਹਨ ਉਹ ਆਪਣੇ ਸੇਵਕ ਰਾਹੀਂ ਹੀ ਕਰਦਾ ਹੈ, ਕਿਉਂਕਿ ਉਹੋ ਕੰਮ ਉਸ ਦੇ ਆਪਣੇ ਕੰਮ ਹੁੰਦੇ ਹਨ । ਫਿਰ ਰੱਬ ਦਾ ਸੇਵਕ ਹੋਣ ਦਾ ਕੀ ਅਰਥ? ਇਹੋ ਕਿ ਉਹ ਸਭ ਮਨੁੱਖਾਂ ਦਾ ਸੇਵਕ ਹੈ ਕਿਉਂਕਿ ਉਸ ਦਾ ਰੱਬ ਸਭ ਮਨੁੱਖਾਂ ਵਿੱਚ ਹੈ, ਕਿਤੇ ਅਸਮਾਨਾਂ ਵਿੱਚ ਨਹੀਂ । ਉਂਞ ਤਾਂ ਉਹ ਨਿਰਆਕਾਰ ਹੈ, ਪਰ ਉਹ ਮਨੁੱਖਾਂ ਵਿੱਚ ਪਰਵੇਸ਼ ਕਰਕੇ ਸਾਕਾਰ ਹੋ ਜਾਂਦਾ ਹੈ। ਉਸ ਦੀ ਸੇਵਾ ਦਾ ਅਰਥ ਮਨੁੱਖ-ਮਾਤਰ ਦੀ ਸੇਵਾ ਹੈ।

ਜਗ੍ਹਾ ਦੀ ਤੰਗੀ ਵੱਲੋਂ ਸਾਡਾ ਸਾਹ ਘੁੱਟ ਰਿਹਾ ਹੈ। ਸਾਡੇ ਪਾਸ ਟਾਂਗਿਆਂ ਨੂੰ ਖਿੱਚਣ ਲਈ ਤਿੰਨ ਘੋੜੀਆਂ ਤੇ ਦੁੱਧ ਲਈ ੫੦ ਦੇ ਕਰੀਬ ਗਊਆਂ ਤੇ ਉਨ੍ਹਾਂ ਦੇ ਵੱਛੇ ਵੱਛੀਆਂ ਹਨ। ਇਸ ਕਾਰਜ ਨੂੰ ਮੈਂ ਸੜਕਾਂ ਦੇ ਕੰਢਿਆਂ 'ਤੇ ਰੁੱਖਾਂ ਦੇ ਹੇਠਾਂ ਆਰੰਭ ਕੀਤਾ ਸੀ। ਇਸ ਨੂੰ ਕਰਨ ਲੱਗਿਆਂ ਮੈਂ ਨਾ ਹੀ ਕਿਸੇ ਅਮੀਰ ਆਦਮੀ ਦੀ ਓਟ ਲਈ ਸੀ ਤੇ ਨਾ ਕਿਸੇ ਰਾਜਸੀ ਸ਼ਕਤੀ ਵਾਲੇ ਬੰਦੇ ਦੀ । ਕੇਵਲ ਰੱਬ ਦੇ ਭਗਤ ਦੇ ਤੌਰ 'ਤੇ ਮੈਂ ਇਹ ਕਾਰਜ ਆਰੰਭ ਕੀਤਾ ਸੀ, ਜਿਸ ਦਾ ਇਕੋ ਇਕ ਵਸੀਲਾ ਗ੍ਰਿਹਸਤੀਆਂ ਦੇ ਘਰਾਂ ਅੱਗੇ ਸਤਿਨਾਮ ਦੇ ਆਵਾਜ਼ੇ ਨਾਲ ਪ੍ਰਸ਼ਾਦਾ ਉਗਰਾਹੁਣਾ ਹੁੰਦਾ ਹੈ ।

ਪਿਛਲੇ ਸਾਲ ਵਿੱਚ ਸੰਸਥਾ ਦਾ ਜ਼ਮੀਨ ਖ਼੍ਰੀਦਣ ਤੇ ਨਵੇਂ ਮਕਾਨਾਂ ਨੂੰ ਬਣਾਉਣ ਵਿੱਚ ਸਵਾ ਤਿੰਨ ਲੱਖ ਰੁਪਿਆ ਖ਼ਰਚ ਹੋਇਆ ਹੈ। ਇਹ ਰਕਮ ੩੫੦੦ ਰੁਪਏ ਪ੍ਰਤੀ ਦਿਨ ਦੇ ਖ਼ਰਚ ਤੋਂ ਉੱਤੇ ਹੈ। ਹੁਣ ਇਕ ਦਮ ਇਕ ਮਕਾਨ ਦਾ ੫੧੦੦੦ ਰੁਪਿਆ ਦੇਣਾ ਪੈ ਗਿਆ ਹੈ। ਉਸ ਮਕਾਨ ਦਾ ੫੧੦੦ ਰੁਪਏ ਬਿਆਨਾ ਦਿੱਤਾ ਗਿਆ ਹੈ। ਦੋ ਮਹੀਨਿਆਂ ਵਿੱਚ ਸਾਰੀ ਰਕਮ ਤਾਰੀ ਜਾਣੀ ਹੈ । ਫਿਰ ਇਹੋ ਨਹੀਂ ਇਕ ਹੋਰ ਮਕਾਨ ਵੀ ੬੦੦੦੦ ਰੁਪਏ ਦਾ ਸੱਤਾਂ ਅੱਠਾਂ ਮਹੀਨਿਆਂ ਵਿੱਚ ਵਿਕਣ ਵਾਲਾ ਹੈ। ਇਨ੍ਹਾਂ ਮਕਾਨਾਂ ਨੂੰ ਖ਼੍ਰੀਦਣ ਦੀ ਚਿੰਤਾ ਸਾਨੂੰ ਇਸ ਲਈ ਪੈਦਾ ਹੋਈ ਹੈ ਕਿਉਂਕਿ ਇਹ ਮਕਾਨ ਸਾਡੇ ਮਕਾਨਾਂ ਦੇ ਨਾਲ ਲੱਗਦੇ ਹਨ। ਮਕਾਨਾਂ ਦੀ ਥੁੜ ਦੇ ਕਾਰਨ ਅਸੀਂ ਬਹੁਤ

ਸੰਕਟ ਵਿੱਚ ਹਾਂ । ਜੇਕਰ ਇਹ ਦੋਵੇਂ ਮਕਾਨ ਸਾਡੀ ਸੰਸਥਾ ਦੇ ਨਾਲ ਲੱਗਦੇ ਨਾ ਹੁੰਦੇ ਤਾਂ ਸਾਨੂੰ ਉਹਨਾਂ ਨੂੰ ਖ਼ਰੀਦਣ ਦੀ ਕਾਹਲ ਨਾ ਹੁੰਦੀ । ਅਸੀਂ ਮਕਾਨ ਉਸ ਵੇਲੇ ਖ੍ਰੀਦਿਆ ਕਰਦੇ ਹਾਂ ਜਦੋਂ ਕੋਈ ਬੰਦਾ ਉਸ ਨੂੰ ਵੇਚਿਆ ਕਰਦਾ ਹੈ, ਨਹੀਂ ਤਾਂ ਬਿਨਾਂ ਲੋੜ ਤੋਂ ਕਦੋਂ ਕੋਈ ਆਪਣਾ ਮਕਾਨ ਵੇਚਣ ਲਈ ਤਿਆਰ ਹੁੰਦਾ ਹੈ ।

ਇਕ ਸਾਲ ਹੋਇਆ ਸਾਨੂੰ ਇਕ ਜ਼ਮੀਨ ਦਾ ਟੋਟਾ (ਪਲਾਟ) ਅਜਿਹਾ ਖ੍ਰੀਦਣਾ ਪਿਆ ਜਿਹੜਾ ਸਾਡੀ ਸੰਸਥਾ ਦੇ ਨਾਲ ਲੱਗਦਾ ਸੀ ਤੇ ਜਿਸ ਦੀ ਸਾਨੂੰ ਗਊਆਂ ਲਈ ਬਹੁਤ ਲੋੜ ਸੀ। ਉਸ ਟੋਟੇ ਦੇ ਮਾਲਕ ਨੇ ਉਸ ਨੂੰ ਵੇਚਣਾ ਸੀ । ਜੇਕਰ ਉਹ ਟੋਟਾ ਸਾਡੇ ਹੱਥੋਂ ਨਿਕਲ ਜਾਂਦਾ ਤਾਂ ਉੱਥੇ ਮਕਾਨ ਬਣ ਜਾਣਾ ਸੀ। ਗਊਆਂ ਨੂੰ ਸਰਦੀਆਂ ਵਿੱਚ ਧੁੱਪ ਵਿੱਚ ਖੜ੍ਹੀਆਂ ਕਰਨ ਲਈ ਸਾਡੀ ਸੰਸਥਾ ਦੇ ਲਾਗੇ ਦੀ ਇਕੋ ਇਕ ਜਗ੍ਹਾ ਸਾਡੇ ਹੱਥੋਂ ਨਿਕਲ ਜਾਣੀ ਸੀ। ਅਸੀਂ ਸਦਾ ਲਈ ਇਕ ਖੁੱਲ੍ਹੀ ਜ਼ਮੀਨ ਨੂੰ ਖ੍ਰੀਦਣ ਦਾ ਅਵਸਰ ਹੱਥੋਂ ਗਵਾ ਬੈਠਦੇ ਜਿਸ ਤੋਂ ਬਿਨਾਂ ਹੋਰ ਕੋਈ ਜ਼ਮੀਨ ਦਾ ਟੁਕੜਾ ਸਾਡੇ ਲਾਗੇ ਨਹੀਂ ਹੈ, ਉਹ ਟੋਟਾ ਸਾਨੂੰ ੮੫੦੦੦ ਰੁਪਏ ਦਾ ਖ੍ਰੀਦਣਾ ਪਿਆ । ਜਿਸ ਦਿਨ ਅਸੀਂ ਉਸ ਟੋਟੇ ਦਾ ਬਿਆਨਾ ੧੦੦੦੦ ਰੁਪਏ ਦਿੱਤਾ ਸੀ ਉਹ ਅਸੀਂ ਇਸ ਚਿੰਤਾ ਨਾਲ ਦਿੱਤਾ ਸੀ ਕਿ ਰਜਿਸਟਰੀ ਦੀ ਮਿਆਦ ਦੇ ਅੰਦਰ-ਅੰਦਰ ਮਾਇਆ ਦੇ ਰੱਬੀ ਗੱਫੇ ਕਿਤੋਂ ਆ ਜਾਣਗੇ ਕਿ ਨਹੀਂ, ਪਰ ਉਸ ਕਾਰਜ ਵਿੱਚ ੧੫੦੦੦ ਰੁਪਏ ਦੀ ਇਕ ਰਕਮ ਗੁਰਦੁਆਰਾ ਡੇਹਰਾ ਸਾਹਿਬ ਦੀ ਮੇਰੀ ਸੇਵਾ ਨੂੰ ਦੇਖ ਕੇ ਰਹਿਣ ਵਾਲੇ ਇਕ ਪਰਿਵਾਰ ਵੱਲੋਂ ਆਪਣੇ ਆਪ ਆ ਗਈ। ਬਾਕੀ ਦੀ ਸਾਰੀ ਰਕਮ ਸ੍ਰੀ ਦਰਬਾਰ ਸਾਹਿਬ ਦੀ ਕ੍ਰਿਪਾ ਦੇ ਪਰਛਾਵੇਂ ਹੇਠ ਖਲੋਤਿਆਂ ਨੂੰ ਸਾਨੂੰ ਆਪਣੇ ਆਪ ਪੁੱਜਦੀ ਗਈ । ਅਸੀਂ ਹੈਰਾਨ ਹੁੰਦੇ ਰਹੇ ਕਿ ਉਹ ਰਕਮ ਕਿਸ ਤਰ੍ਹਾਂ ਵਾਹਿਗੁਰੂ ਸ੍ਰੀ ਦਰਬਾਰ ਸਾਹਿਬ ਦੀ ਕ੍ਰਿਪਾ ਨਾਲ ਪੂਰੀ ਕਰਦਾ ਰਿਹਾ ਹੈ, ਉਸ ਰਕਮ ਨੂੰ ਇਕੱਠਾ ਕਰਨ ਵਿੱਚ ਸਾਡਾ ਕੋਈ ਉੱਦਮ ਨਹੀਂ ਹੋਇਆ ਸੀ । ਉਹ ਸਭ ਕੁਝ ਗੁਰੂ ਘਰ ਦੀ ਆਪਣੀ ਕਲਾ ਨਾਲ ਹੋਇਆ ਜਿਸ ਕਲਾ ਦੀ ਮਹਿਮਾ ਅਪਰੰਪਾਰ ਹੈ। ਉਸ ਤੋਂ ਪਿੱਛੋਂ ਇਕ ਮਕਾਨ ਇਸ ਲਈ ਵਿਕਿਆ ਕਿਉਂਕਿ ਮਾਲਕ ਮਕਾਨ ਦੇ ਸਿਰ ਉੱਤੇ ਕਰਜ਼ਾ ਹੋ ਗਿਆ ਸੀ ਤੇ ਉਸਨੇ ਆਪਣੀ ਧੀ ਦੀ ਸ਼ਾਦੀ ਵੀ ਕਰਨੀ ਸੀ। ਨਹੀਂ ਤਾਂ ਉਸਨੇ ਆਪਣਾ ਰੀਝਾਂ ਨਾਲ ਬਣਾਇਆ ਹੋਇਆ ਮਕਾਨ ਕਦੋਂ ਵੇਚਣਾ ਸੀ। ਉਸ ਮਕਾਨ 'ਤੇ ਸਾਨੂੰ ੮੫੦੦੦ ਰੁਪਿਆ ਖ਼ਰਚ ਕਰਨਾ ਪਿਆ । ਉਸ



ਮਕਾਨ ਦੇ ਖ੍ਰੀਦਣ ਪਿੱਛੋਂ ਫਿਰ ਇਕ ਹੋਰ ਬੰਦੇ ਨੂੰ ਆਪਣੀ ਧੀ ਦੇ ਵਿਆਹ ਲਈ ਆਪਣਾ ਮਕਾਨ ਵੇਚਣਾ ਪੈ ਗਿਆ। ਉਹ ਮਕਾਨ ਤਾਂ ਪੁਰਾਣਾ ਸੀ ਪਰ ਉਸ ਦੇ ਨਾਲ ਜਗ੍ਹਾ ਬਹੁਤ ਖੁੱਲ੍ਹੀ ਸੀ। ਉਹ ਮਕਾਨ ਵੀ ਸਾਨੂੰ ੪੦੦੦੦ ਰੁਪਏ ਦਾ ਖ੍ਰੀਦਣਾ ਪੈ ਗਿਆ। ਸਾਡੇ ਸੇਵਾਦਾਰ ਚੁਬਾਰਿਆਂ ਦੇ ਬ੍ਰਾਂਡਿਆਂ ਵਿੱਚ ਭਾਰੀ ਭੀੜ ਵਿੱਚ ਰਹਿੰਦੇ ਹਨ। ਉਸ ਮਕਾਨ ਵਿੱਚ ਕਾਫ਼ੀ ਸੇਵਾਦਾਰ ਆ ਚੁੱਕੇ ਹਨ। ਉਸ ਮਕਾਨ ਦੇ ਲਾਗੇ ਇਕ ਹੋਰ ਮਕਾਨ ਵਿਕਣ ਲੱਗਾ ਹੈ। ਉਹ ਮਕਾਨ ਪਹਿਲੇ ਖੁੱਲ੍ਹੀ ਥਾਂ ਵਾਲੇ ਮਕਾਨ ਵਿੱਚ ਸ਼ਾਮਲ ਹੁੰਦਾ ਹੈ ਤੇ ਉਸ ਦੇ ਖ੍ਰੀਦਣ ਨਾਲ ਕਈ ਸੇਵਾਦਾਰਾਂ ਦੇ ਟੱਬਰ ਇਕੱਠੇ ਇਕ ਥਾਂ ਰਹਿ ਸਕਣਗੇ। ਇਸ ਮਕਾਨ ਦਾ ਸੌਦਾ ੫੧੦੦੦ ਰੁਪਏ ਦਾ ਹੋਇਆ ਹੈ ਤੇ ੫੧੦੦ ਰੁਪਏ ਬਿਆਨਾ ੧੭ ਅਗਸਤ ੧੯੭੭ ਵਾਲੇ ਦਿਨ ਦੇ ਦਿੱਤਾ ਗਿਆ ਹੈ। ਪਰ ਇਕ ਮਕਾਨ ਹੋਰ ਵੀ ਜ਼ਮੀਨ ਦੇ ਖ਼ਾਲੀ ਟੋਟੇ ਦੇ ਨਾਲ ਲੱਗਦਾ ਦੋ ਚਾਰ ਮਹੀਨਿਆਂ ਦੇ ਅੰਦਰ-ਅੰਦਰ ਵਿਕਣ ਵਾਲਾ ਹੈ, ਉਸ ਲਈ ਵੀ ਘੱਟੋ ਘੱਟ ੬੦੦੦੦ ਰੁਪਿਆ ਚਾਹੀਦਾ ਹੈ। ਮੈਨੂੰ ਤਾਂ ਆਪਣੀ ਦੇਸ਼ ਤੇ ਪ੍ਰਾਣੀ-ਮਾਤਰ ਦੀ ਭਲਾਈ ਲਈ ਲਿਖਣ ਪੜ੍ਹਨ ਦੇ ਕੰਮਾਂ ਤੋਂ ਇਤਨਾ ਵਿਹਲ ਨਹੀਂ ਰਹਿੰਦਾ ਕਿ ਮਕਾਨਾਂ ਦੇ ਖ਼ਰੀਦਣ ਬਾਰੇ ਅਖ਼ਬਾਰਾਂ ਵਿੱਚ ਕੋਈ ਸੂਚਨਾ ਹੀ ਦੇ ਸਕਾਂ । ਮੈਂ ਤਾਂ ਵਾਹਿਗੁਰੂ ਉੱਤੇ ਇਕ ਬਾਲ ਦੇ ਹਿਰਦੇ ਨਾਲ ਭਰੋਸਾ ਰੱਖਦਾ ਹਾਂ, ਕਿਉਂਕਿ ਮੈਂ ਉਸ ਦੇ ਕੰਮਾਂ ਵਿੱਚ ਜੁੱਟਿਆ ਹੋਇਆ ਹਾਂ । ਵਾਹਿਗੁਰੂ ਨੇ ਅੱਜ ਤਕ ਮੈਨੂੰ ਇਸ ਕੰਮ ਵਿੱਚ ਨਿਰਾਸਤਾ ਦੇ ਹੰਝੂ ਨਹੀਂ ਕੱਢਣ ਦਿੱਤੇ। ਇਹੋ ਚਮਤਕਾਰ ਇਸ ਮਹਾਨ ਨਗਰੀ ਵਿੱਚ ਮੈਨੂੰ ਉਹ ਸਦਾ ਦਿਖਾਉਂਦਾ ਰਿਹਾ ਹੈ ਤੇ ਸ੍ਰੀ ਦਰਬਾਰ ਸਾਹਿਬ ਦੇ ਪਰਛਾਵੇਂ ਹੇਠ ਖਲੋਤੇ ਹੋਏ ਮੇਰਾ ਭਰੋਸਾ ਵਾਹਿਗੁਰੂ ਦੀ ਅਪਾਰ ਕਿਰਪਾ 'ਤੇ ਸਦਾ ਬੱਝਿਆ ਰਿਹਾ ਹੈ ਤੇ ਪੂਰਾ ਵੀ ਹੁੰਦਾ ਰਿਹਾ ਹੈ।

(ਜੀਵਨ ਲਹਿਰ ਅਕਤੂਬਰ ੧੯੭੭ ਵਿੱਚੋਂ)

# ਸੇਵਾ ਸੋਸਾਇਟੀ ਗੁਰਦੁਆਰਾ ਸ਼ਹੀਦ ਗੰਜ ਸ਼ਹੀਦ ਬਾਬਾ ਦੀਪ ਸਿੰਘ ਵੱਲੋਂ ਕੀਤੀ ਜਾ ਰਹੀ ਸੇਵਾ

**-ਭਗਤ ਪੂਰਨ ਸਿੰਘ**

ਗੁਰਦੁਆਰਾ ਸ਼ਹੀਦ ਗੰਜ ਸ਼ਹੀਦ ਬਾਬਾ ਦੀਪ ਸਿੰਘ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦਾ ਬੜਾ ਭਾਰੀ ਰੌਣਕ ਵਾਲਾ ਗੁਰਦੁਆਰਾ ਹੈ । ਉਸ ਗੁਰਦੁਆਰੇ ਵਿੱਚ ਸ਼ਹਿਰ ਦੇ ਪ੍ਰੇਮੀਆਂ ਨੇ ਸੰਗਤਾਂ ਦੇ ਜੋੜੇ ਸਾਂਭਣ ਦੀ ਇਕ ਸੋਸਾਇਟੀ ਬਣਾਈ ਹੋਈ ਹੈ ਜਿਸ ਦਾ ਨਾਂ '**ਸੇਵਾ ਸੋਸਾਇਟੀ ਜੋੜੇ ਘਰ ਸ਼ਹੀਦ ਗੰਜ ਸ਼ਹੀਦ ਬਾਬਾ ਦੀਪ ਸਿੰਘ**' ਹੈ । ਉਹ ਸੋਸਾਇਟੀ ਇਕ ਸਾਲਾਨਾ ਜੋੜ-ਮੇਲਾ ਕਰਿਆ ਕਰਦੀ ਹੈ ਜਿਸ ਵਿੱਚ ਕੋਈ ਗੁਰਪੁਰਬ ਮਨਾਇਆ ਜਾਂਦਾ ਹੈ । ਇਸ ਸਾਲ ਉਸ ਸਭਾ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਪੁਰਬ ਮਨਾਇਆ । ਸੋਸਾਇਟੀ ਵੱਲੋਂ ਮਨਾਏ ਜੋੜ-ਮੇਲੇ 'ਤੇ ਹਰ ਸਾਲ ਕੀਰਤਨ ਦਰਬਾਰ ਹੁੰਦਾ ਹੈ ਤੇ ਵਿਖਿਆਨ ਕੋਈ ਨਹੀਂ ਹੁੰਦਾ । ਉਸ ਕੀਰਤਨ ਵਿੱਚ ਭਾਈ ਹਰਬੰਸ ਸਿੰਘ ਜਗਾਧਰੀ ਵਾਲੇ ਨੂੰ ਜ਼ਰੂਰ ਬੁਲਾਇਆ ਜਾਂਦਾ ਹੈ । ਕਈ ਸਾਲਾਂ ਤੋਂ ਮੈਨੂੰ ਉਸ ਸਭਾ ਵਾਲੇ ਜੋੜ-ਮੇਲੇ 'ਤੇ ਸੱਦਦੇ ਹਨ ਤੇ ਮੇਰੇ ਵੱਲੋਂ ਸਿਰੋਪਾਉ ਦੇ ਅਧਿਕਾਰੀ ਸੱਜਣਾਂ ਨੂੰ ਸਿਰੋਪਾਓ ਦਿਵਾਉਂਦੇ ਹਨ । ਇਸ ਸਾਲ ਵੀ ਮੈਨੂੰ ਬੁਲਾਇਆ ਗਿਆ ਸੀ ਤੇ ਮੇਰੇ ਪਾਸੋਂ ਸਿਰੋਪਾਓ ਦਿਵਾਏ ਗਏ । ਉਸ ਦਿਨ ਭਾਵੇਂ ਮੈਂ ਬਹੁਤ ਥੱਕਿਆ ਹੋਇਆ ਸਾਂ ਪਰ ਸਭਾ ਦੇ ਚਾਅ ਨੂੰ ਸਨਮੁੱਖ ਰੱਖ ਕੇ ਮੈਂ ਰਾਤ ਦੇ ਇਕ ਵਜੇ ਤਕ ਦੀਵਾਨ ਵਿੱਚ ਬੈਠਾ ਰਿਹਾ ਸਾਂ । ਪਿੰਗਲਵਾੜੇ ਨੂੰ ਸਭਾ ਵੱਲੋਂ ਸਾਢੇ ਛੇ ਬੋਰੀਆਂ ਆਟਾ ਤੇ ੧੦੧ ਰੁਪਿਆ ਨਕਦ ਸਹਾਇਤਾ ਦਿੱਤੀ ਗਈ । ਇਸ ਸਭਾ ਦਾ ਸਭ ਤੋਂ ਵੱਧ ਉਤਸ਼ਾਹੀ ਕਾਰਜ ਕਰਤਾ ਭਾਈ ਦੇਵਿੰਦਰ ਸਿੰਘ ਇਕ ਨੌਜਵਾਨ ਸਿੱਖ ਹੈ । ਉਸ ਦੀ ਅਰਦਾਸ ਸੁਣਨ ਵਾਲੀ ਹੁੰਦੀ ਹੈ ਜਿਸ ਵਿੱਚ ਉਹ ਗੁਰਬਾਣੀ ਦੇ ਪਾਠ ਦੀ ਉਚੇਚੀ ਅਰਦਾਸ ਕਰਦਾ ਹੈ ਉਹ ਗੁਰਸਿੱਖੀ ਦੇ ਰੰਗ ਵਿੱਚ ਰੰਗਿਆ ਹੋਇਆ ਹੈ । ਉਹ ਸਿੱਖੀ ਰਹਿਤ-ਬਹਿਤ ਦਾ ਪੂਰਾ ਹੈ । ਪਤਾ ਲੱਗਾ ਹੈ ਕਿ ਉਸ ਦੇ ਮਾਤਾ ਪਿਤਾ ਸੁਖਮਨੀ ਸਾਹਿਬ ਦਾ ਪਾਠ ਕਰਨ ਵਾਲੇ ਹਨ ਤੇ ਘਰ ਦਾ ਸਾਰਾ ਵਾਤਾਵਰਨ ਹੀ ਗੁਰਬਾਣੀ ਦੇ ਪਾਠ ਦਾ ਹੈ । ਉਹ ਹਰ ਸਾਲ ਦੀਵਾਨ ਵਿੱਚ



ਸੰਗਤਾਂ ਨੂੰ ਬੇਨਤੀ ਕਰਿਆ ਕਰਦਾ ਹੈ ਕਿ ਹਰ ਗੁਰਸਿੱਖ ਦਸਵੰਧ ਕੱਢੇ ਤੇ ਪਿੰਗਲਵਾੜੇ ਨੂੰ ਦਾਨ ਦੇਵੇ, ਕਿਉਂਕਿ ਭਗਤ ਪੂਰਨ ਸਿੰਘ ਨੇ ਗੁਰੂ ਦੇ ਨਾਮ ਤੇ ੪੫੦ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਦਾ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਹੈ । ਭਗਤ ਜੀ ਨੇ ਜਵਾਨੀ ਦੇ ਆਰੰਭ ਵਿੱਚ ਹੀ ਆਪਣਾ ਜੀਵਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤਾ ਸੀ । ਵਰਤਮਾਨ ਕਾਲ ਦੀ ੭੬ ਸਾਲ ਦੀ ਉਮਰ ਤਕ ਭਗਤ ਜੀ ਆਪਣਾ ਉਹ ਪ੍ਰਣ ਨਿਭਾਉਂਦੇ ਚਲੇ ਆ ਰਹੇ ਹਨ ।

ਮੈਂ ਤਾਂ ਸਟੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਲਾਗੇ ਬੈਠਾ ਹੁੰਦਾ ਹਾਂ । ਇਸ ਸਾਲ ਭਾਈ ਹਰਬੰਸ ਸਿੰਘ ਜੀ ਮੈਨੂੰ ਮਾਇਆ ਦਿੱਤੇ ਬਿਨਾਂ ਕੀਰਤਨ ਕਰਕੇ ਦੀਵਾਨ ਵਿੱਚੋਂ ਬਾਹਰ ਨਿਕਲ ਗਏ ਸਨ ਤੇ ਉਨ੍ਹਾਂ ਨੂੰ ਮੈਨੂੰ ਗੱਫਾ ਦੇਣਾ ਯਾਦ ਨਾ ਰਿਹਾ । ਦੀਵਾਨ ਵਿੱਚੋਂ ਬਾਹਰ ਜਾ ਕੇ ਉਨ੍ਹਾਂ ਨੂੰ ਚੇਤਾ ਆਇਆ ਕਿ ਉਹ ਮੈਨੂੰ ਗੱਫ਼ਾ ਦੇ ਕੇ ਨਹੀਂ ਆਏ । ਉਹ ਮੈਨੂੰ ੫੧ ਰੁਪਏ ਦਾ ਗੱਫ਼ਾ ਦੇਣ ਲਈ, ਮੁੜ ਕੇ ਫੇਰ ਦੀਵਾਨ ਵਿੱਚ ਆਏ । ਇਹੋ ਜਿਹੇ ਦਇਆਵਾਨ ਬੰਦੇ ਹੀ ਮੇਰੇ ਵਰਗੇ ਗ਼ਰੀਬਾਂ ਦਾ ਹੌਸਲਾ ਨਹੀਂ ਟੁੱਟਣ ਦਿੰਦੇ ਜਿਹੜੇ ਸੜਕਾਂ ਦੇ ਕੰਢਿਆਂ 'ਤੇ ਬੈਠੇ ਹੋਏ ਇਹੋ ਜਿਹੇ ਕਾਰਜ ਸਹੇੜ ਲੈਂਦੇ ਹਨ ਜਿਨ੍ਹਾਂ ਦਾ ਖ਼ਰਚ ੩੦ ਸਾਲਾਂ ਦੇ ਸਮੇਂ ਵਿੱਚ ਢਾਈ ਲੱਖ ਰੁਪਿਆ ਮਹੀਨਾ ਤਕ ਅੱਪੜ ਜਾਵੇ । ਵਾਹਿਗੁਰੂ ਵੱਧ ਤੋਂ ਵੱਧ ਬੰਦਿਆਂ ਨੂੰ ਭਾਈ ਹਰਬੰਸ ਸਿੰਘ ਵਾਲਾ ਦਇਆ ਦਾ ਜਜ਼ਬਾ ਬਖ਼ਸ਼ੇ ਪਰ ਇਹ ਜਜ਼ਬਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਨਾਲ ਹੀ ਪੈਦਾ ਹੋਇਆ ਕਰਦਾ ਹੈ ।

(ਜੀਵਨ ਲਹਿਰ ਅਗਸਤ ੧੯੭੯ 'ਚੋਂ)

# ਲਹੂ-ਦਾਨ

**-ਭਗਤ ਪੂਰਨ ਸਿੰਘ**

ਸਾਇੰਸ ਉੱਨਤੀ ਕਰਦਿਆਂ ਕਰਦਿਆਂ ਏਥੋਂ ਤਕ ਪੁੱਜ ਗਈ ਹੈ ਕਿ ਕਿਸੇ ਬੰਦੇ ਦੀ ਜਾਨ ਬਚਾਉਣ ਲਈ ਕੋਈ ਹੋਰ ਬੰਦਾ ਆਪਣਾ ਲਹੂ ਉਸ ਨੂੰ ਦਾਨ ਦੇਵੇ ਤੇ ਇਕ ਬੰਦੇ ਦਾ ਗੁਰਦਾ ਵੀ ਦੂਜੇ ਬੰਦੇ ਨੂੰ ਲੱਗ ਸਕਦਾ ਹੈ। ਲਹੂ ਦਾਨ ਦੇਣ ਦੀ ਕਾਢ ਨਵੀਂ ਹੈ । ਇਸ ਲਈ ਆਮ ਲੋਕਾਂ ਨੂੰ ਇਸ ਬਾਰੇ ਕੁਝ ਭੁਲੇਖੇ ਹਨ। ਆਮ ਬੰਦਾ ਸਮਝਦਾ ਹੈ ਕਿ ਕਿਸੇ ਬੰਦੇ ਨੂੰ ਆਪਣਾ ਛਟਾਂਕ ਦੋ ਛਟਾਂਕ ਲਹੂ ਬਿਲਕੁਲ ਨਹੀਂ ਦੇਣਾ ਚਾਹੀਦਾ, ਇਹ ਇਕ ਗ਼ਲਤ ਖ਼ਿਆਲ ਹੈ । ਬੰਦਿਆਂ ਦੇ ਢਿੱਡ ਪਾਟ ਜਾਂਦੇ ਹਨ, ਲੱਤਾਂ ਵੱਢੀਆਂ ਜਾਂਦੀਆਂ ਹਨ, ਬਥੇਰਾ ਲਹੂ ਨਿਕਲ ਜਾਂਦਾ ਹੈ, ਫਿਰ ਵੀ ਬੰਦਾ ਜਿਊਂਦਾ ਰਹਿ ਜਾਂਦਾ ਹੈ। ਲਹੂ ਦੇਣ ਦੇ ਮਾਮਲੇ ਵਿੱਚ ਅਨੇਕਾਂ ਬੰਦੇ ਇਹੋ ਸਮਝਦੇ ਰਹਿੰਦੇ ਹਨ ਕਿ ਜੇ ਸਾਡੇ ਅੰਦਰੋਂ ਅੱਧ ਪਾ ਲਹੂ ਵੀ ਨਿਕਲ ਗਿਆ ਤਾਂ ਪਤਾ ਨਹੀਂ ਕੀ ਹੋ ਜਾਵੇਗਾ। ਇਹ ਖ਼ਿਆਲ ਗ਼ਲਤ ਹੈ। ਡਾਕਟਰ ਲੋਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਕਿ ਅੱਧ ਪਾ ਲਹੂ ਨਿਕਲ ਜਾਣ ਨਾਲ ਬੰਦੇ ਦਾ ਕੁਝ ਨਹੀਂ ਵਿਗੜਦਾ । ਸੋ ਇਸ ਭੁਲੇਖੇ ਨੂੰ ਦੂਰ ਕਰਨ ਲਈ ਰੋਪੜ ਦੇ ਇਕ ਡਾਕਟਰ ਦੀ ਕਹਾਣੀ ਖਾਸ ਤੌਰ 'ਤੇ ਪੜ੍ਹ ਕੇ ਉਨ੍ਹਾਂ ਲੋਕਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਜਿਹੜੇ ਆਪਣੇ ਨਿਕਟ ਦੇ ਸੰਬੰਧੀਆਂ ਲਈ ਵੀ ਲਹੂ ਦੇਣ ਲਈ ਤਿਆਰ ਨਹੀਂ ਹੁੰਦੇ ।

ਡਾਕਟਰਾਂ ਦੀਆਂ ਤਾਂ ਆਮ ਖ਼ਬਰਾਂ ਨਿਕਲਦੀਆਂ ਰਹਿੰਦੀਆਂ ਹਨ ਕਿ ਉਹ ਬਿਮਾਰਾਂ ਨੂੰ ਬਚਾਉਣ ਲਈ ਆਪਣਾ ਲਹੂ ਦੇਂਦੇ ਰਹਿੰਦੇ ਹਨ। ਇਕ ਡਾਕਟਰ ਬਾਰੇ ਨਿਕਲਿਆ ਸੀ ਕਿ ਉਸ ਨੇ ਬੀਮਾਰਾਂ ਨੂੰ ਬਚਾਉਣ ਲਈ ੮-੧੦ ਵਾਰ ਲਹੂ ਦਿੱਤਾ ।

ਚੰਡੀਗੜ੍ਹ ਦੇ ਸੈਕਟਰ ੯ ਦੀ ਕੋਠੀ ਵਿੱਚ ਇਕ ਹਿੰਦੂ ਲਾਲਾ ਰਹਿੰਦਾ ਹੈ ਜਿਹੜਾ ਇਕ ਕਾਰਖ਼ਾਨੇ ਦਾ ਮਾਲਕ ਹੈ। ਉਹ ਦੋ ਭਰਾ ਹਨ—ਇਕ ਦਾ ਨਾਂ ਆਰ. ਕੇ. ਮਹਿਨ ਹੈ ਤੇ ਦੂਜੇ ਦਾ ਨਾਂ ਬੀ. ਕੇ ਮਹਿਨ ਹੈ। ੧੨ ਕੁ ਸਾਲ ਦੀ ਗੱਲ ਹੈ ਕਿ ਉਸ ਦਾ ਭਰਾ ਪਿੰਗਲਵਾੜੇ ਨੂੰ ੧੦੦੦ ਰੁਪਿਆ ਦਾਨ ਦੇਣ ਲਈ ਚੰਡੀਗੜ੍ਹ ਤੋਂ ਆਇਆ। ਉਸ ਤੋਂ ਪਿੱਛੋਂ ਦੋਹਾਂ ਭਰਾਵਾਂ ਵਿੱਚੋਂ ਇਕ ਜਣਾ ਹਰ ਸਾਲ ਪਿੰਗਲਵਾੜੇ ਕਈ ਸਾਲ ਆਉਂਦਾ ਰਿਹਾ ਤੇ ੫੦੦ ਰੁਪਏ



ਦਾਨ ਦੇ ਜਾਂਦਾ ਰਿਹਾ । ਹੁਣ ਚੰਡੀਗੜ੍ਹ ਰਹਿਣ ਵਾਲਾ ਸੇਵਾਦਾਰ ਹਰ ਮਹੀਨੇ ਉਨ੍ਹਾਂ ਦੀ ਕੋਠੀ ਤੋਂ ਚੰਦਾ ਲੈ ਆਉਂਦਾ ਹੈ। ਚੰਡੀਗੜ੍ਹ ਵਿੱਚ ਪੁੱਜ ਕੇ ਮੈਨੂੰ ਉਨ੍ਹਾਂ ਦੀ ਕੋਠੀ ਵਿੱਚ ਦੋ ਵਾਰ ਪੜਾਅ ਕਰਨ ਦਾ ਮੌਕਾ ਮਿਲਿਆ ਹੈ । ਡੇਢ ਕੁ ਸਾਲ ਦਾ ਸਮਾਂ ਹੋਇਆ ਹੈ ਕਿ ਮੈਂ ਚੰਡੀਗੜ੍ਹ ਦੇ ੮ ਸੈਕਟਰ ਦੀ ਕੋਠੀ ਵਿੱਚ ਠਹਿਰਿਆ ਸਾਂ ਕਿ ਨਾਲ ਦੇ ਗਵਾਂਢ ਦੀ ਕੋਠੀ ਵਿੱਚ ਕਿਸੇ ਬੰਦੇ ਵੀ ਮੌਤ ਦੀ ਕਿਰਿਆ ਸੀ। ਉਹ ਮਰਨ-ਵਾਲਾ ਬੰਦਾ ਚੰਗੇ ਪੈਸੇ ਕਮਾਉਂਦਾ ਸੀ । ਇਕ ਨਵੀਂ ਕੋਠੀ ਉਸ ਨੇ ਬਣਾਈ ਸੀ । ਬੱਚੇ ਪੜ੍ਹਦੇ ਸਨ । ਮੇਰਾ ਖ਼ਿਆਲ ਹੈ ਕਿ ਬੱਚਿਆਂ ਵਿੱਚ ਇਕ ਕੁੜੀ ਕਾਲਜ ਵਿੱਚ ਵੀ ਪੜ੍ਹਦੀ ਸੀ । ਉਸ ਬੰਦੇ ਨੂੰ ਸ਼ਰਾਬ ਪੀਣ ਦੀ ਆਦਤ ਸੀ । ਉਸ ਦੇ ਬਹੁਤ ਸਾਰੇ ਦੋਸਤਾਂ ਮਿੱਤਰਾਂ ਨੇ ਉਸ ਨੂੰ ਕਿਹਾ ਸੀ ਕਿ ਤੂੰ ਹਰ ਵੇਲੇ ਮੋਟਰਕਾਰ ਚਲਾਉਂਦਾ ਹੈ, ਤੂੰ ਸ਼ਰਾਬ ਪੀਣੀ ਛੱਡ ਦੇ। ਉਹ ਸਭਨਾਂ ਨੂੰ ਸ਼ੇਖੀ ਨਾਲ ਇਹ ਉੱਤਰ ਦਿੰਦਾ ਸੀ ਕਿ ਮੈਂ ਭਾਵੇਂ ਜਿੰਨੀ ਮਰਜ਼ੀ ਸ਼ਰਾਬ ਪੀਂਦਾ ਹਾਂ ਪਰ ਮੇਰੇ ਚਲਾਉਂਦਿਆਂ ਮੋਟਰ ਐਕਸਟੀਡੈਂਟ ਨਹੀਂ ਹੋਵੇਗਾ । ਪਰ ਸ਼ਰਾਬ ਦੇ ਕਾਰਨ ਉਸ ਦਾ ਐਕਸੀਡੈਂਟ ਹੋ ਗਿਆ ਤੇ ਉਹ ਮਰ ਗਿਆ । ਵੇਦ ਵਿੱਚ ਲਿਖਿਆ ਹੈ ਕਿ ਐ ਇਨਸਾਨ ਤੂੰ ਅੱਛੇ ਕਰਮ ਕਰਦਾ ਹੋਇਆ ਸੌ ਸਾਲ ਜਿਉਂਦੇ ਰਹਿਣ ਦੀ ਆਸ ਕਰ । ਕਾਰਲਾਇਲ ਫ਼ਿਲਾਸਫ਼ਰ ਨੇ ਲਿਖਿਆ ਹੈ ਕਿ ਮਨੁੱਖ ਮਰਦਾ ਨਹੀਂ ਉਹ ਆਪਣੇ ਆਪ ਨੂੰ ਆਪ ਮਾਰਦਾ ਹੈ। ਸ਼ਰਾਬ ਨਾਲ ਜਿਸ ਮਰਨ ਵਾਲੇ ਬੰਦੇ ਦਾ ਮੈਂ ਉੱਪਰ ਚਰਚਾ ਕੀਤਾ ਹੈ, ਕੀ ਉਸ ਦੀ ਮੌਤ ਤੋਂ ਅਸੀਂ ਇਹ ਸੋਚ ਲਈਏ ਕਿ ਸ਼ਰਾਬ ਪੀਣੀ ਇਕ ਸਾਧਾਰਨ ਗੱਲ ਹੈ ਤੇ ਸ਼ਰਾਬ ਨਾਲ ਮਰਨਾ ਵੀ ਇਕ ਸਾਧਾਰਨ ਘਟਨਾ ਹੈ ਤੇ ਇਸ ਬਾਰੇ ਕੁਝ ਸੋਚ ਵਿਚਾਰ ਦੀ ਕੋਈ ਲੋੜ ਨਹੀਂ । ਸੈਕਟਰ ੯ ਵਾਲੇ ਜਿਸ ਲਾਲੇ ਦਾ ਮੈਂ ਚਰਚਾ ਕੀਤਾ ਹੈ ਉਹ ਸ਼ਰਾਬ ਨਹੀਂ ਪੀਂਦਾ, ਉਸ ਪਾਸ ਵੀ ਮੋਟਰਕਾਰ ਹੈ । ਇਸ ਲਈ ਸ਼ਰਾਬ ਕਾਰਨ ਉਸਦੀ ਐਕਸੀਡੈਂਟ ਨਾਲ ਮਰਨ ਦਾ ਸਵਾਲ ਪੈਦਾ ਨਹੀਂ ਹੁੰਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਹੈ— **"ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ"** ਇਸ ਸ਼ਬਦ ਨਾਲ ਸਾਨੂੰ ੯ ਸੈਕਟਰ ਵਾਲੇ ਲਾਲਾ ਜੀ ਦੇ ਜੀਵਨ ਦੀ ਕੁਝ ਖੋਜ ਕਰਨੀ ਪਵੇਗੀ ਕਿ ਉਹ ਸ਼ਰਾਬ ਵਾਲੇ ਪਾਸੇ ਕਿਉਂ ਨਹੀਂ ਗਿਆ ਤੇ ਉਸ ਦੇ ਜੀਵਨ ਦੀ ਉਹ ਕਿਹੜੀ ਮਸਤੀ ਹੈ ਜਿਸ ਨੇ ਉਸ ਨੂੰ ਸ਼ਰਾਬ ਦੀ ਮਸਤੀ ਦਾ ਮੁਥਾਜ ਨਹੀਂ ਰਹਿਣ ਦਿੱਤਾ। ਸਿਆਣਿਆਂ ਦਾ ਇਹ ਤੱਤ ਕੱਢਿਆ ਹੋਇਆ ਹੈ ਕਿ ਮਨੁੱਖ ਦੀ ਰੂਹ ਦੀ ਸਭ ਤੋਂ ਵੱਡੀ ਭੁੱਖ ਪਰਉਪਕਾਰ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਹੈ—**"ਮਨ ਕਾ ਸੁਭਾਉ ਸਦਾ ਬੈਰਾਗੀ।"(ਅੰਗ ੧੧੨੯)**

ਹੋਰ ਸ਼ਬਦ ਹੈ '**ਬਿਖੇ ਰਸ ਫੀਕਾ ਤਿਆਗ ਹੀ ਸਖੀਏ ਨਾਮ ਮਹਾ ਰਸ ਪੀਓ ॥**' ਮਹਿਣ ਸਾਹਿਬ ਦੀ ਉਮਰ ੬੦ ਸਾਲ ਦੇ ਕਰੀਬ ਹੈ। ਦੋ ਸਾਲ ਹੋਏ ਜਦੋਂ ਮੈਂ ਉਹਨਾਂ ਦੀ ਕੋਠੀ ਵਿੱਚ ਕੁਝ ਦਿਨ ਠਹਿਰਿਆ ਤਾਂ ਪਤਾ ਲੱਗਾ ਸੀ ਕਿ ਉਹ ਪਿਛਲੇ ੯ ਸਾਲਾਂ ਤੋਂ ਚੰਡੀਗੜ੍ਹ ਦੇ ਵੱਡੇ ਹਸਪਤਾਲ ਦੇ ਬਲੱਡ ਬੈਂਕ (ਲਹੂ ਦਾਨ ਦੇ ਮਹਿਕਮੇ) ਵਿੱਚ ਹਰ ਸਾਲ ਇਕ ਵਾਰੀ ਆਪਣਾ ਲਹੂ ਦਾਨ ਦੇਂਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਉਹ ਉਸ ਸਾਲ ਦੂਜੀ ਵਾਰੀ ਲਹੂ ਦੇਣ ਚਲੇ ਗਏ—ਤੇ ਡਾਕਟਰਾਂ ਨੇ ਕਿਹਾ ਕਿ ਤੁਹਾਡਾ ਦੂਜੀ ਵਾਰ ਲਹੂ ਨਹੀਂ ਲਿਆ ਜਾ ਸਕਦਾ, ਕਿਉਂਕਿ ਤੁਹਾਡੀ ਉਮਰ ਜ਼ਿਆਦਾ ਹੈ । ਨਾਲ ਹੀ ਉਨ੍ਹਾਂ ਦੀ ਧੀ ਬੈਠੀ ਸੀ ਜਿਸ ਦੀ ਉਮਰ ੨੫ ਕੁ ਸਾਲਾਂ ਦੀ ਹੋਵੇਗੀ । ਉਸ ਨੇ ਕਿਹਾ ਕਿ ਉਹ ਵੀ ਪਿਛਲੇ ਕਈ ਸਾਲਾਂ ਤੋਂ ਹਰ ਸਾਲ ਇਕ ਵਾਰੀ ਲਹੂ ਦਾਨ ਕਰਦੀ ਹੈ। ਉਹ ਲੜਕੀ ਆਪ ਵੀ ਪੂਰੇ ਦਰਜੇ ਦੀ ਡਾਕਟਰ ਸੀ । ਉਸ ਨੇ ਕਿਹਾ ਕਿ ਉਹ ਜਦੋਂ ਪਹਿਲੀ ਵਾਰੀ ਲਹੂ ਦਾਨ ਦੇਣ ਗਈ ਸੀ ਤਾਂ ਉਸ ਦੀ ਛੋਟੀ ਉਮਰ ਹੋਣ ਕਰਕੇ ਡਾਕਟਰਾਂ ਨੇ ਉਸ ਦਾ ਲਹੂ ਨਹੀਂ ਲਿਆ ਸੀ। ਮਹਿਣ ਸਾਹਿਬ ਦੀ ਇਕ ਹੋਰ ਧੀ ਬਾਰੇ ਪਤਾ ਲੱਗਾ ਕਿ ਉਹ ਵੀ ਹਰ ਸਾਲ ਹਸਪਤਾਲ ਜਾ ਕੇ ਲਹੂ ਦਾਨ ਕਰਦੀ ਸੀ। ਉਸ ਲੜਕੀ ਦਾ ਵਿਆਹ ਹੋਇਆ ਹੈ। ਉਹ ਅਮਰੀਕਾ ਵਿੱਚ ਆਪਣੇ ਪਤੀ ਪਾਸ ਰਹਿੰਦੀ ਹੈ। ਉਸ ਲੜਕੀ ਨੇ ਪੰਜਾਬ ਯੂਨੀਵਰਸਿਟੀ ਤੋਂ ਬੜੀ ਉੱਚੀ ਵਿੱਦਿਆ ਦੀ ਪਦਵੀ ਪ੍ਰਾਪਤੀ ਕੀਤੀ ਸੀ। ਉਸ ਲੜਕੀ ਦੀ ਮਾਂ ਨੇ ਮੈਨੂੰ ਕਹਾਣੀ ਸੁਣਾਈ ਕਿ ਇਕ ਦਿਨ ਜਦ ਉਸ ਦਾ ਵਿਆਹ ਹੋ ਚੁੱਕਿਆ ਸੀ ਤਾਂ ਉਹ ਬੱਸ ਵਿੱਚ ਬੈਠੀ ਯੂਨੀਵਰਸਿਟੀ ਨੂੰ ਜਾ ਰਹੀ ਸੀ। (ਇਹ ਮੈਨੂੰ ਯਾਦ ਨਹੀਂ ਰਿਹਾ ਕਿ ਉਨ੍ਹਾਂ ਦਿਨਾਂ ਵਿੱਚ ਉਹ ਯੂਨੀਵਰਸਿਟੀ ਦੀ ਵਿਦਿਆਰਥਣ ਸੀ ਜਾਂ ਨੌਕਰ) ਉਸ ਪਾਸ ਇਕ ਗ਼ਰੀਬ ਪੂਰਬਣ ਬੀਬੀ ਬੱਸ ਵਿੱਚ ਬੈਠੀ ਹੋਈ ਸੀ ਜਿਹੜੀ ਰੋ ਰਹੀ ਸੀ। ਲੜਕੀ ਨੇ ਉਸ ਬੀਬੀ ਨੂੰ ਪੁੱਛਿਆ ਕਿ ਤੂੰ ਰੋਂਦੀ ਕਿਉਂ ਹੈ? ਉਸ ਬੀਬੀ ਨੇ ਕਿਹਾ ਕਿ ਮੇਰਾ ਪਤੀ ਹਸਪਤਾਲ ਵਿੱਚ ਦਾਖ਼ਲ ਹੈ। ਉਸ ਦਾ ਓਪ੍ਰੇਸ਼ਨ ਹੋਣ ਵਾਲਾ ਹੈ ਤੇ ਉਸ ਲਈ ਲਹੂ ਦੀ ਲੋੜ ਹੈ। ਮੈਂ ਕਮਜ਼ੋਰ ਹਾਂ ਤੇ ਡਾਕਟਰ ਮੇਰਾ ਲਹੂ ਨਹੀਂ ਲੈ ਰਹੇ। ਲੜਕੀ ਨੇ ਉਸ ਬੀਬੀ ਤੋਂ ਉਸ ਦੇ ਪਤੀ ਦਾ ਪਤਾ ਪੁੱਛ ਲਿਆ ਤੇ ਹਸਪਤਾਲ ਜਾ ਕੇ ਉਸ ਲਈ ਲਹੂ ਦੇ ਆਈ। ਲਹੂ ਦੇਣ ਦਾ ਪਤਾ ਉਸ ਲੜਕੀ ਨੇ ਨਾ ਆਪਣੇ ਮਾਪਿਆਂ ਨੂੰ ਦੱਸਿਆ ਤੇ ਨਾ ਆਪਣੇ ਸਹੁਰੇ ਨੂੰ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸ਼ਬਦ ਹਨ—



**ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥**
**ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥**

**(ਅੰਗ ੮੧੫)**

**ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥**
**ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥**

(ਅੰਗ ੭੧੦)

ਅਰਥਾਤ—ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ, ਇਹ ਪੰਜੇ ਮਨ ਨੂੰ ਹਰ ਪਲ ਘੇਰਨ ਦਾ ਯਤਨ ਕਰਦੇ ਹਨ । ਇਨ੍ਹਾਂ ਤੋਂ ਬਚਣ ਦਾ ਜੋ ਰਸਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਿਆਨ ਕੀਤਾ ਗਿਆ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿੱਚ ਹੈ-

**ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥**

(ਅੰਗ ੩੪੨)

ਉਸ ਪਵਿੱਤਰ ਰਸ ਬਾਰੇ ਇਕ ਸ਼ਬਦ ਆ ਚੁੱਕਾ ਹੈ ਜਿਸ ਦਾ ਭਾਵ ਅਰਥ ਇਹ ਹੈ ਕਿ ਜਿਹੜਾ ਬੰਦਾ ਆਪਣੇ ਜੀਵਨ ਦਾ ਮਨੋਰਥ ਹੀ ਪਰਉਪਕਾਰ ਬਣਾ ਲਵੇ ਉਸ ਦਾ ਮਨ ਗੰਗਾ ਜਲ ਵਾਂਗ ਪਵਿੱਤਰ ਹੋ ਜਾਂਦਾ ਹੈ। ਜਿਹੜਾ ਪਵਿੱਤਰ ਰਸ ਬੰਦੇ ਦੇ ਮਨ ਵਿੱਚ ਵੱਸ ਸਕੇ ਉਸ ਨੂੰ ਖੋਟੇ ਰਸਾਂ ਤੋਂ ਮੋੜ ਲੈਂਦਾ ਹੈ । ਉਸ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਤੋਂ ਲੱਗਦਾ ਹੈ-

"**ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ ॥**"

(ਅੰਗ ੯੫੨)

"**ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥**" (ਅੰਗ ੫੧)

"**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥**" (ਅੰਗ ੨੭੩)

ਕੁਝ ਦਿਨ ਹੋਏ, ਪੰਜਾਬ ਦੇ ਇਕ ਵੱਡੇ ਸ਼ਹਿਰ ਵਿੱਚ ਇਕ ਅਮੀਰ ਲੜਕੀ ਦੀ ਖ਼ਬਰ ਨਿਕਲੀ ਸੀ ਕਿ ਜਦੋਂ ਉਹ ਕਾਲਜ ਵਿੱਚ ਪੜ੍ਹਦੀ ਸੀ ਤਾਂ ਉਸ ਦਾ ਸ਼ਹਿਰ ਦੇ ਕਿਸੇ ਨੌਜਵਾਨ ਨਾਲ ਪਿਆਰ ਪੈ ਗਿਆ ਸੀ। ਉਸ ਲੜਕੀ ਨੇ ਆਪਣੇ ਮਾਪਿਆਂ ਤੋਂ ਉਸ ਮੁੰਡੇ ਨਾਲ ਵਿਆਹ ਕਰਾਉਣ ਦੀ ਆਗਿਆ ਮੰਗੀ। ਮਾਪਿਆਂ ਨੇ ਆਗਿਆ ਨਾ ਦਿੱਤੀ । ਵਿਆਹ ਵੱਲੋਂ ਨਿਰਾਸ਼ ਹੋ ਕੇ ਲੜਕੀ ਤੇ ਲੜਕੇ ਦੋਨਾਂ ਜਣਿਆਂ ਨੇ ਆਤਮਘਾਤ ਕੀਤਾ। ਜਿਸ ਰੂਪ ਵਿੱਚ ਲੜਕੇ ਤੇ ਲੜਕੀ ਦੀਆਂ ਲਾਸ਼ਾਂ ਦੋਹਾਂ ਦੇ ਪਰਿਵਾਰਾਂ ਨੂੰ ਲੱਭੀਆਂ ਉਹ ਬੜੀ ਸ਼ਰਮ ਵਾਲੀ ਸ਼ਕਲ ਸੀ। ਲੜਕੀ ਨੇ ਮਰਨ ਤੋਂ

ਪਹਿਲਾਂ ਵਿਆਹ ਦੀ ਰਸਮ ਕੀਤੀ ਤੇ ਉਨ੍ਹਾਂ ਦੀਆਂ ਅਲਫ਼ ਨੰਗੀਆਂ ਲਾਸ਼ਾਂ ਮਿਲੀਆਂ । ਸਭ ਤੋਂ ਵੱਡੀ ਦਾਤ ਮਨੁੱਖ ਜੋ ਸੰਸਾਰ ਨੂੰ ਦਿੰਦਾ ਹੈ ਉਹ ਔਲਾਦ ਹੁੰਦੀ ਹੈ। ਜਿਸ ਮਾਂ ਬਾਪ ਨੇ ਸੰਸਾਰ ਨੂੰ ਗੁਰੂ ਨਾਨਕ ਪਾਲ ਕੇ ਦਿੱਤਾ ਉਸ ਤੋਂ ਵੱਧ ਉਹ ਸੰਸਾਰ ਨੂੰ ਹੋਰ ਕਿਹੜੀ ਵੱਡੀ ਦਾਤ ਦੇ ਸਕਦੇ ਸਨ।

ਮਨੁੱਖ ਦੀ ਮੌਤ ਨੂੰ ਬੱਚਾ ਜੰਮ ਕੇ ਜਿੱਤ ਲੈਂਦਾ ਹੈ । ਬੱਚੇ ਆਦਮੀ ਦੇ ਨਾਂ ਨੂੰ ਸਦਾ ਜਿਉਂਦਾ ਰੱਖਿਆ ਕਰਦੇ ਹਨ; ਪਰ ਜੇ ਅਜਿਹੇ ਬੱਚੇ ਪੈਦਾ ਹੋਣ ਜਿਹੜੇ ਜਵਾਨੀ ਵਿੱਚ ਪੈਰ ਧਰਦਿਆਂ ਹੀ ਬਦਮਾਸ਼ੀਆਂ ਕਰਕੇ ਮਰ ਜਾਣ, ਉਨ੍ਹਾਂ ਬਾਰੇ ਸੋਚਣਾ ਪਵੇਗਾ ਕਿ ਭੈੜੇ ਬੱਚੇ ਬਣਨ ਤੋਂ ਕਿਸ ਤਰ੍ਹਾਂ ਰੋਕੇ ਜਾਣ ਤੇ ਉਨ੍ਹਾਂ ਦੀ ਥਾਂ ਕਿਸ ਤਰ੍ਹਾਂ ਚੰਗੇ ਬੱਚੇ ਬਣਾਏ ਜਾਣ । ਇਸ ਦਾ ਮੋਟਾ ਜਿਹਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਗਏ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਸ਼ਬਦ ਵਿੱਚੋਂ ਮਿਲਦਾ ਹੈ :-

**ਪੂਤਾ ਮਾਤਾ ਕੀ ਅਸੀਸ ॥ ਨਿਮਖ ਨਾ ਬਿਸਰਉ**
**ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**

(ਅੰਗ ੪੯੬ )

ਅੰਗਰੇਜ਼ੀ ਵਿੱਚ ਕਿਸੇ ਵਿਦਵਾਨ ਦਾ ਕਥਨ ਹੈ—

**A true reformer never leaves things to chance, he believes in the wisdom of planning.**

ਜਿਹੜਾ ਬੰਦਾ ਅਸਲੀ ਸੁਧਾਰਕ ਹੁੰਦਾ ਹੈ ਉਹ ਆਪਣੇ ਹਾਲਾਤ ਨੂੰ ਇਤਫਾਕ ਦੇ ਸਿਰ 'ਤੇ ਨਹੀਂ ਰਹਿਣ ਦਿੰਦਾ, ਉਹ ਤਾਂ ਭਵਿੱਖ ਲਈ ਕੋਈ ਯੋਜਨਾ ਬਣਾਉਂਦਾ ਹੈ ਜਿਹੜੀ ਸੰਸਾਰ ਦੇ ਮੰਨੇ-ਪ੍ਰਮੰਨੇ ਨਿਯਮਾਂ 'ਤੇ ਅਧਾਰਤ ਹੁੰਦੀ ਹੈ।

ਸ਼੍ਰਿਸ਼ਟਾਚਾਰ ਦੀਆਂ ਪੱਕੀਆਂ ਨੀਹਾਂ 'ਤੇ ਬੱਚਿਆਂ ਨੂੰ ਪਾਲਣ ਦੀ ਵਿਧੀ ਗ੍ਰੰਥਾਂ ਵਿੱਚ ਮੌਜੂਦ ਹੈ। ਇਸ ਨੂੰ ਸੰਸਕਾਰ ਵਿਧੀ ਕਹਿੰਦੇ ਹਨ। ਧਾਰਮਿਕ ਗ੍ਰੰਥਾਂ ਵਿੱਚ ਵੀ ਇਹ ਵਿਧੀ ਲਿਖੀ ਹੋਈ ਹੈ ਤੇ ਸਕੂਲਾਂ ਦੀਆਂ ਪੁਸਤਕਾਂ ਵਿੱਚ ਵੀ ਇਹ ਵਿਧੀ ਮਿਲਦੀ ਹੈ। ਮਨੋਵਿਗਿਆਨੀਆਂ ਦੀਆਂ ਪੁਸਤਕਾਂ ਵਿੱਚੋਂ ਵੀ ਇਹ ਵਿਧੀ ਮਿਲਦੀ ਹੈ। ਮੈਂ ਤਾਂ ਇਸ ਵਿਧੀ ਨੂੰ ਇੰਗਲੈਂਡ ਦੇਸ਼ ਦੀ ਛਪੀ ਹੋਈ ਇਕ ਅੰਗਰੇਜ਼ੀ ਪੁਸਤਕ ਵਿੱਚ ਪੜ੍ਹਿਆ ਸੀ ਜਿਸ ਦਾ ਨਾਮ '**Social Studies and world citizenship**' ਹੈ ।

ਇਸ ਲੇਖ ਵਿੱਚ ਮੈਂ ਉਸ ਵਿਧੀ ਨੂੰ ਦੇਣਾ ਚਾਹੁੰਦਾ ਹਾਂ, ਪਰ ਪਹਿਲਾਂ ਮੈਂ ਮਹਿਣ ਸਾਹਿਬ ਦੇ ਪਰਿਵਾਰ ਦੀ ਕਹਾਣੀ ਨੂੰ ਪੂਰਾ ਕਰਕੇ ਇਹ ਦੱਸਣਾ ਚਾਹੁੰਦਾ ਹਾਂ ਕਿ ਮਹਿਣ ਸਾਹਿਬ ਦੇ ਪਰਿਵਾਰ ਦਾ ਸੱਭਿਆਚਾਰ ਧਰਮ ਦੇ



ਨਿਯਮਾਂ 'ਤੇ ਅਧਾਰਤ ਹੈ, ਜਿਨ੍ਹਾਂ ਨਿਯਮਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿੱਚ ਸੰਖੇਪ ਰੂਪ ਵਿੱਚ ਬਿਆਨ ਕੀਤਾ ਗਿਆ ਹੈ—

**"ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥"** (ਅੰਗ ੫੧)

ਮਹਿਣ ਸਾਹਿਬ ਦੇ ਪਰਿਵਾਰ ਦਾ ਸਾਰਾ ਵਾਤਾਵਰਣ ਹਿਰਦੇ ਦੇ ਵੈਰਾਗ ਦਾ ਹੈ। ਵੈਰਾਗ ਕਿੰਨੀ ਅਮੋਲਕ ਵਸਤੂ ਹੈ ਇਸ ਗੱਲ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਗਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਬਦ ਤੋਂ ਲੱਗਦਾ ਹੈ—

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥**
**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥**

**(ਅੰਗ ੧੪੨੭)**

ਮਹਾਤਮਾ ਗਾਂਧੀ ਨੇ ਇਕ ਗੱਲ ਬਹੁਤ ਕੀਮਤੀ ਲਿਖੀ ਹੈ ਉਸ ਦਾ ਨਾਮ ਉਨ੍ਹਾਂ ਨੇ ਤਲਿਸਮਾ ਰੱਖਿਆ ਹੈ । ਤਲਿਸਮਾ ਦਾ ਅਰਥ ਹਰ ਬਿਮਾਰੀ ਦਾ ਇਲਾਜ ਹੁੰਦਾ ਹੈ । ਉਸ ਗੱਲ ਨੂੰ ਉਹਨਾਂ ਨੇ ਆਪਣੇ ਹੇਠ ਲਿਖੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ :-

ਮਹਾਤਮਾ ਗਾਂਧੀ ਦਾ ਉਹ ਵਿਚਾਰ ਅੰਗਰੇਜ਼ੀ ਭਾਸ਼ਾ ਵਿੱਚ ਹੈ। ਹਾਲੇ ਮੈਂ ਉਸ ਵਿਚਾਰ ਨੂੰ ਜ਼ਬਾਨੀ ਯਾਦ ਕਰਕੇ ਹੀ ਲਿਖ ਰਿਹਾ ਹਾਂ । ਜਿਸ ਵੇਲੇ ਕੋਈ ਪੁਰਾਣਾ ਇਸ਼ਤਿਹਾਰ ਲੱਭ ਗਿਆ ਤਾਂ ਉਸ ਨੂੰ ਦੇ ਦਿਆਂਗਾ। ਉਸ ਨੇ ਲਿਖਿਆ ਹੈ ਕਿ ਜੇ ਕਿਸੇ ਵੇਲੇ ਤੁਹਾਨੂੰ ਹੰਕਾਰ ਤੰਗ ਕਰੇ ਤਾਂ ਤੁਸੀਂ ਕਿਸੇ ਅਜਿਹੇ ਬੰਦੇ ਨੂੰ ਯਾਦ ਕਰੋ ਜਿਹੜਾ ਬਹੁਤ ਮਾੜੇ ਭਾਗਾਂ ਵਾਲਾ ਤੇ ਬਹੁਤ ਦੁਖੀ ਬੰਦਾ ਹੋਵੇ—ਤੇ ਸੋਚੋ ਕਿ ਜਿਸ ਕੰਮ ਨੂੰ ਮੈਂ ਕਰਨ ਬਾਰੇ ਸੋਚ ਰਿਹਾ ਹਾਂ ਜੇ ਮੈਂ ਉਸ ਕੰਮ ਨੂੰ ਕੀਤਾ ਤਾਂ ਉਸ ਮਾੜੇ ਭਾਗਾਂ ਵਾਲੇ ਬੰਦੇ ਨੂੰ ਉਸ ਤੋਂ ਕੀ ਲਾਭ ਪੁੱਜੇਗਾ, ਫੇਰ ਕੀ ਉਸ ਦੇ ਦੁਖ ਘਟਣਗੇ ਜਾਂ ਨਹੀਂ—ਤੇ ਕੀ ਉਸ ਕਾਰਨ ਭਾਰਤ ਨੂੰ ਸਵਰਾਜ ਦੀ ਪ੍ਰਾਪਤੀ ਵਿੱਚ ਲਾਭ ਪੁੱਜੇਗਾ। ਪਿਛਲੇ ਪਰਚੇ ਵਿੱਚ ਲਹੂਦਾਨ ਦੇ ਸਿਰਲੇਖ ਹੇਠ ਮੇਰਾ ਇਕ ਲੇਖ ਨਿਕਲਿਆ ਸੀ ਜਿਸ ਵਿੱਚ ਮੈਂ ਦੱਸਿਆ ਸੀ ਕਿ ਲੋਕੀਂ ਲਹੂ-ਦਾਨ ਦੇਣ ਤੋਂ ਇੰਨਾ ਡਰਦੇ ਹਨ ਕਿ ਅਨੇਕਾਂ ਬੰਦੇ ਨੇੜੇ ਦੇ ਸੰਬੰਧੀਆਂ ਨੂੰ ਵੀ ਲਹੂ-ਦਾਨ ਨਹੀਂ ਦਿੰਦੇ। ਉਸ ਲੇਖ ਵਿੱਚ ਮੈਂ ਇਹ ਵੀ ਦੱਸਿਆ ਸੀ ਕਿ ਕਿਸ ਤਰ੍ਹਾਂ ਡਾਕਟਰ ਓਪਰੇਸ਼ਨ ਕਰਦਿਆਂ ਹੋਇਆਂ ਆਪਣੇ ਬਿਮਾਰਾਂ ਨੂੰ ਲਹੂ ਦੇਂਦੇ ਰਹਿੰਦੇ ਹਨ। ਇਸ ਸੰਬੰਧ ਵਿੱਚ ਮੈਂ ਇਕ ਚੰਡੀਗੜ੍ਹ ਦੇ ਹਿੰਦੂ ਅਮੀਰ ਘਰਾਣੇ ਦੀ ਕਹਾਣੀ ਵੀ ਦਿੱਤੀ ਸੀ ਕਿ ਕਿਸ

ਤਰ੍ਹਾਂ ਹਰ ਸਾਲ ਇਕ ਅਮੀਰ ਆਦਮੀ ਪਿਛਲੇ ਨੌਂ ਸਾਲਾਂ ਤੋਂ ਹਸਪਤਾਲ ਜਾ ਕੇ ਲਹੂ-ਦਾਨ ਦਿੰਦਾ ਰਿਹਾ ਤੇ ਉਸ ਦੀਆਂ ਧੀਆਂ ਵੀ ਲਹੂ-ਦਾਨ ਦਿੰਦੀਆਂ ਰਹੀਆਂ। ਉਸ ਲੇਖ ਵਿੱਚ ਮੈਂ ਇਸ ਪਰਿਵਾਰ ਦੀਆਂ, ਹੋਰ ਵੀ ਦਾਨ ਦੀਆਂ ਗੱਲਾਂ ਲਿਖੀਆਂ ਸਨ ਕਿ ਕਿਸ ਤਰ੍ਹਾਂ ਉਸ ਘਰ ਦੇ ਸਾਰੇ ਜੀਆਂ ਨੂੰ ਦੂਜਿਆਂ ਦੇ ਦੁੱਖੜੇ ਦੂਰ ਕਰਨ ਦਾ ਚਾਅ ਚੜ੍ਹਿਆ ਸੀ, ਜਿਵੇਂ ਹੋਰ ਕੋਈ ਉਹਨਾਂ ਨੂੰ ਚਾਅ ਹੋਵੇ ਹੀ ਨਾ ।

ਉਸ ਪਰਿਵਾਰ ਦੀ ਇਹ ਕਹਾਣੀ ਮੈਂ ਇਸ ਮਨੋਰਥ ਨਾਲ ਦਿੱਤੀ ਸੀ ਕਿ ਬੰਦੇ ਨੇ ਆਪਣੇ ਖੋਟੇ ਸੰਸਕਾਰਾਂ ਤੋਂ ਪ੍ਰੇਰੇ ਜਾਣ ਤੋਂ ਬਚਣਾ ਹੁੰਦਾ ਹੈ ਤੇ ਪਵਿੱਤਰ ਜੀਵਨ ਬਿਤਾਉਣਾ ਹੁੰਦਾ ਹੈ। ਮੈਂ ਪਿਛਲੇ ਲੇਖ ਵਿੱਚ ਇਹ ਵੀ ਦੱਸਿਆ ਸੀ ਕਿ ਜਿਹੜੇ ਮਾਂ ਬਾਪ ਆਪਣੇ ਬੱਚਿਆਂ ਨੂੰ ਨੇਕ ਬਣਾਉਣ ਲਈ ਪਰਵਾਹ ਨਹੀਂ ਕਰਦੇ ਉਹਨਾਂ ਦੇ ਬੱਚੇ ਕਿੰਨੇ ਗੁਮਰਾਹ ਹੋ ਜਾਂਦੇ ਹਨ ਤੇ ਕੁਕਰਮ ਕਰਦੇ ਹੋਏ ਆਤਮਘਾਤ ਤਕ ਕਰ ਲਿਆ ਕਰਦੇ ਹਨ। ਇਕ ਨੌਜਵਾਨ ਲੜਕੀ ਦੀ ਮਿਸਾਲ ਵੀ ਮੈਂ ਦਿੱਤੀ ਸੀ ਕਿ ਉਸ ਨੇ ਕਿਸ ਤਰ੍ਹਾਂ ਕੁਕਰਮ ਕਰਦੀ ਹੋਈ ਨੇ ਆਤਮਘਾਤ ਕੀਤਾ ਤੇ ਮੌਤ ਦਾ ਜੋ ਦ੍ਰਿਸ਼ ਛੱਡ ਕੇ ਗਈ ਉਹ ਬੜਾ ਲੱਜਿਆਜਨਕ ਸੀ। ਮਾਂ ਬਾਪ ਬੱਚਿਆਂ ਨੂੰ ਨੇਕ ਬਣਾ ਸਕਦੇ ਹਨ ਅਤੇ ਅਜਿਹਾ ਕਰਨ ਲਈ ਉਹਨਾਂ ਨੂੰ ਆਪਣੇ ਬੱਚਿਆਂ ਨੂੰ ਉਸ ਢੰਗ ਨਾਲ ਪਾਲਣ ਦੀ ਲੋੜ ਹੁੰਦੀ ਹੈ ਜਿਹਦੇ ਨਾਲ ਉਹਨਾਂ ਦੇ ਹਿਰਦਿਆਂ ਵਿੱਚ ਪਰਉਪਕਾਰ ਦੇ ਸੰਸਕਾਰ ਲਗਾਤਾਰ ਪੈਂਦੇ ਰਹਿਣ ਤੇ ਉਹ ਪਰਉਪਕਾਰੀ ਬਣ ਜਾਣ ।

(ਜੀਵਨ ਲਹਿਰ ਜੁਲਾਈ ੧੯੭੯ 'ਚੋਂ)



## ਆਪਣੇ ਬੁਢਾਪੇ ਦੇ ਸਮੇਂ ਦਾ ਖ਼ਿਆਲ
# ਮੈਨੂੰ ਕਿਉਂ ਪੈਦਾ ਹੁੰਦਾ ਰਹਿੰਦਾ ਸੀ ?

**(ਵੱਲੋਂ :-ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ)**

ਲੂਲ੍ਹੇ ਬਾਲਕ ਦੀ ਪਾਲਣਾ ਦੀ ਕਹਾਣੀ ਨੂੰ ਬਿਆਨ ਕਰਦਿਆਂ ਮੈਂ ਲਿਖਿਆ ਸੀ ਕਿ ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੀ ਰਾਜਧਾਨੀ ਦੇ ਸ਼ਹਿਰ ਲਾਹੌਰ ਦੇ ਸਰਕਾਰੀ ਹਸਪਤਾਲ ਮਿਓ ਹਸਪਤਾਲ ਦੇ ਵੱਡੇ ਡਾਕਟਰ ਕਰਨਲ ਨਟ ਨੇ ਜਦੋਂ ਮੈਨੂੰ ਪੁੱਛਿਆ ਸੀ ਕਿ ਲੂਲ੍ਹੇ ਲੜਕੇ ਨੇ ਤਾਂ ਜਵਾਨ ਹੁੰਦੇ ਜਾਣਾ ਹੈ, ਇਸ ਲਈ ਤੂੰ ਦੱਸ ਕਿ ਤੇਰੇ ਬੁਢਾਪੇ ਵਿੱਚ ਇਸ ਨੂੰ ਕੌਣ ਸੰਭਾਲੇਗਾ ? ਕਰਨਲ ਨਟ ਦੇ ਇਸ ਪ੍ਰਸ਼ਨ ਦਾ ਜੋ ਉੱਤਰ ਮੈਂ ਉਨ੍ਹਾਂ ਨੂੰ ਦਿੱਤਾ ਸੀ ਉਸ ਨੂੰ ਮੈਂ ਪਿਛਲੇ ਪਰਚੇ ਵਿੱਚ ਲਿਖਣਾ ਭੁੱਲ ਗਿਆ ਸਾਂ । ਉਹ ਉੱਤਰ ਇਹ ਸੀ ਕਿ ਮੈਂ ਦੋ ਗ਼ਰੀਬ ਮੁੰਡਿਆਂ ਦੀ ਪੜ੍ਹਾਈ ਦਾ ਖ਼ਰਚ ਦੇ ਰਿਹਾ ਹਾਂ । ਉਨ੍ਹਾਂ ਵਿਦਿਆਰਥੀਆਂ ਪਾਸੋਂ ਮੈਂ ਇਹ ਆਸ ਕੀਤੀ ਹੈ ਕਿ ਉਹ ਮੇਰੇ ਬੁਢਾਪੇ ਵਿੱਚ ਤੇ ਮੇਰੇ ਮਰਨ ਪਿੱਛੋਂ ਲੂਲ੍ਹੇ ਦੀ ਪਾਲਣਾ ਕਰਨਗੇ । ਮੈਂ ਕਈ ਵਿਦਿਆਰਥੀਆਂ ਦੀ ਸਹਾਇਤਾ ਕਰਦਾ ਰਹਿੰਦਾ ਸਾਂ; ਪਰ ਦੋ ਵਿਦਿਆਰਥੀਆਂ ਦਾ ਤਾਂ ਮੈਂ ਸਾਰਾ ਖ਼ਰਚ ਪੜ੍ਹਾਈ ਦਾ ਦਿੱਤਾ ਸੀ । ਇਨ੍ਹਾਂ ਵਿੱਚੋਂ ਇਕ ਦੀ ਪੜ੍ਹਾਈ ਦੇ ਤਿੰਨ ਸਾਲ ਪੂਰਾ ਖ਼ਰਚ ਦਿੱਤਾ ਅਤੇ ਦਸਵੀਂ, ਵਿਦਵਾਨੀ ਤੇ ਗਿਆਨੀ ਜਮਾਤਾਂ ਪਾਸ ਕਰਾਈਆਂ । ਇਸ ਖ਼ਰਚ ਵਿੱਚ ਰੋਟੀ, ਕੱਪੜਾ, ਫ਼ੀਸ, ਕਿਤਾਬਾਂ ਸਭ ਖ਼ਰਚ ਸ਼ਾਮਲ ਸਨ । ਉਸ ਦੇ ਦੂਜੇ ਭਰਾ ਦੀ ਪੜ੍ਹਾਈ ਦੇ ਸਾਰੇ ਖ਼ਰਚੇ ਦਾ ਮੈਂ ਸੱਤ ਸਾਲ ਪ੍ਰਬੰਧ ਕੀਤਾ । ਇਸੇ ਪਿਛਲੇ ਲੇਖ ਵਿੱਚ ਮੈਂ ਇਹ ਵਿਚਾਰ ਵੀ ਕੀਤੀ ਹੈ ਕਿ ਆਪਣੀ ਚੜ੍ਹਦੀ ਜਵਾਨੀ ਦੇ ਸਮੇਂ ਤੋਂ ਦਿਨ ਰਾਤ ਦੀ ਸੇਵਾ ਵਿੱਚ ਜੁੱਟੇ ਰਹਿੰਦਿਆਂ ਮੈਨੂੰ ਆਪਣੇ ਬੁਢਾਪੇ ਦੇ ਸਮੇਂ ਦਾ ਖ਼ਿਆਲ ਵੀ ਕਦੇ-ਕਦੇ ਆ ਜਾਂਦਾ ਕਿ ਮੇਰੇ ਬੁਢਾਪੇ ਵਿੱਚ ਮੈਨੂੰ ਕੌਣ ਸੰਭਾਲੇਗਾ । ਬੁਢਾਪੇ ਦਾ ਫ਼ਿਕਰ ਭਰਿਆ ਖ਼ਿਆਲ ਮੈਨੂੰ ਆਉਂਦਾ ਰਹਿਣਾ ਕੁਦਰਤੀ ਸੀ, ਕਿਉਂਕਿ ਕੋਈ ਨਾ ਕੋਈ ਬੁੱਢਾ ਮਰਨ ਵਾਲਾ ਅਜਿਹਾ ਕਦੇ ਨਾ ਕਦੇ ਮੇਰੀ ਨਿਗ੍ਹਾ ਵਿੱਚ ਆਉਂਦਾ ਰਹਿੰਦਾ ਸੀ, ਜਿਸ ਦੀ ਮੈਨੂੰ ਉਸ ਦੇ ਮਰਨ ਵੇਲੇ ਤਕ ਸੰਭਾਲ ਵੀ ਕਰਨੀ ਪੈਂਦੀ ਸੀ ਤੇ ਉਸ ਦੀ ਲੋਥ ਮੈਨੂੰ ਮਸਾਣਾਂ ਵਿੱਚ ਸਾੜਣੀ ਪੈਂਦੀ ਸੀ ।

ਇਕ ਬੁੱਢੇ ਦਾ ਨਾਮ ਬਾਬਾ ਗੁਰਮੁਖ ਸਿੰਘ ਸੀ । ਉਹ ਗਵਰਨਮੈਂਟ ਕਾਲਜ ਦੇ ਨਵੇਂ ਹੋਸਟਲ ਬੋਰਡਿੰਗ ਹਾਊਸ ਦਾ ਚਪੜਾਸੀ ਸੀ । ਲਾਹੌਰ

ਸ਼ਹਿਰ ਵਿੱਚ ਬਾਬਾ ਚੰਗੀ ਉਮਰ ਭੋਗ ਕੇ ਮਰਿਆ ਸੀ । ਮੇਰਾ ਖ਼ਿਆਲ ਹੈ ਕਿ ਮਰਨ ਦੇ ਸਮੇਂ ਉਸ ਦੀ ਉਮਰ 80 ਦੇ ਲਾਗੇ ਹੋਵੇਗੀ ਤੇ ਇਹ ਵੀ ਮੇਰਾ ਖ਼ਿਆਲ ਹੈ ਕਿ ਉਸ ਦੀ ਸਾਰੀ ਉਮਰ ਉਸ ਕਾਲਜ ਦੀ ਨੌਕਰੀ ਵਿੱਚ ਗੁਜ਼ਰੀ ਸੀ । ਲਾਹੌਰ ਸ਼ਹਿਰ ਦਾ ਗਵਰਨਮੈਂਟ ਕਾਲਜ ਪੰਜਾਬ ਦੇ ਉਸ ਵੇਲੇ ਦੇ ੨੯ ਜ਼ਿਲ੍ਹਿਆਂ ਦਾ ਸਭ ਤੋਂ ਵੱਡਾ ਸਰਕਾਰੀ ਕਾਲਜ ਸੀ । ਉਨ੍ਹਾਂ ਦਿਨਾਂ ਵਿੱਚ ਸਾਰੇ ਪੰਜਾਬ ਵਿੱਚ ਦੋ ਚਾਰ ਹੀ ਸਰਕਾਰੀ ਕਾਲਜ ਹੋਣਗੇ । ਲਾਹੌਰ ਸ਼ਹਿਰ ਦੇ ਗਵਰਨਮੈਂਟ ਕਾਲਜ ਨੂੰ ਸਾਰੇ ਪੰਜਾਬ ਤੋਂ ਅਮੀਰ ਘਰਾਂ ਦੇ ਲੜਕੇ ਪੜ੍ਹਨ ਲਈ ਆਉਂਦੇ ਸਨ । ਬਾਬੇ ਦਾ ਨਾਮ ਵੀ ਗੁਰਮੁਖ ਸਿੰਘ ਸੀ ਤੇ ਉਹ ਉਂਵ ਵੀ ਪੂਰਾ ਗੁਰਮੁਖ ਸੀ । ਇੰਵ ਜਾਪਦਾ ਸੀ ਕਿ ਜਿਵੇਂ ਬਾਬਾ ਗੁਰੂ ਘਰ ਦੇ ਵਾਤਾਵਰਨ ਵਿੱਚ ਹੀ ਪਲਿਆ ਹੋਵੇ । ਉਸ ਦਾ ਲੰਬਾ ਤੇ ਸੰਘਣਾ ਦਾਹੜਾ ਸੀ ਤੇ ਸਾਰਾ ਚਿਹਰਾ ਦਾਹੜੇ ਨਾਲ ਭਰਿਆ ਹੋਇਆ ਸੀ । ਬਾਬੇ ਦਾ ਬੋਲਚਾਲ ਭੋਲਾ ਭਾਲਾ ਸੀ ਤੇ ਉਸ ਦੇ ਚਿਹਰੇ ਤੋਂ ਵੀ ਭੋਲਾਪਨ ਤੇ ਬੱਚਿਆਂ ਵਾਲੀ ਨਿਰਛਲਤਾ ਟਪਕਦੇ ਸਨ । ਉਸ ਦੇ ਦਰਸ਼ਨ ਕਰਕੇ ਹਿਰਦੇ ਨੂੰ ਪ੍ਰਸੰਨਤਾ ਹੁੰਦੀ ਸੀ ਤੇ ਮਨ ਖਿੜਦਾ ਸੀ । ਹੋਸਟਲਾਂ ਦੇ ਵਿਦਿਆਰਥੀ ਘਰ ਦੇ ਵਾਤਾਵਰਨ ਤੋਂ ਦੂਰ ਹੋਏ ਹੁੰਦੇ ਹਨ । ਬਾਬਾ ਭੋਲੇ ਭਾਲੇ ਬੋਲਿਆਂ ਨਾਲ ਉਨ੍ਹਾਂ ਵਿਦਿਆਰਥੀਆਂ ਨੂੰ ਆਪਣਾ ਘਰ ਦਾ ਪਿਆਰ ਕਰਨ ਵਾਲਾ ਬੰਦਾ ਹੋ ਕੇ ਦਿੱਸਦਾ ਸੀ । ਮੇਰਾ ਖ਼ਿਆਲ ਹੈ ਕਿ ਉਸ ਬਾਬੇ ਨੂੰ ਹਰ ਇਕ ਵਿਦਿਆਰਥੀ ਬਾਬਾ ਜੀ ਕਹਿ ਕੇ ਬੁਲਾਉਂਦਾ ਹੋਵੇਗਾ । ਬਾਬਾ ਸ਼ਾਇਦ ਹਰ ਐਤਵਾਰ ਨੂੰ ਜਾਂ ਸੰਗਰਾਂਦ ਵਾਲੇ ਦਿਨ ਗੁਰਦੁਆਰਾ ਡੇਹਰਾ ਸਾਹਿਬ ਨੂੰ ਮੱਥਾ ਟੇਕਣ ਆਇਆ ਕਰਦਾ ਸੀ । ਗਵਰਨਮੈਂਟ ਕਾਲਜ ਦਾ ਚਪੜਾਸੀ ਹੋਣ ਕਰਕੇ ਬਾਬੇ ਦੇ ਕੱਪੜੇ ਸਦਾ ਚਿੱਟੇ ਧੋਤੇ ਹੋਏ ਹੁੰਦੇ ਸਨ । ਉਹ ਮੈਲੇ ਕਦੇ ਨਹੀਂ ਹੁੰਦੇ ਸਨ । ਬਾਬੇ ਦਾ ਭੋਲਾਪਨ ਤੇ ਗੁਰਮੁਖਾਂ ਵਾਲੇ ਨਿਰਛਲ ਸੁਭਾਉ ਦੇ ਕਾਰਨ ਲੜਕੇ ਉਸ ਨੂੰ ਮੇਰਾ ਖ਼ਿਆਲ ਹੈ ਕਿ ਬਹੁਤ ਪਿਆਰ ਨਾਲ ਬੁਲਾਉਂਦੇ ਹੋਣਗੇ । ਬਾਬੇ ਨੇ ਇਕ ਲੜਕੇ ਨੂੰ ਮੁਤਬੰਨਾ ਵੀ ਬਣਾਇਆ ਸੀ ਤੇ ਉਸ ਦਾ ਵਿਆਹ ਵੀ ਬਾਬੇ ਨੇ ਕਰਵਾ ਦਿੱਤਾ ਸੀ; ਪਰ ਉਸ ਨੇ ਵਿਆਹ ਪਿੱਛੋਂ ਛੱਤ ਨਾਲ ਲਟਕ ਕੇ ਫਾਹਾ ਲੈ ਲਿਆ ਸੀ । ਫਾਹਾ ਲੈਣ ਦੇ ਸਮੇਂ ਉਸ ਦੀ ਉਮਰ ੨੨ ਕੁ ਸਾਲਾਂ ਦੀ ਹੋਵੇਗੀ । ਪਤਾ ਲੱਗਿਆ ਸੀ ਕਿ ਫਾਹਾ ਲੈਣ ਦਾ ਕਾਰਨ ਉਸ ਦਾ ਨਾਮਰਦ ਹੋਣਾ ਸੀ । ਮੈਨੂੰ ਇਸ ਗੱਲ ਦਾ ਪਤਾ ਤਾਂ ਲੱਗਿਆ ਸੀ ਕਿਉਂਕਿ ਮੈਂ ਉਸ ਨੌਜਵਾਨ ਦੀ ਲੋਥ ਨੂੰ ਸਾੜਨ ਗਿਆ ਸਾਂ। ਬਾਬੇ ਨੇ ਮੁਤਬੰਨੇ ਪੁੱਤਰ ਦੀ ਲੋਥ ਨੂੰ ਸਾੜਨ ਲਈ ਗੁਰਦੁਆਰਾ ਡੇਹਰਾ ਸਾਹਿਬ ਦੀ ਸਹਾਇਤਾ ਮੰਗੀ ਸੀ । ਮੈਂ ਤਾਂ ਕੇਵਲ ਸੇਵਾ ਲਈ ਹੀ ਗੁਰਦੁਆਰੇ ਵਿੱਚ ਰਿਹਾ ਹੋਇਆ ਸਾਂ, ਤਨਖ਼ਾਹ ਮੈਂ ਨਹੀਂ ਲੈਂਦਾ



ਸੀ । ਅਜਿਹੇ ਕੰਮਾਂ ਲਈ ਮੈਨੂੰ ਵੀ ਸੇਵਾਦਾਰਾਂ ਨਾਲ ਭੇਜ ਦਿੱਤਾ ਜਾਂਦਾ ਸੀ । ਪੁੱਤਰ ਤਾਂ ਬਾਬੇ ਦਾ ਮਰ ਹੀ ਗਿਆ ਸੀ । ਸੋ ਬਾਬੇ ਦਾ ਜਦੋਂ ਉਹ ਵੇਲਾ ਬੁਢਾਪੇ ਦਾ ਆਇਆ ਜਦੋਂ ਸਰੀਰ ਰਹਿ ਜਾਂਦਾ ਹੈ ਤਾਂ ਉਹ ਹੋਸਟਲ ਵਿੱਚ ਹੀ ਰਿਹਾ ਤੇ ਉਸ ਨੂੰ ਉਸੇ ਕਮਰੇ ਵਿੱਚ ਰਹਿਣ ਦਿੱਤਾ ਗਿਆ ਜਿਸ ਵਿੱਚ ਉਹ ਆਪਣੀ ਨੌਕਰੀ ਦੇ ਵੇਲੇ ਰਹਿੰਦਾ ਸੀ । ਉਸ ਕਮਰੇ ਵਿੱਚ ਇਸ ਲਈ ਰਹਿਣ ਦਿੱਤਾ ਗਿਆ ਕਿਉਂਕਿ ਉਸਨੇ ਸਾਰੀ ਉਮਰ ਕਾਲਜ ਦੇ ਲੜਕਿਆਂ ਦੀ ਸੇਵਾ ਵਿੱਚ ਗੁਜ਼ਾਰੀ ਸੀ । ਫਿਰ ਉਸਨੇ ਆਪਣਾ ਜੀਵਨ ਇਕ ਸਾਧ ਦੇ ਤੌਰ ’ਤੇ ਨਿਰਛਲਤਾ ਨਾਲ ਗੁਜ਼ਾਰਿਆ ਸੀ । ਹੋਸਟਲਾਂ ਦੇ ਲੜਕਿਆਂ ਨੇ ਉਸ ਨੂੰ ਆਪਣਾ ਨੌਕਰ ਨਹੀਂ ਗਿਣਿਆ ਸੀ ਬਲਕਿ ਆਪਣਾ ਬਜ਼ੁਰਗ ਗਿਣਿਆ ਸੀ । ਬਾਬੇ ਦਾ ਰਿਹਾਇਸ਼ੀ ਕਮਰਾ ਸੜਕ ਦੇ ਕੰਢੇ ’ਤੇ ਸੀ । ਇਕ ਦਿਨ ਮੈਂ ਬਾਬੇ ਦੇ ਕਮਰੇ ਕੋਲੋਂ ਸੜਕ ’ਤੋਂ ਲੰਘਿਆ ਜਾਂਦਾ ਉਸ ਦੇ ਕਮਰੇ ਅੰਦਰ ਚਲਾ ਗਿਆ । ਮੈਂ ਬਾਬੇ ਨੂੰ ਹੋਸਟਲ ਵਿੱਚ ਵੀ ਮਿਲਦਾ ਰਹਿੰਦਾ ਸਾਂ । ਇਕ ਵਾਰੀ ਮੈਂ ਰਾਏ ਸਾਹਿਬ ਦੇਵੀ ਦਿੱਤਾ ਮੱਲ ਦੇ ਪੁੱਤਰ ਅਵਤਾਰ ਸਿੰਘ ਰਿਖੀ ਨੂੰ ਉਸ ਨਵੇਂ ਹੋਸਟਲ ਵਿੱਚ ਮਿਲਣ ਗਿਆ ਸਾਂ ਜਿੱਥੇ ਬਾਬਾ ਚਪੜਾਸੀ ਸੀ । ਰਾਏ ਸਾਹਿਬ ਪ੍ਰਤੀ ਦਿਨ ਡੇਹਰਾ ਸਾਹਿਬ ਸ਼ਾਮ ਵੇਲੇ ਮੱਥਾ ਟੇਕ ਕੇ ਘਰ ਜਾਂਦੇ ਸਨ । ਉਹ ਰੇਲਵੇ ਦੇ ਫੋਰਮੈਨ ਸਨ ਤੇ ਡੇਹਰਾ ਸਾਹਿਬ ਅੱਗੋਂ ਸ਼ਾਮ ਨੂੰ ਲੰਘਦੇ ਸਨ । ਅਵਤਾਰ ਸਿੰਘ ਉਸ ਵੇਲੇ ਐਮ.ਏ. ਦਾ ਵਿਦਿਆਰਥੀ ਸੀ ਤੇ ਅੱਜਕੱਲ੍ਹ ਦਿੱਲੀ ਵਿਖੇ ਪਾਰਲੀਮੈਂਟ ਦਾ ਸੈਕਰੇਟਰੀ ਜਨਰਲ ਹੈ । ਉਸ ਕੋਲੋਂ ਸੇਵਾਦਾਰ ਪਿੰਗਲਵਾੜੇ ਲਈ ੨੫ ਕੁ ਸਾਲਾਂ ਤੋਂ ੧੦ ਰੁਪਏ ਮਹੀਨਾ ਚੰਦਾ ਲਿਆ ਰਿਹਾ ਹੈ । ਰਾਏ ਸਾਹਿਬ ਦੇਵੀ ਦਿੱਤਾ ਮੱਲ ਮੈਨੂੰ ਵੇਖ ਕੇ ਬੜੇ ਖ਼ੁਸ਼ ਹੋਇਆ ਕਰਦੇ ਸਨ । ਉਨ੍ਹਾਂ ਦੇ ਪੁੱਤਰ ਹੋਰ ਵੀ ਸਨ । ਪਰ ਇਕੱਲੇ ਅਵਤਾਰ ਸਿੰਘ ਨੂੰ ਹੀ ਉਨ੍ਹਾਂ ਨੇ ਸਿੱਖ ਬਣਾਇਆ ਸੀ । ਅਵਤਾਰ ਸਿੰਘ ਨੇਕ, ਕੋਮਲ ਸੁਭਾਅ ਵਾਲਾ ਨੌਜਵਾਨ ਸੀ । ਬਾਬੇ ਨੂੰ ਮੇਰਾ ਮਿਲਣ ਦਾ ਦੂਜਾ ਕਾਰਨ ਉਨ੍ਹਾਂ ਦੋਵੇਂ ਮੁੰਡਿਆਂ ਲਈ ਸਹਾਇਤਾ ਦਿਵਾਉਣਾ ਸੀ ਜਿਨ੍ਹਾਂ ਦੀ ਪੜ੍ਹਾਈ ਦਾ ਸਾਰਾ ਖ਼ਰਚ ਮੈਂ ਕਈ ਸਾਲ ਦਿੱਤਾ ਸੀ । ਉਨ੍ਹਾਂ ਪਾਸੋਂ ਮੈਂ ਆਪਣੇ ਬੁਢਾਪੇ ਦੇ ਸਮੇਂ ਲੂਲ੍ਹੇ ਪਿਆਰਾ ਸਿੰਘ ਦੀ ਸੇਵਾ-ਸੰਭਾਲ ਦੀ ਆਸ ਰੱਖੀ ਸੀ । ਮੈਂ ਜਦ ਬਾਬੇ ਦੇ ਕਮਰੇ ਅੰਦਰ ਗਿਆ ਤਾਂ ਦੇਖਿਆ ਕਿ ਬਾਬਾ ਮੰਜੇ ਤੋਂ ਉੱਠ ਨਹੀਂ ਸਕਦਾ ਸੀ ਤੇ ਮੈਨੂੰ ਪਹਿਚਾਣ ਵੀ ਨਹੀਂ ਸਕਦਾ ਸੀ । ਬਾਬੇ ਦਾ ਕਮਰਾ ਬਹੁਤ ਵਧੀਆ ਤੇ ਹਵਾਦਾਰ ਸੀ । ਰੋਟੀ ਦੀ ਵੀ ਕੋਈ ਘਾਟ ਨਹੀਂ ਸੀ, ਕਿਉਂਕਿ ਅਮੀਰ ਮੁੰਡਿਆਂ ਦਾ ਹੋਸਟਲ ਸੀ; ਪਰ ਬਾਬੇ ਨੂੰ ਨਹਾਉਂਦਾ ਕੋਈ ਨਹੀਂ ਸੀ । ਉਸ ਦੇ ਬਿਸਤਰੇ ਦੀ ਚਾਦਰ ਬਹੁਤ ਮੈਲੀ ਹੋਈ ਪਈ ਸੀ । ਉਸ ਉੱਪਰ

ਚਾਹ, ਦੁੱਧ, ਖਾਣ-ਪੀਣ ਦੀਆਂ ਅਨੇਕਾਂ ਵਸਤਾਂ ਸੁੱਕੀਆਂ ਹੋਈਆਂ ਨਜ਼ਰ ਆਉਂਦੀਆਂ ਸਨ। ਵਿਦਿਆਰਥੀ ਤੇ ਪ੍ਰੋਫ਼ੈਸਰ ਉਸ ਨੂੰ ਪਿਆਰ ਸਤਿਕਾਰ ਦਾ ਅਧਿਕਾਰੀ ਗਿਣਦੇ ਹੋਣਗੇ। ਇਸ ਗੱਲ ਦਾ ਸਬੂਤ ਵੀ ਇਕ ਅਖ਼ਬਾਰੀ ਖ਼ਬਰ ਨਾਲ ਇਕ ਵਾਰ ਮਿਲਿਆ ਸੀ। ਉਸ ਕਾਲਜ ਦੀ ਇਕ ਅਜਿਹੀ ਇਕੱਤਰਤਾ ਹੋਈ ਸੀ ਜਿਹੜੀ ੧੦੦ ਸਾਲਾਂ ਜਾਂ ੫੦ ਸਾਲਾਂ ਮਗਰੋਂ ਹੋਈ ਸੀ। ਉਸ ਇਕੱਤਰਤਾ ਵਿੱਚ ਪੁਰਾਣੇ ਵਿਦਿਆਰਥੀ ਬਹੁਤ ਇਕੱਠੇ ਹੋਏ ਸਨ। ਪੰਜਾਬ ਸਰਕਾਰ ਦਾ ਸਭ ਤੋਂ ਵੱਡਾ ਸਰਕਾਰੀ ਕਾਲਜ ਹੋਣ ਕਰਕੇ ਜਿਹੜੇ ਪੁਰਾਣੇ ਵਿਦਿਆਰਥੀ ਇਕੱਠੇ ਹੋਏ ਸਨ ਉਨ੍ਹਾਂ ਵਿੱਚੋਂ ਬਹੁਤ ਸਾਰੇ ਉੱਚੀਆਂ ਪਦਵੀਆਂ ਵਾਲੇ ਸਨ; ਜਿਵੇਂ ਕੋਈ ਹਾਈਕੋਰਟ ਦਾ ਜੱਜ ਹੋਵੇ, ਸੈਸ਼ਨ ਜੱਜ, ਕੋਈ ਸਿਵਲ ਸਰਜਨ, ਕੋਈ ਚੀਫ਼ ਇੰਜੀਨੀਅਰ, ਕੋਈ ਸਰਕਾਰ ਦਾ ਸੈਕਟਰੀ, ਕੋਈ ਵਜ਼ੀਰ। ਉਸ ਇਕੱਤਰਤਾ ਬਾਰੇ ਅਖ਼ਬਾਰਾਂ ਵਿੱਚ ਖ਼ਬਰ ਨਿਕਲੀ ਸੀ ਕਿ ਉਨ੍ਹਾਂ ਪੁਰਾਣੇ ਵਿਦਿਆਰਥੀਆਂ ਨੇ ਬਾਬਾ ਗੁਰਮੁਖ ਸਿੰਘ ਨੂੰ ਬਹੁਤ ਪਿਆਰ ਸਤਿਕਾਰ ਦਿੱਤਾ ਸੀ ਤੇ ਮਾਇਆ ਦੇ ਗੱਫੇ ਵੀ ਬਖ਼ਸ਼ੇ ਸਨ। ਪਿਆਰ ਸਤਿਕਾਰ ਦਾ ਕਾਰਨ ਉਸ ਦੀ ਬਹੁਤ ਚਿਰ ਦੀ ਨੌਕਰੀ ਨਹੀਂ ਸੀ ਬਲਕਿ ਉਸ ਦਾ ਗੁਰਮਤਿ ਦੇ ਰੰਗਣ ਵਿੱਚ ਰੰਗਿਆ ਹੋਣਾ, ਭਾਰੇ ਦਾਹੜੇ ਨਾਲ ਉਸਦੇ ਮੂੰਹ ਦਾ ਭਰਿਆ ਹੋਣਾ ਸੀ, ਕੋਮਲ ਸੁਭਾਓ ਵਾਲਾ ਹੋਣਾ ਤੇ ਗੁਰਮੁਖਾਂ ਵਾਲੇ ਪਵਿੱਤਰ ਬੋਲ ਬੋਲਣਾ ਸੀ। ਸੰਖੇਪ ਤੌਰ ’ਤੇ ਉਸ ਦਾ ਸਾਧ-ਪੁਣਾ ਸੀ। ਮੈਂ ਸਾਰੀ ਉਮਰ ਸੋਚਾਂ ਵਿੱਚ ਰਿਹਾ ਹਾਂ। ਭਾਵੇਂ ਮੇਰੀ ਆਤਮਾ ਖ਼ੁਸ਼ ਰਹਿੰਦੀ ਸੀ ਤੇ ਸੋਚਾਂ ਮੇਰੇ ਹਿਰਦੇ ਉੱਤੇ ਹਰ ਵੇਲੇ ਪਹਾੜ ਬਣੀਆਂ ਰਹਿੰਦੀਆਂ ਸਨ। ਦੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਖ਼ਰਚਾ ਮੇਰੇ ਲਈ ਭਾਰੀ ਚਿੰਤਾ ਦਾ ਹੋਣਾ ਸੀ, ਜਿਨ੍ਹਾਂ ਨੂੰ ਸਾਰਾ ਖ਼ਰਚਾ ਲੋਕਾਂ ਕੋਲੋਂ ਇਕੱਠਾ ਕਰਕੇ ਦੇਣਾ ਹੁੰਦਾ ਸੀ। ਮਾੜਾ ਮੋਟਾ ਖ਼ਰਚ ਤਾਂ ਮੇਰੇ ਕੋਲੋਂ ਦੋ ਤਿੰਨ ਵਿਦਿਆਰਥੀ ਹੋਰ ਵੀ ਲੈਂਦੇ ਸਨ; ਫਿਰ ਰੋਗੀਆਂ ਅਪਾਹਿਜਾਂ ਦਾ ਖ਼ਰਚ, ਕਿਸੇ ਨੂੰ ਰੇਲ ਦਾ ਕਿਰਾਇਆ ਲੈ ਕੇ ਦੇਣਾ, ਕਿਸੇ ਨੂੰ ਕੋਈ ਕੱਪੜਾ ਲੈ ਕੇ ਦੇਣਾ। ਅਜਿਹੇ ਖ਼ਰਚ ਤਾਂ ਮੇਰੇ ਉੱਤੇ ਹਰ ਵੇਲੇ ਪਏ ਰਹਿੰਦੇ ਸਨ ਤੇ ਸਿਰ ਖੁਰਕਣ ਦਾ ਵਿਹਲ ਨਹੀਂ ਹੁੰਦਾ ਸੀ। ਸਭ ਤੋਂ ਵੱਡਾ ਫ਼ਿਕਰ ਤਾਂ ਮੈਨੂੰ ਦੇਸ਼ ਦੀ ਗ਼ਰੀਬੀ ਦਾ ਸੀ, ਜਿਸ ਲਈ ਮੈਂ ਆਪਣੀ ੨੩ ਸਾਲ ਦੀ ਉਮਰ ਤੋਂ ਆਪਣਾ ਜੀਵਨ ਅਰਪਣ ਕਰ ਦਿੱਤਾ ਸੀ। ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ **Young India** ਦੇ ਲੇਖ ਪੜ੍ਹ ਪੜ੍ਹ ਕੇ ਮੈਂ ਦੇਸ਼ ਦੀ ਗ਼ਰੀਬੀ ਤੋਂ ਬੇਚੈਨ ਹੋਇਆ ਰਹਿੰਦਾ ਸਾਂ। ਜੀਵਨ ਤਾਂ ਮੇਰਾ ਅਰਪਣ ਹੋ ਹੀ ਚੁੱਕਾ ਸੀ ਤੇ ਸੇਵਾ ਦੇ ਜੀਵਨ ਤੋਂ ਪਿੱਛੇ ਮੁੜਨ ਦਾ ਖ਼ਿਆਲ ਵੀ ਮੈਨੂੰ ਨਹੀਂ ਆ ਸਕਦਾ ਸੀ; ਪਰ ਇਸ ਸਾਧਪੁਣੇ ਦੇ



ਪੈਂਡੇ ਦੀਆਂ ਕਠਿਨਾਈਆਂ ਤਾਂ ਮੇਰੇ ਸਾਹਮਣੇ ਆ ਰਹੀਆਂ ਸਨ। ਮੈਂ ਬਾਬੇ ਦੀ ਹਾਲਤ ਨੂੰ ਬੜੇ ਦੁਖ ਅਤੇ ਚਿੰਤਾ ਨਾਲ ਵੇਖਿਆ।

ਪਰ ਵਾਹਿਗੁਰੂ ਦੇ ਇੰਨੇ ਭਰੋਸੇ ਦੇ ਮੈਂ ਪ੍ਰਬਲ ਸੰਸਕਾਰ ਲੈ ਕੇ ਪੈਦਾ ਹੋਇਆ ਸਾਂ ਕਿ ਉਸ ਦੀ ਮਿਹਰ ਦੀ ਆਸ ਉਸ ਤਰ੍ਹਾਂ ਬਣੀ ਰਹੀ ਜਿਕਨ ਮੈਨੂੰ ਇਹ ਆਸ ਆਪਣੀ ਮਾਂ ਤੋਂ ਬਣੀ ਰਹੀ ਸੀ। ਮੈਂ ਇਹ ਸੇਵਾ ਦਾ ਜੀਵਨ ਇਸ ਕਰਕੇ ਬਿਤਾ ਰਿਹਾ ਸਾਂ ਕਿ ਇਹ ਦੁਨੀਆਂ ਦੇ ਬੰਦਿਆਂ ਨੂੰ ਵੀ ਖ਼ੁਸ਼ ਕਰਨ ਵਾਲਾ ਹੈ ਤੇ ਰੱਬ ਨੂੰ ਵੀ ਖ਼ੁਸ਼ ਕਰਨ ਵਾਲਾ ਹੈ; ਇਸ ਲਈ ਮੈਨੂੰ ਕਿਸੇ ਲਾਵਾਰਸ ਬੁੱਢੇ ਦੀ ਮਰਨ ਵੇਲੇ ਦੀ ਤਰਸਯੋਗ ਹਾਲਤ ਦੇਖ ਕੇ ਘਬਰਾਹਟ ਪੈਦਾ ਨਹੀਂ ਹੁੰਦੀ ਸੀ। ਮੈਂ ਸਮਝਦਾ ਸਾਂ ਕਿ ਰੱਬ ਨੂੰ ਖ਼ੁਸ਼ ਕਰਨ ਤੋਂ ਉੱਤੇ ਹੋਰ ਮੰਜ਼ਲ ਹੀ ਕੋਈ ਨਹੀਂ—ਤੇ ਜਦ ਮੈਂ ਰੱਬ ਨੂੰ ਖ਼ੁਸ਼ ਕਰਨ ਵਾਲੇ ਕੰਮ ਕਰ ਰਿਹਾ ਹਾਂ ਤੇ ਰੱਬ ਮੇਰਾ ਆਪੇ ਫ਼ਿਕਰ ਕਰੇਗਾ। ਇਸ ਤੋਂ ਵੱਡਾ ਜੀਵਨ ਦਾ ਕੋਈ ਕਾਰ-ਵਿਹਾਰ ਨਹੀਂ।

(ਜੀਵਨ ਲਹਿਰ ਜੁਲਾਈ ੧੯੭੭ ’ਚੋਂ)

# ਗੁਰਮਤਿ ਅਨੁਸਾਰ ਬੇਆਸਰੇ ਰੋਗੀਆਂ ਤੇ ਅਪਾਹਿਜਾਂ ਦੀ ਸੇਵਾ ਨਾਲ ਭਗਤੀ ਦਾ ਸੰਬੰਧ

-ਭਗਤ ਪੂਰਨ ਸਿੰਘ

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉੱਪਰ ਲਿਖੀ ਇਸ ਤੁਕ ਵਿੱਚ ਸਿੱਖਿਆ ਦਿੱਤੀ ਗਈ ਹੈ ਕਿ ਜੀਵਨ ਸਤਿਗੁਰੂ ਦੇ ਹੁਕਮ ਅਧੀਨ ਤੁਰਨਾ ਚਾਹੀਦਾ ਹੈ। ਆਤਮ-ਸਮਰਪਣ ਇਸ ਹੱਦ ਤਕ ਹੋ ਜਾਣਾ ਚਾਹੀਦਾ ਹੈ ਕਿ ਤਨ, ਮਨ, ਧਨ ਹੀ ਸਤਿਗੁਰੂ ਦੀ ਸੇਵਾ ਵਿੱਚ ਅਰਥਾਤ ਸਤਿਗੁਰ ਦੇ ਦੱਸੇ ਕੰਮਾਂ ਵਿੱਚ ਲੱਗ ਜਾਏ। ਪਰ ਇਹ ਹੁੰਦਾ ਤਦੋਂ ਹੈ ਜਦੋਂ ਜਗਿਆਸੂ ਭਗਤੀ ਦੁਆਰਾ ਆਪਣਾ ਜੀਵਨ ਭਾਰਾ ਗਉਰਾ ਕਰ ਲੈਂਦਾ ਹੈ, ਨਹੀਂ ਤਾਂ ਸੇਵਾ ਦੇ ਕੰਮਾਂ ਵਿੱਚ ਵੀ ਹਉਮੈਂ ਨਾਲ ਹੀ ਰਹਿੰਦੀ ਹੈ ਤੇ ਗੁਮਰਾਹ ਕਰਦੀ ਰਹਿੰਦੀ ਹੈ। ਸਿੱਖੀ ਵਿੱਚ ਬ੍ਰਹਮ-ਗਿਆਨੀ ਦੀ ਪਦਵੀ ਸਭ ਤੋਂ ਮਹਾਨ ਹੈ । ਬ੍ਰਹਮ-ਗਿਆਨੀ ਦਾ ਸਰੂਪ ਇਹ ਹੈ :-

**ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥**

**(ਅੰਗ ੨੭੩)**

ਅਰਥਾਤ ਬ੍ਰਹਮ ਗਿਆਨੀ ਉਹ ਹੈ ਜੋ ਬ੍ਰਹਮ ਨੂੰ ਪਛਾਣਦਾ ਹੈ ਤੇ ਜਿਸ ਦਾ ਇਕ ਬ੍ਰਹਮ ਨਾਲ ਹੀ ਪਿਆਰ ਹੈ। ਇਸ ਪਿਆਰ ਤੋਂ ਸੇਵਾ ਆਪ ਮੁਹਾਰੇ ਉਪਜਦੀ ਹੈ ਤੇ ਸੇਵਾ ਵਿੱਚ ਲੱਗਿਆਂ ਸੇਵਕ ਹਉਮੈਂ ਰਹਿਤ ਹੋ ਕੇ ਅਤਿ ਨਿਮਰਤਾ ਨਾਲ ਸੇਵਾ ਦੇ ਕੰਮਾਂ ਨੂੰ ਤੋਰਦਾ ਹੈ: "**ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ**" ਹੋ ਕੇ ਉਹ ਬੜਾ ਸਿਆਣਾ ਹੋ ਗਿਆ ਹੋਇਆ ਹੈ, ਉਸ ਨੇ ਬ੍ਰਹਮ ਦੀ ਸਿਆਣਪ ਜੁ ਪ੍ਰਾਪਤ ਕਰ ਲਈ ਹੋਈ ਹੈ ਤੇ ਆਪਣੀਆਂ ਅਕਲਾਂ ਤੇ ਉਕਤੀਆਂ ਜੁਗਤੀਆਂ ਛੱਡ ਚੁੱਕਾ ਹੋਇਆ ਹੈ। ਉਹ ਬ੍ਰਹਮ ਦੀ ਅਗਵਾਈ ਵਿੱਚ ਤੁਰਦਾ ਹੈ ਤੇ ਇਸ ਲਈ ਗੁਮਰਾਹ ਨਹੀਂ ਹੁੰਦਾ ।

**"ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥**

**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥" (ਅੰਗ ੨੭੩)**



**"ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥**

**ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥"**

**(ਅੰਗ ੨੭੩)**



ਉਸ ਨੂੰ ਸੰਸਾਰ ਦੇ ਜੀਵਾਂ ਦੇ ਦੁੱਖਾਂ, ਸੁਖਾਂ ਨਾਲ ਸੰਬੰਧ ਰੱਖਣ ਵਾਲੇ ਮਸਲਿਆਂ ਦੀ ਵਾਕਫ਼ੀਅਤ ਸੁਤੇ ਹੋ ਜਾਂਦੀ ਹੈ ਤੇ ਇਸ ਤਰ੍ਹਾਂ ਨਾਲ ਉਸ ਨੂੰ "**ਪ੍ਰਭੁ ਕਉ ਸਿਮਰਹਿ ਸਿ ਸਰਬ ਕੇ ਰਾਜੇ**" ਦੇ ਮਹਾਂ-ਵਾਕ ਅਨੁਸਾਰ ਰਾਜ ਦਰਬਾਰਾਂ ਵਿੱਚ ਤੇ ਸਮਾਜ ਦੇ ਕੰਮਾਂ ਵਿੱਚ ਆਪਣਾ ਹਿੱਸਾ ਪਾਉਣ ਦਾ ਮਾਣ ਪ੍ਰਾਪਤ ਹੋ ਜਾਂਦਾ ਹੈ। ਸੰਸਾਰ ਅੰਦਰ ਦੁੱਖ, ਕਸ਼ਟ ਬਣੇ ਹੀ ਰਹਿੰਦੇ ਹਨ। ਇਹਨਾਂ ਦੀ ਮੌਜੂਦਗੀ ਵਿੱਚ ਰੱਬ ਦਾ ਸੇਵਕ ਕਿਵੇਂ ਸੁਖ ਦੀ ਨੀਂਦ ਸੌਂ ਸਕਦਾ ਹੈ? ਸੰਸਾਰ ਦੇ ਸਾਰੇ ਦੁੱਖ-ਸੁੱਖ ਸੰਸਾਰ ਦੀਆਂ ਸਭ ਸਮੱਸਿਆਵਾਂ ਉਸ ਦੀਆਂ ਆਪਣੀਆਂ ਹੋ ਗਈਆਂ ਹਨ। ਮਹਾਤਮਾ ਬੁੱਧ ਦੇ ਪਿਤਾ ਨੇ ਉਸ ਦੀ ਚੜ੍ਹਦੀ ਜਵਾਨੀ ਵਿੱਚ ਉਸ ਨੂੰ ਹਰ ਸੰਸਾਰੀ ਪੱਖ ਤੋਂ ਚੰਗਾ ਬਣਾਉਣ ਦਾ ਯਤਨ ਕੀਤਾ ਸੀ, ਪਰ ਸ਼ਹਿਜ਼ਾਦੇ ਦਾ ਹਿਰਦਾ ਇਕ ਬਿਰਧ ਬੰਦਾ, ਇਕ ਰੋਗੀ ਬੰਦਾ ਤੇ ਇਕ ਲੋਥ ਨੂੰ ਦੇਖ ਕੇ ਕੰਬ ਉੱਠਿਆ ਸੀ ਤੇ ਮਨੁੱਖਾ ਜੀਵਨ ਦੀਆਂ ਬੇਬਸੀਆਂ ਨੂੰ ਬੰਨ੍ਹ ਮਾਰਨ ਲਈ, ਉਸ ਨੇ ਦੁਖੀ ਸੰਸਾਰ ਨਾਲ ਆਪਣੀ ਸਾਂਝ ਬਣਾਈ,

ਕਿਉਂਕਿ ਉਸ ਦੇ ਤਪ 'ਚੋਂ ਦਇਆ ਦੀ ਭਾਵਨਾ ਪ੍ਰਤੱਖ ਹੋ ਕੇ ਸਾਹਮਣੇ ਆ ਖਲੋਂਦੀ ਸੀ । ਆਪਣੇ ਡੇਰੇ ਵਿੱਚ ਪਏ ਹੋਏ ਇਕ ਸੰਤ ਨੂੰ ਮਲਮੂਤਰ ਵਿੱਚ ਲਿਬੜਿਆ ਹੋਇਆ ਵੇਖ ਕੇ ਉਸ ਨੇ ਜਿੱਥੇ ਉਸ ਸੰਤ ਦੇ ਸਰੀਰ ਨੂੰ ਆਪਣੇ ਹੱਥਾਂ ਨਾਲ ਸਾਫ਼ ਕੀਤਾ ਸੀ ਉੱਥੇ ਉਸ ਨੇ ਆਪਣੇ ਸਾਥੀਆਂ ਨੂੰ ਵੀ ਸੇਵਾ ਦੇ ਰਾਹੇ ਪਾਇਆ ਸੀ। ਉਹਨਾਂ ਏਥੋਂ ਤਕ ਕਿਹਾ ਸੀ ਕਿ ਜੇ ਕਿਸੇ ਨੇ ਮੇਰੀ ਸੇਵਾ ਕਰਨੀ ਹੋਵੇ ਤਾਂ ਉਹ ਕਿਸੇ ਲਾਵਾਰਸ ਰੋਗੀ ਨੂੰ ਲੱਭ ਕੇ ਉਸ ਦੀ ਸੇਵਾ ਵਿੱਚ ਲੱਗ ਜਾਵੇ।

ਉਤਲੀ ਵਿਚਾਰ ਦਾ ਭਾਵ ਇਹ ਹੈ ਕਿ ਬੰਦੇ ਦਾ ਕਰਤੱਵ ਸੇਵਾ ਹੀ ਹੈ, ਤਾਂ ਹੀ ਉਸ ਦਾ ਜੀਵਨ ਸਫਲ ਹੈ। ਰੱਬ ਦੀਆਂ ਆਸਾਂ ਨੂੰ ਪੂਰਾ ਕਰਨ ਲਈ ਉਹ ਆਪਣੇ ਆਪ ਨੂੰ ਸੰਤ ਭਗਤ ਬਣਾ ਕੇ ਮੈਦਾਨ ਵਿੱਚ ਨਿਤਰੇ ।

ਤਸਵੀਰ ਵਿੱਚ ਮਹਾਤਮਾ ਬੁੱਧ ਦੇ ਡੇਰੇ ਦਾ ਇਕ ਭਿਖ਼ਸ਼ੂ ਮਰੋੜਾਂ ਦੇ ਰੋਗ ਨਾਲ ਬੀਮਾਰ ਪਿਆ ਹੈ। ਮਹਾਤਮਾ ਬੁੱਧ ਦੇ ਖੱਬੇ ਹੱਥ ਵਿੱਚ ਇਕ ਭਾਂਡਾ ਫੜਿਆ ਹੋਇਆ ਹੈ ਜਿਸ ਵਿੱਚ ਗਰਮ ਪਾਣੀ ਵਿੱਚ ਭਿਉਂ-ਭਿਉਂ ਕੇ ਉਹ ਭਿਖ਼ਸ਼ੂ ਦੀਆਂ ਲੱਤਾਂ ਤੋਂ ਮਰੋੜਾਂ ਦਾ ਗੰਦ ਸਾਫ਼ ਕਰ ਰਹੇ ਹਨ। ਮਹਾਤਮਾ ਬੁੱਧ ਦੇ ਨਾਲ ਉਹਨਾਂ ਦੇ ਆਸ਼ਰਮ ਦੇ ਕੁਝ ਭਿਖ਼ਸ਼ੂ ਖੜ੍ਹੇ ਹਨ ਜਿਹੜੇ ਆਪਣੇ ਗੁਰੂ ਨੂੰ ਰੋਗੀ ਦੀ ਸੇਵਾ ਕਰਦੇ ਨੂੰ ਵੇਖ ਰਹੇ ਹਨ। ਭਿਖ਼ਸ਼ੂਆਂ ਵਿੱਚੋਂ ਮਹਾਤਮਾ ਬੁੱਧ ਦਾ ਸਭ ਤੋਂ ਵੱਡਾ ਚੇਲਾ ਆਨੰਦ ਹੈ ਜਿਸ ਨੂੰ ਉਹਨਾਂ ਨੇ ਰੋਗੀ ਦੀ ਸੇਵਾ ਕਰਨ ਵਿੱਚ ਆਪਣੇ ਨਾਲ ਲਾਇਆ ਤੇ ਉਹ ਉਸ ਲਈ ਪਾਣੀ ਗਰਮ ਕਰਕੇ ਲਿਆਇਆ ਹੈ।

(ਜੀਵਨ ਲਹਿਰ ਅਕਤੂਬਰ ੧੯੯੧ 'ਚੋਂ)



# ਮੋਗਾ ਤਹਿਸੀਲ ਦੀ ਇਕ ਪੇਂਡੂ ਲੜਕੀ ਦੀ ਬਹਾਦਰੀ

ਭਗਤ ਪੂਰਨ ਸਿੰਘ

ਸੰਨ ੧੯੩੦ ਦੇ ਲਾਗੇ ਲਾਹੌਰ ਸ਼ਹਿਰ ਦੇ ਅਖ਼ਬਾਰਾਂ ਵਿੱਚ ਇਹ ਖ਼ਬਰ ਨਿਕਲੀ ਕਿ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਮੋਗੇ ਦੇ ਇਕ ਪਿੰਡ ਵਿੱਚ ਇਕ ਜ਼ਿਮੀਂਦਾਰਾਂ ਦੇ ਘਰ ਵਿੱਚ ਡਾਕਾ ਪਿਆ ਤੇ ਉਸ ਘਰ ਦੀ ਕੁੜੀ ਨੇ ਇਕ ਡਾਕੂ ਨੂੰ ਫੜ ਲਿਆ । ਇਹ ਖ਼ਬਰ ਨਿਕਲੀ ਨੂੰ ਕਈ ਦਿਨ ਹੋ ਚੁੱਕੇ ਸਨ ਤੇ ਮੈਨੂੰ ਮੇਰਾ ਮਿੱਤਰ ਪਰੇਮ ਨਾਥ ਉਲਫਤ ਗੌਰਮਿੰਟ ਕਾਲਜ ਦੇ ਸਾਹਮਣੇ ਦੇ ਸਰਕਾਰੀ ਬਾਗ਼ ਵਿੱਚ ਮਿਲ ਗਿਆ। ਪ੍ਰੇਮ ਨਾਥ ਉਲਫਤ ਉਰਦੂ ਦਾ ਵਿਦਵਾਨ ਸੀ ਤੇ ਉਹ ਅਖ਼ਬਾਰਾਂ ਨੂੰ ਲੇਖ ਲਿਖ ਕੇ ਦਿੱਤਾ ਕਰਦਾ ਸੀ, ਜਿਹੜੇ ਅਖ਼ਬਾਰਾਂ ਵਿੱਚ ਛਪਦੇ ਰਿਹਾ ਕਰਦੇ ਸਨ। ਉਸ ਦਾ ਇਕ ਲੇਖ ਇਕ ਬੁੱਚੜਖ਼ਾਨੇ ਬਾਰੇ ਨਿਕਲਿਆ ਸੀ ਜੋ ਬੁੱਚੜਖ਼ਾਨਾ ਪੰਜਾਬ ਦੀ ਉਸ ਵੇਲੇ ਦੀ ਅੰਗਰੇਜ਼ੀ ਸਰਕਾਰ ਬਣਾਉਣ ਲੱਗੀ ਸੀ । ਉਸ ਬੁੱਚੜਖ਼ਾਨੇ ਵਿੱਚ ਮਸ਼ੀਨਾਂ ਨਾਲ ਡੰਗਰਾਂ ਨੇ ਕਤਲ ਹੋਣਾ ਸੀ। ਸੈਂਕੜੇ ਡੰਗਰ ਗਊਆਂ ਤੇ ਮੱਝਾਂ ਇਕੋ ਵਕਤ ਕਤਾਰ ਵਿੱਚ ਖੜ੍ਹੇ ਹੋ ਜਾਣੇ ਸਨ ਤੇ ਆਰੇ ਨੇ ਇਕੋ ਵਾਰ ਉਹਨਾਂ ਸਾਰਿਆਂ ਦੀਆਂ ਗਰਦਨਾਂ ਇਕੋ ਵਕਤ ਕਟਣੀਆਂ ਸਨ। ਇਹ ਬੁੱਚੜਖ਼ਾਨਾ ਬਹੁਤ ਵੱਡਾ ਬੁੱਚੜਖ਼ਾਨਾ ਬਣਨਾ ਸੀ ਤੇ ਉਸ ਨਾਲ ਪੰਜਾਬ ਵਿੱਚ ਦੁੱਧ ਦੇਣ ਵਾਲੇ ਡੰਗਰਾਂ—ਗਊਆਂ, ਮੱਝਾਂ ਦਾ ਕਾਲ ਪੈ ਜਾਣਾ ਸੀ। ਪ੍ਰੇਮ ਨਾਥ ਨੇ ਉਰਦੂ ਦੇ ਅਖ਼ਬਾਰ ਮਿਲਾਪ ਵਿੱਚ ਉਸ ਬੁੱਚੜਖ਼ਾਨੇ ਬਾਰੇ ਇਕ ਲੇਖ ਲਿਖਿਆ ਜਿਸਦਾ ਸਿਰਲੇਖ **"ਲਾਹੌਰ ਸ਼ਹਿਰ ਦੇ ਬੁੱਚੜਖ਼ਾਨੇ ਦੇ ਚਸਮਦੀਨ ਹਾਲਾਤ"** ਅਰਥਾਤ ਅੱਖੀਂ ਡਿੱਠੇ ਹਾਲਾਤ ਸੀ। ਉਸ ਲੇਖ ਦਾ ਅਜਿਹਾ ਅਸਰ ਜਨਤਾ 'ਤੇ ਹੋਇਆ ਕਿ ਪੰਜਾਬ ਵਿੱਚ ਥਾਂ ਥਾਂ ਤੇ ਹਿੰਦੂਆਂ ਤੇ ਸਿੱਖਾਂ ਦੇ ਜਲਸੇ ਹੋਣ ਲੱਗ ਪਏ, ਜਿਨ੍ਹਾਂ ਵਿੱਚ ਸਰਕਾਰ ਤੋਂ ਮੰਗ ਕੀਤੀ ਗਈ ਸੀ ਕਿ ਸਰਕਾਰ ਉਸ ਬੁੱਚੜਖ਼ਾਨੇ ਦੀ ਉਸਾਰੀ ਰੋਕ ਦੇਵੇ। ਪ੍ਰੇਮ ਨਾਥ ਨੇ ਲਿਖਿਆ ਸੀ ਕਿ ਸਰਕਾਰ ਨੇ ਜਿਹੜਾ ਨੋਟਿਸ (ਫੱਟਾ) ਉੱਸਰ ਰਹੇ ਬੁੱਚੜਖ਼ਾਨੇ ਬਾਰੇ ਬਾਹਰ ਲਾਇਆ ਹੈ ਉਸ ਉੱਪਰ **Abetoir** ਨਾਮ ਲਿਖਿਆ ਸੀ, **Slaughter House** ਨਹੀਂ, ਕਿਉਂਕਿ **Slaughter House** ਦੇ ਅਰਥ ਸੁਖਾਲੇ ਹਨ, ਜਿਨ੍ਹਾਂ ਦਾ ਬਹੁਤ ਲੋਕਾਂ ਨੂੰ ਪਤਾ ਹੈ ਪਰ **Abetoir** ਸ਼ਬਦ ਔਖਾ ਹੈ, ਜਿਸਦੇ ਅਰਥ

ਕਿਸੇ ਵਿਰਲੇ ਨੂੰ ਹੀ ਆਉਂਦੇ ਹਨ। ਪ੍ਰੇਮ ਨਾਥ ਗਾਂਧੀਵਾਦੀ ਸੀ ਤੇ ਉਹ ਸ਼ੁੱਧ ਖੱਦਰ ਦੇ ਕੱਪੜੇ ਪਹਿਨਦਾ ਸੀ। ਉਹ ਅਜਿਹੇ ਲੇਖ ਵੀ ਲਿਖਿਆ ਕਰਦਾ ਸੀ ਕਿ ਸਾਨੂੰ ਸੜਕ 'ਤੋਂ ਕੇਲੇ ਦਾ ਛਿਲਕਾ ਤੇ ਸ਼ੀਸ਼ੇ ਦਾ ਟੁਕੜਾ ਚੁੱਕਣਾ ਚਾਹੀਦਾ ਹੈ। ਉਸਨੂੰ ਰਾਹ ਵਿੱਚੋਂ ਸ਼ੀਸ਼ਾ, ਖੁਰੀ, ਕੇਲੇ ਦੇ ਛਿੱਲੜ ਤੇ ਰੋੜਾ ਚੁੱਕਦਾ ਦੇਖ ਕੇ ਅਤੇ ਉਸਦੇ ਲੇਖਾਂ ਨੂੰ ਪੜ੍ਹ ਕੇ ਹੀ ਮੇਰੇ ਮਨ ਵਿੱਚ ਰੋੜਾ, ਖੁਰੀ ਤੇ ਕੇਲੇ ਦਾ ਛਿਲਕਾ ਚੁੱਕਣ ਦਾ ਖ਼ਿਆਲ ਪੈਦਾ ਹੋਇਆ ਸੀ। ਲਾਹੌਰ ਸ਼ਹਿਰ ਵਿੱਚ ਮੈਂ ਸੰਨ ੧੯੨੩ ਤੋਂ ਸੰਨ ੧੯੪੭ ਤਕ ੨੫ ਕੁ ਸਾਲਾਂ ਦਾ ਸਮਾਂ ਰਿਹਾ ਸੀ। ਇਸ ਸਮੇਂ ਵਿੱਚ ਮੈਂ ਕੋਈ ਵੀ ਨੌਕਰੀ ਨਹੀਂ ਕੀਤੀ ਸੀ। ਦੇਸ਼ ਤੇ ਪ੍ਰਾਣੀ-ਮਾਤਰ ਦੀ ਸੇਵਾ ਲਈ ਮੈਂ ਮਿਥ ਕੇ ਇਕ ਭਗਤ ਦਾ ਜੀਵਨ ਬਿਤਾਇਆ ਸੀ। ਇਸ ਲਈ ਜਦੋਂ ਕਦੇ ਪ੍ਰੇਮਨਾਥ ਮੈਨੂੰ ਤੁਰੇ ਜਾਂਦੇ ਨੂੰ ਰਸਤੇ ਵਿੱਚ ਮਿਲ ਜਾਂਦਾ ਤਾਂ ਅਸੀਂ ਦੋਨੋਂ ਜਣੇ ਕਿਤੇ ਬੈਠ ਜਾਂਦੇ ਤੇ ਦੇਸ਼ ਬਾਰੇ ਵਿਚਾਰ-ਵਟਾਂਦਰਾ ਕਰਦੇ।

ਇਕ ਦਿਨ ਅਜਿਹਾ ਹੋਇਆ ਕਿ ਮੈਨੂੰ ਪ੍ਰੇਮ ਨਾਥ ਉਲਫਤ ਗੌਰਮਿੰਟ ਕਾਲਜ ਦੇ ਸਾਹਮਣੇ ਲਾਲਾ ਲਾਜਪਤ ਰਾਏ ਦੀ ਕੋਠੀ ਦੇ ਬਰਾਬਰ ਗੋਲ ਬਾਗ਼ ਵਿੱਚ ਮਿਲ ਪਿਆ। ਅਸੀਂ ਉੱਥੇ ਬੈਠ ਕੇ ਦੋਵੇਂ ਗੱਲਾਂ ਕਰਨ ਲੱਗ ਪਏ। ਗੱਲਾਂ ਕਰਦਿਆਂ ਮੈਨੂੰ ਪ੍ਰੇਮ ਨਾਥ ਨੇ ਕਿਹਾ ਕਿ ਮੋਗੇ ਦੀ ਜਿਸ ਕੁੜੀ ਦਾ ਡਾਕੂਆਂ ਨਾਲ ਮੁਕਾਬਲੇ ਦਾ ਚਰਚਾ ਅਖ਼ਬਾਰਾਂ ਵਿੱਚ ਹੁੰਦਾ ਰਿਹਾ ਹੈ ਉਹ ਕੁੜੀ ਲਾਹੌਰ ਸ਼ਹਿਰ ਵਿੱਚ ਪੁੱਜ ਕੇ ਮਿਉ-ਹਸਪਤਾਲ ਵਿੱਚ ਦਾਖ਼ਲ ਹੋਈ ਹੋਈ ਹੈ ਤਾਂ ਕਿ ਉਸਦੇ ਜ਼ਖ਼ਮਾਂ ਦਾ ਇਲਾਜ ਹੋ ਸਕੇ, ਜਿਹੜੇ ਉਸ ਨੂੰ ਡਾਕੂਆਂ ਨਾਲ ਮੁਕਾਬਲਾ ਕਰਦਿਆਂ ਲੱਗੇ ਸਨ। ਪ੍ਰੇਮ ਨਾਥ ਨੇ ਦੱਸਿਆ ਕਿ ਕੁੜੀ ਨੂੰ ਦੇਖਣ ਵਾਸਤੇ ਬਹੁਤ ਲੋਕੀਂ ਹਸਪਤਾਲ ਨੂੰ ਜਾਂਦੇ ਹਨ ਤੇ ਉਸ ਨੂੰ ਡਾਕੂਆਂ ਨਾਲ ਹੋਈ ਲੜਾਈ ਬਾਰੇ ਪੁੱਛਦੇ ਹਨ, ਜਿਸ ਕਰਕੇ ਕੁੜੀ ਦੁਖੀ ਹੈ। ਮੈਂ ਪ੍ਰੇਮ ਨਾਥ ਨੂੰ ਕਿਹਾ ਕਿ ਆਪਾਂ ਦੋਵੇਂ ਹਸਪਤਾਲ ਨੂੰ ਚੱਲੀਏ—ਤੇ ਮੈਂ ਇਸ ਤਰ੍ਹਾਂ ਕਰਾਂਗਾ ਕਿ ਬੀਬੀ ਦੀ ਡਾਕੂਆਂ ਨਾਲ ਹੋਈ ਲੜਾਈ ਦੀ ਕਹਾਣੀ ਉਸ ਪਾਸੋਂ ਪੁੱਛ ਕੇ ਉਹ ਕਹਾਣੀ ਪੰਜਾਬੀ, ਉਰਦੂ ਅਤੇ ਹਿੰਦੀ ਵਿੱਚ ਬੀਬੀ ਦੇ ਕਮਰੇ ਦੇ ਬਾਹਰ ਗੱਤਿਆਂ 'ਤੇ ਲਿਖ ਕੇ ਲਗਾ ਦਿਆਂਗਾ, ਤਾਂ ਕਿ ਲੋਕੀਂ ਕਹਾਣੀ ਗੱਤਿਆਂ ਤੋਂ ਪੜ੍ਹ ਲੈਣ ਅਤੇ ਬੀਬੀ ਨੂੰ ਤੰਗ ਨਾ ਕਰਨ। ਸੋ ਅਸੀਂ ਦੋਨੋਂ ਜਣੇ ਬਾਗ਼ 'ਚੋਂ ਉੱਠ ਕੇ ਮਿਓ-ਹਸਪਤਾਲ ਨੂੰ ਚੱਲ ਪਏ। ਹਸਪਤਾਲ ਉੱਥੋਂ ਡੇਢ ਮੀਲ ਦੀ ਵਿੱਥ 'ਤੇ ਸੀ। ਜਿਸ ਵੇਲੇ ਅਸੀਂ ਦੋਨੋਂ ਜਣੇ ਹਸਪਤਾਲ ਵਿੱਚ ਬੀਬੀ ਦੇ ਕਮਰੇ



ਵਿੱਚ ਗਏ ਤਾਂ ਮੈਂ ਦੇਖਿਆ ਕਿ ਇਕ ਬਾਰੀ ਵਿੱਚ ਇਕ ਸਿੱਖ ਨੌਜਵਾਨ, ਪਤਾ ਨਹੀਂ ਉਹ ਮੈਡੀਕਲ ਕਾਲਜ ਦਾ ਇਕ ਵਿਦਿਆਰਥੀ ਸੀ ਜਾਂ ਬੀਬੀ ਦਾ ਕੋਈ ਰਿਸ਼ਤੇਦਾਰ ਸੀ, ਉਸ ਬੀਬੀ ਨੂੰ ਅੰਗਰੇਜ਼ੀ ਵਿੱਚ ਇਕ ਚਿੱਠੀ ਪੜ੍ਹ ਕੇ ਸੁਣਾ ਰਿਹਾ ਸੀ। ਅਸੀਂ ਉਸ ਨੌਜਵਾਨ ਨੂੰ ਬੀਬੀ ਨੂੰ ਅੰਗਰੇਜ਼ੀ ਵਿੱਚ ਚਿੱਠੀ ਪੜ੍ਹ ਕੇ ਸੁਣਾਉਂਦਿਆਂ ਦੇਖਿਆ ਕਿ ਬੀਬੀ ਤਾਂ ਕੁਝ ਵੀ ਨਹੀਂ ਪੜ੍ਹੀ ਹੋਈ ਸੀ। ਬੀਬੀ ਦੀ ਚਿੱਠੀ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਲਿਖਿਆ ਵੇਖਿਆ ਤਾਂ ਮੈਂ ਸੋਚਿਆ ਕਿ ਇਹ ਚਿੱਠੀ ਬੀਬੀ ਨੂੰ ਉਸਦੇ ਕਿਸੇ ਰਿਸ਼ਤੇਦਾਰ ਪਾਸੋਂ ਨਹੀਂ ਆਈ ਹੋ ਸਕਦੀ, ਬਲਕਿ ਇੰਗਲੈਂਡ ਜਾਂ ਕਿਸੇ ਹੋਰ ਯੂਰਪੀਨ ਦੇਸ਼ ਤੋਂ ਬੀਬੀ ਦੀ ਉਸਤਤੀ ਵਿੱਚ ਆਈ ਹੋਵੇਗੀ। ਮੈਂ ਚਿੱਠੀ ਪੜ੍ਹ ਰਹੇ ਮੁੰਡੇ ਨੂੰ ਕਿਹਾ ਕਿ ਉਹ ਮੈਨੂੰ ਚਿੱਠੀ ਦਿਖਾਵੇ। ਉਸ ਨੇ ਮੈਨੂੰ ਉਹ ਚਿੱਠੀ ਦਿਖਾਈ। ਉਹ ਚਿੱਠੀ ਆਸਟ੍ਰੇਲੀਆ ਦੇਸ਼ ਤੋਂ ਆਈ ਸੀ ਤੇ ਕਿਸੇ ਕੁੜੀ ਨੇ ਬੀਬੀ ਦੀ ਪ੍ਰਸ਼ੰਸਾ ਵਿੱਚ ਲਿਖ ਕੇ ਭੇਜੀ ਸੀ। ਚਿੱਠੀ ਵਿੱਚ ਲੜਕੀ ਨੇ ਲਿਖਿਆ ਸੀ

**"Harnam let us be friends."**

ਅਰਥਾਤ—ਹਰਨਾਮ ਆਪਾਂ ਦੋਵੇਂ ਮਿੱਤਰ ਬਣ ਜਾਈਏ। ਉਸਨੇ ਲਿਖਿਆ ਕਿ ਮੈਂ ਤੇਰੀ ਬਹਾਦਰੀ ਦੀ ਕਹਾਣੀ ਪੜ੍ਹੀ ਹੈ। ਇਸ ਲਈ ਮੈਂ ਤੈਨੂੰ ਲਿਖਦੀ ਹਾਂ ਕਿ ਆਪਾਂ ਦੋਵੇਂ ਮਿੱਤਰ ਬਣ ਜਾਈਏ। ਲੜਕੀ ਨੇ ਇਹ ਵੀ ਲਿਖਿਆ ਸੀ ਕਿ ਦੱਸ ਤੂੰ ਪਤਲੀ ਹੈਂ ਜਾਂ ਪਲੀ ਹੋਈ ਭਰਵੇਂ ਸਰੀਰ ਵਾਲੀ ਹੈਂ, ਤੇਰਾ ਕੱਦ ਕਿੰਨਾ ਹੈ? ਆਪਣੇ ਬਾਰੇ ਉਸਨੇ ਲਿਖਿਆ, "ਮੈਂ ਤਾਂ ਪਲੇ ਹੋਏ ਭਰਵੇਂ ਸਰੀਰ ਵਾਲੀ ਹਾਂ। ਤੂੰ ਬਹਾਦਰੀ ਕੀਤੀ ਹੈ—ਮੈਂ ਇਸ ਬਹਾਦਰੀ ਦੀ ਪ੍ਰਸ਼ੰਸਾ ਕਰਦੀ ਹਾਂ।"

ਉਸ ਚਿੱਠੀ ਨੂੰ ਪੜ੍ਹਦੇ ਸਾਰ ਹੀ ਮੈਨੂੰ ਖ਼ਿਆਲ ਆ ਗਿਆ ਕਿ ਮੈਂ ਉਹ ਚਿੱਠੀ ਅਖ਼ਬਾਰਾਂ ਨੂੰ ਛਾਪਣ ਲਈ ਦਿਆਂ। ਸੋ ਮੈਂ ਬੜੇ ਚਾਓ ਨਾਲ ਤੁਰੰਤ ਹਸਪਤਾਲ ਤੋਂ ਨਿਸਬਤ ਰੋਡ ਤੇ ਐਸੋਸੀਏਟ ਪ੍ਰੈੱਸ ਦੇ ਦਫ਼ਤਰ ਨੂੰ ਚਲਾ ਗਿਆ। ਚਿੱਠੀ ਨੂੰ ਪੜ੍ਹ ਕੇ ਪਰੈਸ ਵਾਲੇ ਖੁਸ਼ੀ ਨਾਲ ਉਛਲਣ ਲੱਗ ਪਏ। ਚਿੱਠੀ ਦਾ ਮਜ਼ਮੂਨ ਅੰਗਰੇਜ਼ੀ ਦੇ **Tribune** ਟ੍ਰਿਬਿਊਨ ਅਖ਼ਬਾਰ ਵਿੱਚ ਪਹਿਲੇ ਪੰਨੇ 'ਤੇ ਛਪਿਆ :

**"Harnam let us be friends"**

ਉਰਦੂ ਅਖ਼ਬਾਰਾਂ ਵਿੱਚ ਇਹ ਖ਼ਬਰ ਨਿਕਲੀ ਨੂੰ ਕਈ ਦਿਨ ਹੋ

ਚੁੱਕੇ ਸਨ ਤੇ ਕੋਈ ਚਰਚਾ ਅਖ਼ਬਾਰਾਂ ਵਿੱਚ ਉਸ ਖ਼ਬਰ ਦੇ ਸੰਬੰਧ ਵਿੱਚ ਛਪਣੋਂ ਨਹੀਂ ਰਹਿ ਗਿਆ ਸੀ । ਪਰ ਆਸਟਰੇਲੀਆ ਦੀ ਕੁੜੀ ਦੀ ਚਿੱਠੀ ਦੇ ਅਖ਼ਬਾਰਾਂ ਵਿੱਚ ਛਪ ਜਾਣ ਨਾਲ ਉਹ ਖ਼ਬਰ ਸਾਰੇ ਪੰਜਾਬ ਵਿੱਚ ਫਿਰ ਖੜ੍ਹੀ ਹੋ ਗਈ ਤੇ ਕੁੜੀ ਦੀ ਬਹਾਦਰੀ ਦਾ ਫਿਰ ਥਾਂ-ਥਾਂ ਚਰਚਾ ਹੋਣ ਲੱਗ ਪਿਆ । ਪੰਜਾਬ ਦੇ ਸਭ ਤੋਂ ਵੱਡੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਦੇ ਪਹਿਲੇ ਪੰਨੇ 'ਤੇ ਖ਼ਬਰ ਦਾ ਛਪਣਾ ਕੋਈ ਮਾਮੂਲੀ ਗੱਲ ਨਹੀਂ ਸੀ । ਉਸ ਚਿੱਠੀ ਦੇ ਛਪ ਜਾਣ ਨਾਲ ਪੰਜਾਬ ਗੌਰਮਿੰਟ ਨੇ ਕੁੜੀ ਨੂੰ ਦੋ ਮੁਰੱਬੇ ਦਿੱਤੇ ਤੇ ਐਲਾਨ ਕੀਤਾ ਕਿ ਕੁੜੀ ਦੀ ਸ਼ਾਦੀ ਵੇਲੇ ੧੦,੦੦੦ ਰੁਪਿਆ ਘਰ ਵਾਲਿਆਂ ਨੂੰ ਮਿਲ ਸਕਦਾ ਹੈ। ਲੜਕੀ ਸਿੱਖ ਸੀ। ਇਸ ਲਈ ਸਿੱਖ-ਪੰਥ ਨੇ ਇਸ ਸਿੱਖ ਲੜਕੀ ਦੀ ਬਹਾਦਰੀ ਕਰਕੇ ਉਸਨੂੰ ਸਿਰ 'ਤੇ ਚੁੱਕ ਲਿਆ। ਪਤਾ ਨਹੀਂ ਲੜਕੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਬੁਲਾਇਆ ਗਿਆ ਕਿ ਨਹੀਂ, ਪਰ ਗੁਰਦਵਾਰਾ ਡੇਹਰਾ ਸਾਹਿਬ ਉਸ ਨੂੰ ਬੁਲਾ ਕੇ ਸਿਰੋਪਾ ਭੇਟ ਕੀਤਾ ਗਿਆ। ਜਦੋਂ ਕੁੜੀ ਡੇਹਰਾ ਸਾਹਿਬ ਆਈ ਉਸਦੇ ਨਾਲ ਉਸ ਦੇ ਇਕ ਜਾਂ ਦੋ ਭਰਾ ਸਨ । ਮੈਂ ਉਹਨਾਂ ਨੂੰ ਦੱਸਿਆ ਕਿ ਤੁਹਾਡੀ ਬਹਾਦਰੀ ਦਾ ਚਰਚਾ ਤਾਂ ਅਖ਼ਬਾਰਾਂ ਵਿੱਚ ਸਮਾਪਤ ਹੋ ਚੁੱਕਾ ਸੀ, ਪਰ ਆਸਟਰੇਲੀਆ ਦੀ ਕੁੜੀ ਦੀ ਚਿੱਠੀ ਮੇਰੇ ਹੱਥ ਆਈ ਤੇ ਮੈਂ ਉਸ ਦੇ ਅਖ਼ਬਾਰ ਵਿੱਚ ਛਾਪੇ ਜਾਣ ਲਈ ਉਹ ਚਿੱਠੀ ਖ਼ਬਰਾਂ ਦੀ ਏਜੰਸੀ ਨੂੰ ਅਖ਼ਬਾਰਾਂ ਵਿੱਚ ਛਪਵਾਉਣ ਵਾਲੇ ਦਫਤਰ ਨੂੰ ਦੇ ਦਿੱਤੀ ਸੀ । ਉਸ ਖ਼ਬਰ ਦੇ ਛਪ ਜਾਣ ਨਾਲ ਖ਼ਾਸ ਤੌਰ 'ਤੇ ਅੰਗਰੇਜ਼ੀ ਦੇ ਅਖ਼ਬਾਰ **Tribune** ਵਿੱਚ ਪਹਿਲੇ ਸਫੇ 'ਤੇ ਛਪ ਜਾਣ ਨਾਲ ਤੁਹਾਨੂੰ ਇਹ ਬਹਾਦਰੀ ਦੇ ਇਨਾਮ ਮਿਲ ਰਹੇ ਹਨ। ਕੁੜੀ ਹਰਨਾਮ ਕੌਰ ਸਤਾਰਾਂ ਅਠਾਰਾਂ ਸਾਲਾਂ ਦੀ ਨੌਜਵਾਨ ਲੜਕੀ ਸੀ; ਪਰ ਨਾ ਉਹ ਤੇ ਨਾ ਹੀ ਕੋਈ ਉਸਦਾ ਭਰਾ ਮੇਰੀ ਗੱਲ ਦੀ ਮਹੱਤਤਾ ਨੂੰ ਸਮਝ ਸਕੇ ।

(ਜੀਵਨ ਲਹਿਰ ਜਨਵਰੀ ੧੯੭੭ 'ਚੋਂ)



# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਦੀ ਤਰਫੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ-ਸੰਭਾਲ ਲਈ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਦੇ ਲਈ ਸਹੀ ਇਮਾਰਤ ਅਤੇ ਨਾ ਹੀ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਇਸ ਕਠਿਨ ਰਾਹ 'ਤੇ ਚੱਲ ਪਏ; ਲੇਕਿਨ ਲੋਕ ਮਿਲਦੇ ਗਏ ਅਤੇ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉੱਤਰਾਧਿਕਾਰੀ ਡਾਕਟਰ ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

**ਪਿੰਗਲਵਾੜਾ ਦੇ ਕਾਰਜਾਂ 'ਤੇ ਇੱਕ ਝਾਤ:-**

1. **ਨਿਵਾਸ ਅਤੇ ਸੰਭਾਲ** :-1803 ਤੋਂ ਵਧੇਰੇ ਨਿਵਾਸੀਆਂ ਦੇ ਰਹਿਣ ਲਈ ਪ੍ਰਬੰਧ ਅਤੇ ਬਜ਼ੁਰਗਾਂ ਦੇ ਰਹਿਣ ਲਈ 'ਆਪਣਾ ਘਰ'। ਪਿੰਗਲਵਾੜਾ ਸੰਸਥਾ ਦੀਆਂ ਅਲੱਗ-ਅਲੱਗ ਬ੍ਰਾਂਚਾਂ ਵਿੱਚ ਬਿਮਾਰੀ ਗ੍ਰਸਤ ਰੋਗੀਆਂ ਦੇ ਰਹਿਣ ਦਾ ਬਹੁਤ ਚੰਗਾ ਪ੍ਰਬੰਧ ਹੈ:-

31 ਅਗਸਤ 2018 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ:-

| | | | |
|---|---|---|---|
| ਮਾਨਸਿਕ ਰੋਗੀ | 376 | ਏਡਜ਼ ਵਾਲੇ | 21 |
| ਅਧਰੰਗ/ ਪੋਲੀਏ ਵਾਲੇ | 148 | ਮਿਰਗੀ ਵਾਲੇ | 201 |
| ਮੰਦ-ਬੁੱਧੀ ਵਾਲੇ | 441 | ਕੈਂਸਰ ਵਾਲੇ | 01 |
| ਗੂੰਗੇ ਬਹਿਰੇ | 173 | ਸ਼ੂਗਰ ਵਾਲੇ | 87 |
| ਬਜ਼ੁਰਗ | 143 | ਸਕੂਲੀ ਬੱਚੇ | 90 |
| ਜ਼ਖ਼ਮਾਂ ਵਾਲੇ | 29 | ਲਾਵਾਰਸ ਬੱਚੇ | 03 |
| ਟੀ.ਬੀ. ਵਾਲੇ | 17 | ਠੀਕ ਹੋ ਚੁੱਕੇ ਰੋਗੀ | 32 |
| ਨੇਤਰਹੀਣ | 41 | | **ਕੁੱਲ ਰੋਗੀ 1803** |

| ਸ਼ਾਖਾਵਾਂ | ਰੋਗੀ/ਨਿਵਾਸੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 337 |
| 2. ਮਾਨਾਂਵਾਲਾ ਕੰਪਲੈਕਸ | 886 |
| 3. ਪੰਡੋਰੀ ਵੜੈਚ ਸ਼ਾਖਾ | 111 |
| 4. ਗੋਇੰਦਵਾਲ ਸ਼ਾਖਾ | 98 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 212 |
| 7. ਪਲਸੋਰਾ ਸ਼ਾਖਾ (ਚੰਡੀਗੜ੍ਹ) | 118 |
| | **ਕੁੱਲ ਰੋਗੀ 1803*** |

2. **ਇਲਾਜ ਅਤੇ ਸਹੂਲਤਾਂ** :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**: ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬੋਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ੲ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬੋਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ 5 ਅਗਸਤ ਨੂੰ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ

* ਰੋਗੀਆਂ ਦੀ ਗਿਣਤੀ ਹਰ ਸਾਲ ਵਧਦੀ ਜਾ ਰਹੀ ਹੈ, ਪਰੰਤੂ ਠੀਕ ਹੋ ਕੇ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਵਾਪਸ ਭੇਜ ਦਿੱਤੇ ਗਏ ਹਨ/ਜਾਂਦੇ ਹਨ ।



ਸਿੰਘ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਰਾਹੀਂ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 11618 ਬਣਾਵਟੀ ਅੰਗ ਲਗਾਏ ਗਏ ਹਨ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਬਧ ਰਹਿੰਦੀ ਹੈ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲਿਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ Bera Test ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ ਅਤੇ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੁੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲਿਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਦੇ ਲਈ ਦੰਦਾਂ ਦਾ ਕਲਿਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਿਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਿਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਿਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Centre) :-** ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory centre ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ

ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੀ Rehabilitation ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**2. ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ** :-

(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇੱਥੇ ਗ਼ਰੀਬ ਅਤੇ ਝੁੱਗੀ-ਝੌਂਪੜੀ ਵਾਲੇ 723 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਦੁਆਰਾ ਪਾਲੇ-ਪੋਸੇ ਜਾ ਰਹੇ ਹਨ।

(ਅ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 156 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ ।

ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 18 ਬੱਚੇ ਸਿੱਖਿਆ ਲੈ ਰਹੇ ਹਨ ।



(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਪਿੰਗਲਵਾੜਾ ਦੇ 205 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ :**

ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ ਛਾਇਆ ਹੇਠ 452 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਕ) ਦਸਤਕਾਰੀ ਸਿੱਖਿਆ ਕੇਂਦਰ** :-

ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ਖ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ) ।**

ਇੱਥੇ 37 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਗ) ਕੰਪਿਊਟਰ ਸਿੱਖਿਆ** :-

ਸੂਚਨਾ ਅਤੇ ਟੈਕਨੌਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਘ) ਹੋਸਟਲ ਦਾ ਪ੍ਰਬੰਧ :-**

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਦੇ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**3. ਵਾਤਾਵਰਣ ਜਾਗਰੂਕਤਾ :-**

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਦੇ ਲਈ ਬਹੁਤ ਚਿੰਤਿਤ ਰਹਿੰਦੇ ਸਨ; ਇਸ ਲਈ ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ Soil Erosion (ਮਿੱਟੀ ਖੁਰਨ) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਦਰਖਤ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਦਰਖਤ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਸਥਾਨਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਲਗਭਗ ਹਰ ਸਾਲ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) Water Harvesting (ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ।

(ਕ) ਸੋਲਰ ਪਾਵਰ ਊਰਜਾ



**4. ਪੂਰਨ ਪ੍ਰਿੰਟਿੰਗ ਪ੍ਰੈੱਸ :-**

ਇਸ ਛਾਪੇਖ਼ਾਨੇ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਕਈ ਸਾਲਾਂ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ 'ਪੂਰਨ ਪ੍ਰਿੰਟਿੰਗ ਪ੍ਰੈੱਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚਲਦੇ ਇਸ ਪ੍ਰੈਸ ਦੀ ਬੜੀ ਵੱਡੀ ਦੇਣ ਹੈ।

**5. ਸਮਾਜ ਕਲਿਆਣ ਸੰਬੰਧੀ ਕਾਰਜ:-**

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ, ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫਟਣ ਨਾਲ ਲੇਹ-ਲੱਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਦਾਹ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸੰਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚੱਲ ਰਿਹਾ ਹੈ। ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ

ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਮੁੱਖ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) ਏਹੁ ਜਨਮ ਤੁਮ੍ਾਰੇ ਲੇਖੇ (ਫ਼ਿਲਮ)*

(iii) Pingalwara-Home for Homeless

(iv) Pingalwara-A selfless Home (Documentry by Gurmeet Sodhi—a famous American Media personality)

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

* ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ **"ਏਹੁ ਜਨਮ ਤੁਮ੍ਾਰੇ ਲੇਖੇ"** ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(ix) ਗੁਰਬਾਣੀ ਕੀਰਤਨ ਪਿੰਗਲਵਾੜਾ ਦੇ ਬੱਚਿਆਂ ਦੁਆਰਾ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(x) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ 'ਭਗਤ ਪੂਰਨ ਸਿੰਘ



ਸਮਾਰਕ' ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xi) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 180 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।
2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।
3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regional Department) ਰਜਿਸਟਰਾਰ ਨੰ. 115210002 ਹੈ।
4. ਪਿੰਗਲਵਾੜਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੱਧ ਹੈ ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫ਼ਤਿਹ ॥**

# ਜੀਵਨ ਸੇਧ

* ਆਪਣੀਆਂ ਧਾਰਮਿਕ ਸੰਸਥਾਵਾਂ ਨੂੰ ਨਾ ਭੁੱਲੋ; ਇਹ ਤੁਹਾਡੇ ਲਈ ਪ੍ਰੇਰਨਾ, ਖੁਸ਼ੀ ਅਤੇ ਮੁਕਤੀ ਦਾ ਸਾਧਨ ਹਨ ।
* ਮੇਰੀ ਮਾਤਾ ਮੈਨੂੰ ਸਦਾ ਇਹੋ ਅਸੀਸ ਦਿੰਦੀ ਹੁੰਦੀ ਸੀ ਕਿ ਮੈਨੂੰ ਰੱਬ ਦਾ ਨਾਮ ਕਿਸੇ ਪਲ ਵੀ ਨਾ ਭੁੱਲੇ ਤੇ ਸ੍ਵਾਸ-ਸ੍ਵਾਸ ਵਾਹਿਗੁਰੂ ਦੇ ਨਾਮ ਦਾ ਜਾਪ ਮੇਰੇ ਹਿਰਦੇ ਵਿੱਚ ਹਰ ਵੇਲੇ ਹੁੰਦਾ ਰਹੇ ।
* ਨਾਮ ਸਿਮਰਨ ਨਾਲ ਗੁਰ-ਸਿੱਖ ਭਾਰਾ ਗਉਰਾ ਹੋ ਕੇ ਆਪਣਾ ਜੀਵਨ ਤੋਰਦਾ ਹੈ; ਉਸ ਵਿੱਚੋਂ ਸੁੱਤੇ ਹੀ ਸੱਚ, ਪਿਆਰ, ਸੇਵਾ, ਅਨੰਦ ਆਦਿਕ ਗੁਣ ਨਿਕਲਦੇ ਹਨ ।
* ਮੁਸੀਬਤਾਂ ਝੱਲਦਿਆਂ ਹੋਇਆਂ ਵੀ ਮੈਂ ਕਈ ਵਰ੍ਹਿਆਂ ਤਕ ਸਾਰੇ ਕੰਮ ਕਰਦਾ ਰਿਹਾ, ਕਿਉਂਕਿ ਇਸ ਨਾਲ ਮੇਰੀ ਰੂਹ ਨੂੰ ਖੁਸ਼ੀ ਮਿਲਦੀ ਸੀ ।
* ਜਦੋਂ ਪਿਆਰਾ ਬਹੁਤ ਛੋਟਾ ਹੁੰਦਾ ਰੋਂਦਾ ਸੀ ਤਾਂ ਮੇਰੇ ਅੰਦਰ ਦੀ ਮਮਤਾ ਉਸਦੇ ਦਰਦ ਅਤੇ ਲੋੜ ਨੂੰ ਝੱਟ ਸਮਝ ਜਾਂਦੀ ਸੀ ।
* ਮੇਰੇ ਕੋਲ ਪੈਸਾ ਨਾ ਹੋਣ ਕਾਰਨ ਮੈਨੂੰ ਤੁਰਨਾ ਪੈਂਦਾ ਸੀ । ਪਰ ਤੁਰਦਿਆਂ ਹੋਇਆਂ ਮੈਂ ਆਪਣੇ ਆਪ ਨੂੰ ਇਹ ਯਕੀਨ ਦਿਵਾਉਂਦਾ ਸੀ ਕਿ ਕਿਤੇ ਜਾਣੇ ਅਣਜਾਣੇ ਮੇਰਾ ਪੈਰ ਕਿਸੇ ਕੀੜੀ ਜਾਂ ਹੋਰ ਸੂਖਮ ਜੀਵ ਉੱਪਰ ਨਾ ਆ ਜਾਵੇ ।
* ਕੁਝ ਬੱਚੇ ਜੋ ਬਹੁਤ ਪ੍ਰਤਿਭਾਸ਼ਾਲੀ ਹੁੰਦੇ ਹਨ, ਬਹੁਤ ਗ਼ਰੀਬ ਘਰਾਂ ਵਿੱਚ ਪੈਦਾ ਹੁੰਦੇ ਹਨ । ਸਾਨੂੰ ਉਨ੍ਹਾਂ ਦੀ ਵਿੱਦਿਆ (ਸਿੱਖਿਆ) ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ।
* ਕੇਸਾਂ ਅਤੇ ਦਾੜ੍ਹੀ ਦੁਆਰਾ ਬੰਦੇ ਦਾ ਸਰੂਪ ਪੂਰਨ ਹੁੰਦਾ ਹੈ, ਸੁੰਦਰਤਾ ਮਿਲਦੀ ਹੈ ਤੇ ਸਿਰ ਉੱਤੇ ਰੱਬ ਦੀ ਸੱਤਾ ਦੀ ਇਕ ਰੂਹਾਨੀ ਛਤਰੀ ਤਣੀ ਹੋਈ ਮਹਿਸੂਸ ਹੁੰਦੀ ਹੈ । ਉਸਨੂੰ ਹਰ ਕੋਮਲ ਭਾਵਾਂ ਵਾਲਾ ਮਹਿਸੂਸ ਕਰ ਸਕਦਾ ਹੈ ।
* ਅਰਾਮ ਦੀ ਤਲਾਸ਼ ਨਾ ਕਰੋ, ਕੰਮਾਂ ਦੀ ਤਲਾਸ਼ ਕਰੋ—ਤੇ ਕੰਮ ਵੀ ਔਖਿਆਂ ਦੀ, ਜਿਨ੍ਹਾਂ ਨੂੰ ਕਰਨ ਲਈ ਸ਼ਕਤੀ ਦੀ ਲੋੜ ਹੋਵੇ ਤੇ ਜਿਨ੍ਹਾਂ ਨੂੰ ਕਰਨ ਤੋਂ ਸ਼ਕਤੀ ਪੈਦਾ ਹੁੰਦੀ ਹੋਵੇ ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **(IN UK)**<br>**S. GURBAKHSH SINGH**<br>**63 Peacock street, Gravesend, Kent, (U.K.)**<br>**DA12 IEG, Ph. 1474568574** | **(IN CANADA)**<br>**BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI,**<br>**Canada**<br>**Ph: 905-450-9664, 416-674-3341**<br>**Email-abnash6@yahoo.com** | **(IN USA)**<br>**JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |



**ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ**

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ